38ਵਾਂ ਵਰ੍ਹਾ


ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ


TARKSHEEL

ਮਾਰਚ - ਅਪ੍ਰੈਲ 2023

ਅੰਤਰ ਝਾਤ :







ਅਦਿੱਖ ਨੂੰ ਦੇਖਣ ਦੀ ਕਲਾ (10)

ਮਹਾਨ ਔਰਤਾਂ- ਜੋ ਲੜ੍ਹੀਆਂ ਸਿੱਖਿਆ ਅਤੇ ਸਮਾਜ ਬਦਲਣ ਲਈ (39)



ਦੇਸ਼ ਭਗਤ ਸੂਫੀ ਅੰਬਾ ਪ੍ਰਸ਼ਾਦ (21)



ਕੀ ਤਵੱਕੋ ਕਰਦੇ ਨੇ ਸਾਡੇ ਬੱਚੇ (15)



30/-

ਆਸਾ ਰਾਮ 'ਬਾਪੂ' ਨੂੰ ਉਮਰ ਕੈਦ (6)



ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਲਾਜ਼ਮੀ ਗੁਣ ਹੋਣੇ ਚਾਹੀਦੇ ਹਨ : ਸ਼ਹੀਦ ਭਗਤ ਸਿੰਘ

ਖ਼ਤ: ਭਗਤ ਸਿੰਘ ਦੇ ਨਾਂ

ਭਗਤ ਸਿੰਘ ਦੇ ਵੱਲ ਨੂੰ,
ਅੱਜ ਖ਼ਤ ਲਿਖਿਆ ਮਜ਼ਦੂਰ,
ਤੇਰੇ ਸੁਪਨੇ ਮੂਲ ਹਕੀਕਤੋਂ,
ਅਜੇ ਲੱਖਾਂ ਕੋਹਾਂ ਦੂਰ।

ਤੇਰੀ ਸਾਂਝੀ ਧਰਤੀ ਵੰਡ ਕੇ,
ਦਿੱਤਾ ਕਰ ਦੋ ਫਾੜ।
ਭੜਕੀ ਫਿਰਕੂ ਅੱਗ ਨੇ,
ਕਈ ਟੱਬਰ ਦਿੱਤੇ ਸਾੜ।
ਰਲ ਹਾਕਮ ਗੋਰੇ-ਕਾਲਿਆਂ,
ਕਾਰੇ ਕਰੇ ਕਰੂਰ।
ਤੇਰੇ ਸੁਪਨੇ .....

ਹੋਈ ਨਾਬਰ ਨਾਬਰਾਬਰੀ,
ਜ਼ਬਰ ਦਾ ਚਲਦਾ ਜ਼ੋਰ।
ਲੋਕੀਂ ਸੌਂ ਗਏ ਵਿੱਚ ਯਕੀਨ ਦੇ,
ਚੌਂਕੀਦਾਰ ਹੋ ਗਏ ਚੋਰ।
ਹੋਏ ਲਿੱਸੇ ਲੋਕ ਕਮਾਂਵਦੇ,
ਵਿਹਲੜ ਚਿਹਰੇ ਨੂਰ।
ਤੇਰੇ ਸੁਪਨੇ ......

ਗੱਚ ਭਰਿਆ ਬੋਲ ਨਾ ਹੋਂਵਦਾ,
ਤਾਹੀਉਂ ਕਾਗਜ਼ ਲਿਖਿਆ ਦੁੱਖ।
ਸਾਡੀ ਸੱਚੀ ਸੁੱਚੀ ਕਿਰਤ ਨੂੰ,
ਪੂੰਜੀਪਤੀ ਰਹੇ ਨੇ ਲੁੱਟ ।
ਦਿੰਦੇ ਗਾਲਾਂ ਜ਼ਾਤ ਕੁਜਾਤੀਆਂ,
ਥੱਬੀ ਨੀਰੇ ਬਦਲੇ ਘੂਰ।
ਤੇਰੇ ਸੁਪਨੇ .....

ਅੱਜ ਦੂਨ-ਸਵਾਈ ਹੋ ਗਿਆ,
ਜਾਤ-ਪਾਤ ਦਾ ਕੋਹੜ।
ਇਹਦੀ ਔਖੀ ਹੈ ਜੜ ਪੁੱਟਣੀ,
ਏਹ ਕੰਧੀ ਉੱਗੇ ਬੋਹੜ।
ਹੋਈ ਭੈੜੀ ਜੂਨ ਦਲਿਤ ਦੀ,
ਦਿਨ-ਰਾਤ ਰਿਹਾ ਹੈ ਝੂਰ।
ਤੇਰੇ ਸੁਪਨੇ ......

ਲਾ ਨਾਅਰਾ ਇਨਕਲਾਬ ਦਾ,
ਬੰਨ੍ਹ ਲੈਣ ਬਸੰਤੀ ਪੱਗ।
ਲੈ ਜਾਂਦੇ ਵੋਟਾਂ ਠੱਗ ਕੇ,
ਬਣਕੇ ਸੱਜਣ ਠੱਗ।
ਉਹ ਬਦਲੇ ਜ਼ਰਾ ਨਿਜ਼ਾਮ ਨਾ,
ਨਾ ਹੀ ਬਦਲੇ ਨੇ ਦਸਤੂਰ।
ਤੇਰੇ ਸੁਪਨੇ .....

ਲੋਚਾਂ ਮਿੱਟੀ ਆਪਣੀ,
ਸਾਡੀ ਫਸਲਾਂ ਰੱਖਣ ਲਾਜ।
ਛੁੱਟੇ ਖਹਿੜਾ ਗਰਜ਼, ਵਗਾਰ ਤੋਂ,
ਹੋਵੇ ਹਿੱਸਾ ਵਿੱਚ ਸਮਾਜ।
ਮੈਂ ਸੋਚਾਂ ਮੁੰਝਰਾ ਝਾੜ ਦੀ,
ਮੇਰੀ ਸੋਚ ਨੂੰ ਪੈਜੇ ਬੂਰ।
ਤੇਰੇ ਸੁਪਨੇ ...

ਕਿਰਤੀ ਕੁੱਲ ਜਹਾਨ ਦੇ,
ਤੇਰੀ ਸੋਚ ਦੇ ਪਹਿਰੇਦਾਰ।
ਸਾਡੇ ਸਾਹਵੇਂ ਹੈ ਯੁੱਧ ਦਹਿਕਦਾ,
ਅਸੀਂ ਲੜਾਂਗੇ ਬੰਨ੍ਹ ਕਤਾਰ।
ਭਾਵੇਂ ਤੰਗੀਆਂ ਦੇ ਨਾਲ ਜੂਝਦੇ,
ਹੋਈਏ ਕਿੰਨੇ ਵੀ ਮਜ਼ਬੂਰ।
ਤੇਰੇ ਸੁਪਨੇ ਮੂਲ ਹਕੀਕਤੋਂ,
ਅਜੇ ਲੱਖਾਂ ਕੋਹਾਂ ਦੂਰ।



ਸ਼ਿਵਰਾਜ 'ਖੁੰਡੇ ਹਲਾਲ'
98151 38062

ਸਿਰਫ ਆਪਣੇ ਲਈ ਕੰਮ ਕਰਨ ਵਾਲਾ ਮਨੁੱਖ ਪ੍ਰਸਿੱਧ ਵਿਗਿਆਨੀ, ਮਹਾਨ ਵਿਚਾਰਕ ਜਾਂ ਉੱਤਮ ਕਵੀ ਤਾਂ ਬਣ ਸਕਦਾ ਹੈ ਪਰ ਉਹ ਸੰਪੂਰਨ ਤੇ ਮਹਾਨ ਮਨੁੱਖ ਨਹੀਂ ਬਣ ਸਕਦਾ। ਕਾਰਲ ਮਾਰਕਸ

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਮੋਬਾ. 98769 53561
ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨਭਰ ਮੈਂਬਰਸ਼ਿਪ : 1500 ਰੁ.
ਵਿਦੇਸ਼ ਸਲਾਨਾ : 40 ਯੂ.ਐਸ. ਡਾਲਰ
ਵਿਦੇਸ਼ ਜੀਵਨਭਰ ਮੈਂਬਰਸ਼ਿਪ: 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਹੇਮ ਰਾਜ ਸਟੈਨੋ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਰਤੀਬ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਪਿਛਲੇ ਦਿਨੀਂ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਵਿੱਚ ਅੱਗ ਨਾਲ ਸੜੀ ਹੋਈ ਇੱਕ ਬੋਲੈਰੋ ਜੀਪ ਵਿੱਚੋਂ ਦੋ ਮੁਸਲਮਾਨ ਨੌਜਵਾਨਾਂ ਦੇ ਝੁਲਸੇ ਹੋਏ ਸਰੀਰ ਮਿਲੇ ਸਨ। ਗਊ ਰੱਖਿਆ ਦੇ ਨਾਮ 'ਤੇ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਵਿੱਚੋਂ ਅਗਵਾ ਕੀਤੇ ਇਹਨਾਂ ਨੌਜਵਾਨਾਂ ਨੂੰ ਸਾੜਣ ਦੀ ਘਟਨਾ ਮਨੁੱਖੀ ਸੰਵੇਦਨਾ ਨੂੰ ਝੰਜੋੜਦੀ ਹੈ। ਮ੍ਰਿਤਕਾਂ ਦੇ ਪਰਿਵਾਰਾਂ ਦਾ ਦੋਸ਼ ਹੈ ਕਿ ਬਜਰੰਗ ਦਲ ਦੇ ਕਾਰਕੁੰਨਾਂ ਅਤੇ ਪੁਲਿਸ ਕਰਮਚਾਰੀਆਂ ਨੇ ਇਹਨਾਂ ਨੌਜਵਾਨਾਂ ਨੂੰ ਪਹਿਲਾਂ ਅਗਵਾ ਕੀਤਾ, ਫਿਰ ਕੋਹ-ਕੋਹ ਕੇ ਕੁੱਟਿਆ, ਮਾਰਿਆ ਅਤੇ ਅੰਤ ਉਹਨਾਂ ਦੇ ਮ੍ਰਿਤਕ ਸਰੀਰ ਜਲਾ ਦਿੱਤੇ। ਇਹ ਤਾਂ ਧਰਮ ਦੇ ਨਾਮ 'ਤੇ ਇਕੱਲੇ-ਇਕਹਿਰੇ ਕਤਲ ਹਨ, ਪਹਿਲਾਂ ਵੀ ਮੁਲਕ ਵਿੱਚ ਕਿੰਨੇ ਹੀ ਸੰਗਠਿਤ ਧਰਮ ਅਧਾਰਿਤ ਦੰਗਿਆਂ ਵਿੱਚ ਫਿਰਕਾਪ੍ਰਸਤ ਤਾਕਤਾਂ ਅਤੇ ਪੁਲਿਸ ਦੀ ਮਿਲੀਭੁਗਤ ਜੱਗ ਜ਼ਾਹਰ ਹੋ ਚੁੱਕੀ ਹੈ। ਸਵਾਲ ਹੈ ਕਿ ਅਜਿਹੀ ਹਾਲਤ ਵਿੱਚ ਲੋਕ ਆਪਣੀ ਸੁਰੱਖਿਆ ਦੀ ਟੇਕ ਕਿਸ 'ਤੇ ਰੱਖਣ ? ਸੱਤਾ ਦੀ ਸਰਪ੍ਰਸਤੀ ਪ੍ਰਾਪਤ ਫਿਰਕੂ ਟੋਲੇ ਮੁਲਕ ਵਿਚ ਸ਼ਰੇਆਮ ਦਨਦਨਾ ਰਹੇ ਹਨ। ਦੇਸ਼ ਦੇ ਦੋ ਵੱਡੇ ਫ਼ਿਰਕਿਆਂ, ਹਿੰਦੂਆਂ ਅਤੇ ਮੁਸਲਮਾਨਾਂ ਵਿਚ ਫ਼ਿਰਕੂ ਜ਼ਹਿਰ ਘੋਲ੍ਹਣ ਅਤੇ ਮੁਸਲਮਾਨਾਂ ਨੂੰ ਲੋਕਾਂ ਦੇ ਸਭ ਤੋਂ ਵੱਡੇ ਦੁਸ਼ਮਣ ਦੇ ਰੂਪ ਵਿੱਚ ਪੇਸ਼ ਕਰਨ ਲਈ ਹਰ ਟਿੱਲ ਲਾਇਆ ਜਾ ਰਿਹਾ। ਹਰ ਧਰਮ ਅੰਦਰ ਚੰਗੇ ਮਾੜੇ ਲੋਕ ਹੋ ਸਕਦੇ ਹਨ। ਗਊ ਰੱਖਿਆ ਦੇ ਨਾਮ 'ਤੇ ਕੀ ਕਾਨੂੰਨ ਨੂੰ ਹੱਥ ਵਿੱਚ ਲੈਣ ਦੀ ਆਗਿਆ ਦਿੱਤੀ ਜਾ ਸਕਦੀ ਹੈ ? ਗੱਲ ਕਿਤੇ ਇਸ ਤੋਂ ਵੀ ਕਿਤੇ ਵਧਵੀਂ ਵਾਪਰ ਰਹੀ ਹੈ ਕਿ ਜਿਹਨਾਂ ਨੇ ਕਾਨੂੰਨ ਅਨੁਸਾਰ ਕਾਰਵਾਈ ਕਰਨੀ ਹੈ, ਉਹ ਕਾਤਲਾਂ ਨਾਲ ਮਿਲੀਭੁਗਤ ਵਿੱਚ ਹਨ। ਜੇ ਇਹ ਕੋਹ-ਕੋਹ ਕੇ ਮਾਰੇ, ਸਾੜੇ ਨੌਜਵਾਨ ਪਸ਼ੂਆਂ ਦੀ ਸਮੱਗਲਿੰਗ ਵਿੱਚ ਸ਼ਾਮਲ ਸਨ, ਤਾਂ ਉਹਨਾਂ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲਣ ਦੀ ਗੱਲ ਤਾਂ ਪਚਦੀ ਹੈ, ਪਰ ਇਹ 'ਤੁਰੰਤ ਨਿਆਂ' ਦੇਸ਼ ਦੀ ਸੱਤਾ, ਕਾਨੂੰਨ ਪ੍ਰਬੰਧ, ਅਦਾਲਤਾਂ, ਪੁਲਿਸ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਫਿਰਕੂ ਹਨੇਰੀ ਨੂੰ ਸੱਤਾ ਦੇ ਜ਼ੋਰ ਹੋਰ ਤੇਜ਼ ਕੀਤਾ ਜਾ ਰਿਹਾ। ਸੰਸਦ ਮੈਂਬਰ ਪ੍ਰੱਗਿਆ ਸਿੰਘ ਠਾਕੁਰ ਦਾ ਬਿਆਨ ਹੈ "ਆਪਣੇ ਘਰਾਂ 'ਚ ਹਥਿਆਰ ਰੱਖੋ। ਹੋਰ ਕੁੱਝ ਨਹੀਂ ਤਾਂ ਘੱਟੋ ਘੱਟ ਚਾਕੂ ਤਿੱਖੇ ਕਰ ਕੇ ਰੱਖੋ। ਪਤਾ ਨਹੀਂ ਕਦੋਂ ਕਿਸ ਤਰ੍ਹਾਂ ਦੇ ਹਾਲਾਤ ਬਣ ਜਾਣ।" ਦੇਸ਼ ਦੀ ਨੌਜਵਾਨੀ, ਜੋ ਅੱਜ ਵੱਡੇ ਪੱਧਰ 'ਤੇ ਉੱਚ ਸਿੱਖਿਆ ਕਾਰਪੋਰੇਟਾਂ ਦੇ ਹਵਾਲੇ ਕਰਕੇ, ਜਨਤਕ ਖੇਤਰ ਵਿੱਚੋਂ ਰੁਜ਼ਗਾਰ ਖ਼ਤਮ ਕਰਕੇ ਉਦੇਸ਼ਹੀਣ ਕੀਤੀ ਜਾ ਰਹੀ ਹੈ, ਉਸ ਨੌਜਵਾਨੀ ਨੂੰ ਹਾਕਮਾਂ ਵੱਲੋਂ ਇਸ ਫਿਰਕੂ ਲੀਹ 'ਤੇ ਪਾਇਆ ਜਾਣਾ ਦੇਸ਼ ਲਈ ਬਹੁਤ ਖ਼ਤਰਨਾਕ ਸਿੱਧ ਹੋਵੇਗਾ। ਲੋਕ ਪੱਖੀ ਤਾਕਤਾਂ ਦੀ ਇਹ ਇਤਿਹਾਸਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨੌਜਵਾਨਾਂ ਨੂੰ ਠੀਕ/ਗ਼ਲਤ ਰਸਤੇ ਦਾ ਅਹਿਸਾਸ ਕਰਾਉਂਦਿਆਂ ਸਮਾਜ ਪੱਖੀ ਉੱਚ ਕਦਰਾਂ ਕੀਮਤਾਂ ਵਾਲਾ ਸਮਾਜ ਸਿਰਜਣ ਦੇ ਰਾਹ ਤੋਰਨ। ਸ਼ਹੀਦ ਭਗਤ ਸਿੰਘ ਨੇ ਕਿਹਾ ਸੀ : ਨੌਜਵਾਨੋ ! ਉੱਠੋ ! ਤੁਹਾਨੂੰ ਸੁੱਤਿਆਂ ਯੁੱਗ ਬੀਤ ਗਏ ਹਨ। ਧਰਮਾਂ, ਮਜ਼ਬਾਂ, ਜਾਤਾਂ, ਅੰਧ-ਰਾਸ਼ਟਰਵਾਦ ਆਦਿ ਦੇ ਨਸ਼ਿਆਂ ਨਾਲ ਅਚੇਤਨਤਾ ਦੀ ਡੂੰਘੀ ਨੀਂਦ ਵੱਲ ਧੱਕੀ ਜਾ ਰਹੀ ਨੌਜਵਾਨੀ ਨੂੰ ਜਗਾਉਣ ਲਈ ਆਓ ਹਰ ਪਲ, ਹਰ ਦਿਨ ਨੌਜਵਾਨੀ ਨਾਲ ਸੰਵਾਦ ਦੇ ਲੇਖੇ ਲਾਈਏ....।

ਔਰਤ ਦਿਵਸ

ਧਰਮ, ਸਮਾਜ ਅਤੇ ਔਰਤ

ਕੰਵਲਜੀਤ ਕੌਰ

ਇੱਕ ਥਾਂ ਰਹਿੰਦੇ ਲੋਕਾਂ ਦੇ ਸਮੂਹ ਨੂੰ ਲੋਕ ਵਿਰੋਧੀ ਅਤੇ ਸਮਾਜ ਵਿਰੋਧੀ ਤਾਕਤਾਂ ਵੱਲੋਂ ਧਰਮ ਦੇ ਆਧਾਰ ’ਤੇ ਆਪਸ ਵਿਚ ਵੰਡਣਾ, ਲੜਾਉਣਾ ਅਤੇ ਇਕ ਦੂਜੇ ਪ੍ਰਤੀ ਨਫ਼ਰਤ ਫੈਲਾਉਣਾ ਧਾਰਮਿਕ ਕੱਟੜਤਾ ਹੈ। ਇਹ ਪ੍ਰਵਿਰਤੀ ਕਿਸੇ ਧਰਮ ਨਾਲ ਸਬੰਧਿਤ ਗ੍ਰੰਥਾਂ ਜਾਂ ਧਾਰਮਿਕ ਪੁਸਤਕਾਂ ਵਿਚ ਦਰਜ ਸਿੱਖਿਆਵਾਂ/ਹਦਾਇਤਾਂ ਨੂੰ ਜਨੂੰਨ ਦੀ ਹੱਦ ਤੱਕ ਮੰਨਣ ਅਤੇ ਜਬਰੀ ਮੰਨਵਾਉਣ ਵਿੱਚੋਂ ਨਿਕਲਦੀ ਹੈ। ਧਾਰਮਿਕ ਕੱਟੜਤਾ ਅਧੀਨ ਧਰਮ ਦੇ ਪੈਰੋਕਾਰ ਬਿਨ੍ਹਾਂ ਕਿਸੇ ਵਾਦ-ਵਿਵਾਦ ਜਾਂ ਟਿੱਪਣੀ ਨੂੰ ਬਰਦਾਸ਼ਤ ਕਰਦਿਆਂ ਆਪਣੇ ਧਰਮ ਨੂੰ ਸਰਬਉੱਚ ਅਤੇ ਬਿਹਤਰੀਨ ਮੰਨਦਿਆਂ ਦੂਜਿਆਂ ਉੱਪਰ ਥੋਪਣ ਦਾ ਯਤਨ ਕਰਦੇ ਹਨ। ਇਸ ਪ੍ਰਕਿਰਿਆ ਦੌਰਾਨ ਕਿਤੇ ਕਿਸੇ ਵਰਗ ਵੱਲੋਂ ਵਿਰੋਧ ਹੁੰਦਾ ਹੈ ਤਾਂ ਫ਼ਿਰਕੂ ਦੰਗੇ ਭੜਕਦੇ ਹਨ, ਹਿੰਸਕ ਘਟਨਾਵਾਂ ਵਿਚ ਸਰਕਾਰੀ ਤੇ ਨਿੱਜੀ ਜਾਇਦਾਦ ਦੀ ਭੰਨ ਤੋੜ ਅਤੇ ਨਿਹੱਥੇ ਬੇਕਸੂਰ ਲੋਕਾਂ ਦਾ ਕਤਲੇਆਮ ਹੁੰਦਾ ਹੈ।

> ਹਿਜਾਬ ਪਹਿਨਣ ਜਾਂ ਮੰਦਿਰ ਜਾਣ ਤੋਂ ਰੋਕੇ ਜਾਣ ਦਾ ਸਾਡੇ ਵੱਲੋਂ ਵਿਰੋਧ ਕੀਤਾ ਜਾਣਾ, ਹਿਜਾਬ ਪਹਿਨਣ ਜਾਂ ਮੰਦਿਰ ਜਾਣ ਨੂੰ ਦਰੁਸਤ ਠਹਿਰਾਉਣਾ ਨਹੀਂ, ਇਹ ਵੱਖ ਵਿਗਿਆਨਕ ਸੋਚ ਨਾਲ ਜੁੜੇ ਸਵਾਲ ਹਨ। ਵਿਗਿਆਨਕ ਦ੍ਰਿਸ਼ਟੀਕੋਣ ਵਿਕਸਤ ਕਰਕੇ ਇਸ ਦੀ ਗੈਰ-ਪ੍ਰਸੰਗਿਕਤਾ ਸਮਝਾਈ ਜਾਣੀ ਹੋਰ ਗੱਲ ਹੈ, ਮੂਲਵਾਦੀ ਤਾਕਤਾਂ ਵੱਲੋਂ ਆਪਣੇ ਧਰਮ ਦੀ ਸਰਵ ਉੱਚਤਾ ਸਥਾਪਿਤ ਕਰਨ ਲਈ ਹੋਰ ਧਰਮਾਂ ਨੂੰ ਦਬਾਉਣਾ, ਲਿੰਗੀ ਵਿਤਕਰੇ ਹੋਰ ਗੱਲ ਹੈ। ***- ਸੰਪਾਦਕ***

ਧਾਰਮਿਕ ਕੱਟੜਤਾ ਉਸ ਵੇਲੇ ਹੋਰ ਵੀ ਕਰੂਪ ਹੋ ਜਾਂਦੀ ਹੈ ਜਦੋਂ ਆਪਣੇ ਹੀ ਧਰਮ ਦੇ ਲੋਕਾਂ ਲਈ ਬੇਲੋੜੀਆਂ, ਪੁਰਾਣੀਆਂ ਹੋ ਚੁੱਕੀਆਂ ਰਹੁ-ਰੀਤਾਂ ਅਤੇ ਪਹਿਰਾਵੇ ਆਦਿ ਸਬੰਧੀ ਹੁਕਮ ਅਤੇ ਹਦਾਇਤਾਂ ਜਾਰੀ ਕੀਤੇ ਜਾਣ ਲੱਗਦੇ ਹਨ। ਅਮਰੀਕੀ ਫ਼ੌਜਾਂ ਦੇ ਅਫ਼ਗਾਨਿਸਤਾਨ ਵਿੱਚੋਂ ਵਾਪਸ ਚਲੇ ਜਾਣ ਤੋਂ ਬਾਅਦ ਤਾਲਿਬਾਨ ਹਕੂਮਤ ਆਉਣ ’ਤੇ ਉਨ੍ਹਾਂ ਸ਼ਰੀਅਤ ਤਹਿਤ ਹਦਾਇਤਾਂ ਮੁੜ ਲਾਗੂ ਕਰਨ ਦੇ ਹੁਕਮ ਦਿੱਤੇ। ਇਸ ਨਾਲ ਯਕੀਨੀ ਬਣਾਇਆ ਗਿਆ ਕਿ ਲੜਕੀਆਂ ਉਚੇਰੀ ਸਿੱਖਿਆ ਹਾਸਲ ਕਰਨ ਨਹੀਂ ਜਾ ਸਕਦੀਆਂ। ਘਰੋਂ ਬਾਹਰ ਨਿਕਲਣ ਵੇਲੇ ਉਨ੍ਹਾਂ ਨਾਲ ਘਰ ਦਾ ਕੋਈ ਮਰਦ ਮੈਂਬਰ ਹੋਣਾ ਲਾਜ਼ਮੀ ਹੈ। ਪਾਕਿਸਤਾਨ ਵੀ ਗਾਹੇ ਬਗਾਹੇ ਤਾਲਿਬਾਨੀ ਸੋਚ ਦੀ ਹਮਾਇਤ ਕਰਦਾ ਰਿਹਾ ਹੈ। ਤਤਕਾਲੀ ਹਾਕਮ ਜਨਰਲ ਜ਼ਿਆ ਉਲ ਹੱਕ ਨੇ ਸ਼ਰੀਅਤ ਕਾਨੂੰਨ ਅਧੀਨ ਫ਼ੌਜਦਾਰੀ ਮਾਮਲਿਆਂ ਭਾਵ ਕਤਲਾਂ, ਲੁੱਟ-ਮਾਰ ਤੇ ਬਲਾਤਕਾਰ ਸਬੰਧੀ ਹੁਕਮ ਦਿੱਤੇ ਕਿ ਔਰਤ ਦੀ ਗਵਾਹੀ ਨੂੰ ਮਰਦ ਦੇ ਮੁਕਾਬਲੇ ਅੱਧੀ ਗਵਾਹੀ ਮੰਨਿਆ ਜਾਵੇਗਾ। ਇਉਂ ਹੀ ਜਿਨਸੀ ਸ਼ੋਸ਼ਣ ਦੀ ਪੀੜਤ ਔਰਤ ਨੂੰ ਇਹ ਦੱਸਣ ਲਈ ਚਾਰ ਗਵਾਹ ਪੇਸ਼ ਕਰਨੇ ਪੈਣਗੇ ਕਿ ਉਸ ਨਾਲ ਜ਼ਿਆਦਤੀ ਹੋਈ ਹੈ। ਦੋਸ਼ ਸਾਬਿਤ ਨਾ ਕਰ ਸਕਣ ਦੀ ਸੂਰਤ ਵਿੱਚ ਔਰਤ ਨੂੰ ਕੈਦ ਦੀ ਸਜ਼ਾ ਸੁਣਾਈ ਜਾਂਦੀ ਸੀ ਤੇ ਨਾਲ ਹੀ ਲੋਕਾਂ ਦੀ ਹਾਜ਼ਰੀ ਵਿਚ ਕੋੜੇ ਮਾਰੇ ਜਾਂਦੇ ਸਨ।

ਧਾਰਮਿਕ ਕੱਟੜਤਾ ਤਹਿਤ ਜਨੂੰਨੀ ਤਾਕਤਾਂ ਦਾ ਪਹਿਲਾਂ ਸ਼ਿਕਾਰ ਔਰਤਾਂ ਹੁੰਦੀਆਂ ਹਨ। ਕੱਟੜਤਾ ਨੂੰ ਔਰਤਾਂ ਉੱਪਰ ਅਥਾਰਟੀ ਅਤੇ ਸ਼ਕਤੀ ਦੀ ਵਰਤੋਂ ਕਰਨ ਵਾਸਤੇ ਵਰਤਿਆ ਜਾਂਦਾ ਹੈ। ਮਰਦ-ਔਰਤ ਦੀ ਕੁਦਰਤੀ ਬਰਾਬਰੀ ਨੂੰ ਨਕਾਰਦਿਆਂ ਔਰਤਾਂ ਉੱਪਰ ਕਈ ਪ੍ਰਕਾਰ ਦੀਆਂ ਬੰਦਿਸ਼ਾਂ ਲਗਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਕੋਲੋਂ ਖ਼ਾਸ ਕਿਸਮ ਦੇ ਵਿਹਾਰ ਦੀ ਤਵੱਕੋ ਕੀਤੀ ਜਾਂਦੀ ਹੈ। ਅਫ਼ਗਾਨਿਸਤਾਨ, ਪਾਕਿਸਤਾਨ ਦੀਆਂ ਉਦਾਹਰਨਾਂ ਪ੍ਰਤੱਖ ਹਨ। ਸਾਡੇ ਆਪਣੇ ਮੁਲਕ ਦੇ ਸੂਬੇ ਕਰਨਾਟਕ ਵਿਚ ਮੁਸਲਿਮ ਭਾਈਚਾਰੇ ਦੀਆਂ ਕੁੜੀਆਂ ਨੂੰ ਵਿਦਿਅਕ ਅਦਾਰਿਆਂ ਵਿਚ ਹਿਜਾਬ ਪਾਉਣ ਤੋਂ ਰੋਕਣਾ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਵਿੱਚ ਖ਼ਲਲ ਪਾਉਣਾ ਹੈ। ਉਨ੍ਹਾਂ ਕੁੜੀਆਂ ਨੇ ਹਿਜਾਬ ਪਾ ਕੇ ਸਕੂਲ ਆਉਣ ਦੀ ਰਵਾਇਤ ਨੂੰ ਜਾਰੀ ਰੱਖਣ ਦੀ ਮੰਗ ਕੀਤੀ ਜੋ ਅਥਾਰਿਟੀ ਵੱਲੋਂ ਠੁਕਰਾ ਦਿੱਤੀ ਗਈ। ਕੁੜੀਆਂ ਦੇ ਵਿਰੋਧ ਕਰਨ ’ਤੇ ਉਨ੍ਹਾਂ ਨੂੰ ਡਰਾਇਆ ਧਮਕਾਇਆ ਗਿਆ। ਸਮੇਂ ਦੀ ਸਰਕਾਰ ਵੱਲੋਂ ਇਕ ਭਾਈਚਾਰੇ ਨੂੰ ਜ਼ਿਆਦਤੀ ਕਰਨ ਦੀ ਸ਼ਹਿ ਹੋਣ ਕਾਰਨ ਇਲਾਕੇ ਵਿਚ ਗੈਰ ਮਨੁੱਖੀ ਘਟਨਾਵਾਂ ਹੋਈਆਂ।

ਸਬਰੀਮਾਲਾ ਮੰਦਰ ਅੰਦਰ ਔਰਤਾਂ ਦੇ ਜਾਣ ਦੀ

ਮਨਾਹੀ ਕਾਰਨ ਵਿਵਾਦ ਅਤੇ ਹੋਰ ਕਈ ਥਾਈਂ ਮੰਦਰਾਂ ਵਿਚ ਔਰਤਾਂ ਦੇ ਦਾਖ਼ਲੇ ਦੀ ਮਨਾਹੀ ਬਾਰੇ ਸਭ ਜਾਣਦੇ ਹਨ। ਇਉਂ ਕਦੇ ਧਰਮ ਤਬਦੀਲੀ ਦੀ ਮਨਾਹੀ ਦੇ ਕਾਨੂੰਨ ਬਣਾ ਕੇ ਤੇ ਕਦੇ ਵਿੱਦਿਅਕ ਅਦਾਰਿਆਂ ਵਿਚ ਬੱਚੀਆਂ ਦੀ ਵਰਦੀ ਸਬੰਧੀ ਇਕਸਾਰ ਕੋਡ ਦੀ ਤਜਵੀਜ਼ ਜਾਰੀ ਕਰ ਕੇ ਧਾਰਮਿਕ ਕੱਟੜਤਾ ਔਰਤਾਂ ਨੂੰ ਮੁੜ ਸਦੀਆਂ ਪੁਰਾਣੇ ਸਿਧਾਂਤਾਂ ਤੇ ਸੱਭਿਆਚਾਰ ਵੱਲ ਧੱਕ ਰਹੀ ਹੈ ਜਿਸ ਵਿਚ ਔਰਤਾਂ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਮਨੂੰ ਸਮ੍ਰਿਤੀ ਅਤੇ ਹੋਰ ਅਜਿਹੀਆਂ ਧਾਰਮਿਕ ਪੁਸਤਕਾਂ ਦੇ ਪ੍ਰਭਾਵ ਹੇਠ ਤੁਲਸੀਦਾਸ ਨੇ ਵੀ ਨਾਰੀ ਦੀ ਤੁਲਨਾ "ਢੋਲ, ਗੰਵਾਰ, ਸ਼ੂਦਰ..." ਨਾਲ ਕੀਤੀ ਹੈ। ਇਸਲਾਮ ਧਰਮ ਵਿਚ ਔਰਤ ਦੀ ਗਵਾਹੀ ਨੂੰ ਮਰਦ ਦੇ ਮੁਕਾਬਲੇ ਅੱਧੀ ਮੰਨਿਆ ਜਾਂਦਾ ਹੈ। ਇਉਂ ਹੀ ਜਾਇਦਾਦ ਦੀ ਵੰਡ ਵੇਲੇ ਇਕ ਮਰਦ ਦਾ ਹਿੱਸਾ ਦੋ ਔਰਤਾਂ ਦੇ ਬਰਾਬਰ ਹੁੰਦਾ ਹੈ।

ਲੜਕੀ ਦੀ ਉਚੇਰੀ ਸਿੱਖਿਆ ਪ੍ਰਾਪਤੀ ਉੱਪਰ ਰੋਕਾਂ ਲਗਾਉਣ ਨਾਲ ਰੁਜ਼ਗਾਰ ਵਿਚ ਉਸ ਦੀ ਸ਼ਮੂਲੀਅਤ ਘਟੇਗੀ ਅਤੇ ਉਸ ਦੇ ਮਾਨਸਿਕ ਵਿਕਾਸ ਵਿਚ ਖੜੋਤ ਆਵੇਗੀ। ਅਨਪੜ੍ਹ ਅਤੇ ਆਰਥਿਕ ਤੌਰ 'ਤੇ ਦੂਜਿਆਂ 'ਤੇ ਨਿਰਭਰ ਔਰਤ ਆਪਣੇ ਪਰਿਵਾਰ ਤੇ ਬੱਚਿਆਂ ਦੀ ਸੰਭਾਲ ਸੁਚੱਜੇ ਢੰਗ ਨਾਲ ਨਹੀਂ ਕਰ ਸਕਦੀ।ਉਚੇਰੀ ਸਿੱਖਿਆ ਵਿੱਚੋਂ ਔਰਤ ਨੂੰ ਬਾਹਰ ਕੱਢਣ ਦਾ ਭਾਵ ਉਨ੍ਹਾਂ ਨੂੰ ਰੁਜ਼ਗਾਰ ਵਿਚੋਂ ਬਾਹਰ ਕੱਢਣਾ ਹੈ। ਜੇਕਰ ਕੁੜੀਆਂ ਇੱਕਲੀਆਂ ਬਾਹਰ ਘੁੰਮ ਫਿਰ ਨਹੀਂ ਸਕਦੀਆਂ, ਕਾਰ, ਸਕੂਟਰ ਆਦਿ ਨਹੀਂ ਚਲਾ ਸਕਦੀਆਂ, ਆਪਣਾ ਮਨਪਸੰਦ ਦਾ ਜੀਵਨ ਸਾਥੀ ਨਹੀਂ ਲੱਭ ਸਕਦੀਆਂ ਤਾਂ ਇਨ੍ਹਾਂ ਬੰਦਿਸ਼ਾਂ ਨਾਲ ਇਕੱਲੀ ਔਰਤ ਹੀ ਨਹੀਂ ਸਗੋਂ ਸਮੁੱਚਾ ਸਮਾਜ ਪ੍ਰਭਾਵਿਤ ਹੋਵੇਗਾ। ਧਾਰਮਿਕ ਕੱਟੜਤਾ ਦੇ ਔਰਤ ਉੱਪਰ ਪੈਂਦੇ ਮਾੜੇ ਪ੍ਰਭਾਵ ਦੀ ਗਹਿਰਾਈ ਨੂੰ ਭਾਂਪਦਿਆਂ ਯੂ.ਐੱਨ.ਓ. ਦੇ ਤਤਕਾਲੀ ਸਕੱਤਰ ਕੌਫੀ ਅਨਾਨ ਨੇ (2006 ਵਿੱਚ) ਕਿਹਾ ਕਿ "ਜਦੋਂ ਸਮਾਜ ਵਿਚ ਕਿਸੇ ਸੱਭਿਆਚਾਰ ਦਾ ਸਿਆਸੀਕਰਨ ਹੁੰਦਾ ਹੈ ਜਾਂ ਧਰਮ ਅਤੇ ਸਿਆਸਤ ਰਲਗੱਡ ਹੋ ਕੇ ਧਾਰਮਿਕ ਕੱਟੜਤਾ ਦਾ ਰੂਪ ਧਾਰਨ ਕਰਦੇ ਹਨ, ਉਸ ਸਥਿਤੀ ਵਿਚ ਔਰਤ ਦੇ ਮੁੱਢਲੇ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਉਸ ਸਮਾਜ ਲਈ ਵੱਡੀ ਚੁਣੌਤੀ ਬਣ ਜਾਂਦਾ ਹੈ।" ਹਰਿਆਣਾ, ਉੱਤਰ ਪ੍ਰਦੇਸ਼ ਆਦਿ ਸੂਬਿਆਂ ਵਿੱਚ ਲਵ-ਜਹਾਦ, ਪਰਿਵਾਰਿਕ ਮਾਣ ਮਰਿਆਦਾ ਦੀ ਰਾਖੀ ਵਾਸਤੇ ਨੌਜਵਾਨਾਂ ਨੂੰ, ਵਿਸ਼ੇਸ਼ ਤੌਰ 'ਤੇ ਲੜਕੀਆਂ ਨੂੰ ਮਾਰ ਮੁਕਾਉਣਾ, ਪਾਰਕਾਂ ਆਦਿ ਵਿਚ ਬੈਠੇ ਜੋੜਿਆਂ ਉੱਪਰ ਹਿੰਸਕ ਹਮਲੇ ਅਤੇ ਉਨ੍ਹਾਂ ਲੜਕੀਆਂ ਨਾਲ ਸਬੰਧਿਤ

ਪਿਤਰਸੱਤਾ ਸਦਾ ਔਰਤਾਂ ਦੇ ਖ਼ਿਲਾਫ਼ ਭੁਗਤਦੀ ਆਈ ਹੈ। ਧਾਰਮਿਕ ਕੱਟੜਤਾ ਨਾਲ ਮਿਲ ਕੇ ਇਹ ਹੋਰ ਵੀ ਕਹਿਰਵਾਨ ਹੋ ਜਾਂਦੀ ਹੈ। ਕਿਸੇ ਔਰਤ ਨੂੰ ਚੁੜੇਲ ਜਾਂ ਜਾਦੂਗਰਨੀ ਆਖ ਕੇ ਮਾਰਨਾ ਵੀ ਕਈ ਥਾਵਾਂ ਦੀਆਂ ਧਾਰਮਿਕ ਰਹੁ-ਰੀਤਾਂ ਦਾ ਹਿੱਸਾ ਹੈ ਜਿਨ੍ਹਾਂ ਵਿਚ ਭਾਰਤ, ਪੈਪੂਆ ਨਿਊ ਗਿਨੀਆ, ਐਮੇਜ਼ੋਨੀਆ ਅਤੇ ਕੁੱਝ ਅਫ਼ਰੀਕੀ ਮੁਲਕਾਂ ਦੇ ਕੁੱਝ ਹਿੱਸੇ ਸ਼ਾਮਲ ਹਨ । 14ਵੀਂ-18ਵੀਂ ਸਦੀ ਤੱਕ ਯੂਰਪ ਵਿਚ ਇਹ ਪ੍ਰਥਾ ਲਾਗੂ ਸੀ। 1580 ਤੋ 1630 ਈਸਵੀ ਤੱਕ ਪੰਜਾਹ ਹਜ਼ਾਰ ਲੋਕਾਂ ਨੂੰ ਜਾਦੂ ਕਰਨ ਦੇ ਇਲਜ਼ਾਮ ਤਹਿਤ ਸਾੜ ਕੇ ਮਾਰਨ ਦੀ ਸਜ਼ਾ ਦਿੱਤੀ ਗਈ ਜਿਨ੍ਹਾਂ ਵਿਚੋਂ ਤਕਰੀਬਨ 80 ਫ਼ੀਸਦੀ ਔਰਤਾਂ ਸਨ। ਅਫ਼ਰੀਕਾ ਮਹਾਂਦੀਪ ਦੇ ਮੁਲਕ ਤਨਜ਼ਾਨੀਆਂ ਵਿਚ 20,000 ਔਰਤਾਂ ਇਸ ਪ੍ਰਥਾ ਦਾ ਸ਼ਿਕਾਰ ਹੋਈਆਂ।

ਭਾਰਤ ਦੀ ਗੱਲ ਕਰੀਏ ਤਾਂ ਝਾਰਖੰਡ, ਹਰਿਆਣਾ, ਛੱਤੀਸਗੜ੍ਹ, ਉੜੀਸਾ, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਰਾਜਸਥਾਨ, ਆਂਧਰਾ ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ, ਆਸਾਮ ਅਤੇ ਬਿਹਾਰ ਵਿਚ ਇਹ ਪ੍ਰਥਾ ਚਲਦੀ ਹੈ। ਕਿਸੇ 'ਓਝੇ' ਜਾਂ ਤਾਂਤਰਿਕ ਵੱਲੋਂ ਡੈਣ/ਚੁੜੇਲ ਐਲਾਨੀ ਗਈ ਔਰਤ ਦੀ ਕੁੱਟਮਾਰ ਕਰਨ ਦੇ ਨਾਲ-ਨਾਲ ਉਸ 'ਤੇ ਹੋਰ ਵੀ ਬਹੁਤ ਸਾਰੇ ਅਕਹਿ ਅਤੇ ਅਸਹਿ ਜ਼ੁਲਮ ਕੀਤੇ ਜਾਂਦੇ ਹਨ। ਅਜਿਹੀ ਔਰਤ ਅਤੇ ਉਸ ਦੇ ਬੱਚਿਆਂ ਨੂੰ ਸਮਾਜ ਵਿਚੋਂ ਛੇਕ ਦਿੱਤਾ ਜਾਂਦਾ ਹੈ, ਉਸ ਦੀ ਜ਼ਮੀਨ ਜਾਇਦਾਦ ਖੋਹ ਲਈ ਜਾਂਦੀ ਹੈ। ਕਈ ਮਾਮਲਿਆਂ ਵਿੱਚ ਉਸ ਦੇ ਸਰੀਰ ਦੇ ਅੰਗ ਕੱਟ ਦਿੱਤੇ ਜਾਂਦੇ ਹਨ, ਇੱਥੋਂ ਤੱਕ ਕਿ ਕਤਲ ਵੀ ਕਰ ਦਿੱਤਾ ਜਾਂਦਾ ਹੈ। ਦੇਸ਼ ਦੇ ਕਾਨੂੰਨ ਮੁਤਾਬਿਕ ਅਜਿਹੇ ਜ਼ੁਰਮ ਕਰਨ ਵਾਲੇ ਨੂੰ ਇਕ ਸਾਲ ਦੀ ਕੈਦ ਅਤੇ 1000 ਰੁਪਏ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। ਇਹ ਸਜ਼ਾ ਕਿਸੇ ਨੂੰ ਥੱਪੜ ਮਾਰਨ ਦੀ ਕਾਨੂੰਨੀ ਸਜ਼ਾ ਦੇ ਬਰਾਬਰ ਹੈ। ਡੈਣ/ਚੁੜੇਲ ਆਖ ਕੇ ਕਤਲ ਕੀਤੇ ਜਾਣ ਦੀ ਸੂਰਤ ਵਿਚ ਭਾਰਤੀ ਦੰਡਾਵਲੀ ਦੀ ਧਾਰਾ 302 ਤਹਿਤ ਦੋਸ਼ੀਆਂ ਖ਼ਿਲਾਫ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਮਰਦਾਂ ਨੂੰ ਮਾਰ ਮੁਕਾਉਣ ਦਾ ਖ਼ਮਿਆਜਾ ਔਰਤ ਅਤੇ ਉਸ ਦੇ ਪਰਿਵਾਰ ਨੂੰ ਭੁਗਤਣਾ ਪੈਂਦਾ ਹੈ। ਫਿਰਕੂ ਜਨੂੰਨ ਹੇਠ ਹਿੰਸਕ ਭੀੜਾਂ ਇੰਨੀਆਂ ਅੰਨ੍ਹੀਆਂ ਹੋ ਜਾਂਦੀਆਂ ਹਨ ਕਿ ਦੂਜੇ ਧਰਮ ਨਾਲ ਸਬੰਧ ਰੱਖਣ ਵਾਲਿਆਂ ਦੇ ਘਰਾਂ ਵਿੱਚੋਂ ਮਰਦ ਮੈਬਰਾਂ ਨੂੰ ਕੱਢ-ਕੱਢ ਕੇ ਮਾਰ ਮੁਕਾਉਂਦੀਆਂ ਹਨ। ਪਿੱਛੇ ਬਚ ਗਈਆਂ ਔਰਤਾਂ ਲਈ ਇਹ ਉਮਰ ਭਰ ਦੇ ਸੰਤਾਪ ਦੀ ਹਾਲਤ ਹੋ ਨਿਬੜਦੀ ਹੈ। ਸਥਿਤੀ ਉਸ ਵੇਲੇ ਹੋਰ ਵੀ ਗੰਭੀਰ ਹੋ ਜਾਂਦੀ ਹੈ ਜਦੋਂ ਘਰ ਵਿਚ ਸਿਰਫ਼ ਇਕ ਹੀ ਮਰਦ ਰੋਜ਼ੀ ਰੋਟੀ ਕਮਾਉਣ ਵਾਲਾ ਹੋਵੇ। ਧਾਰਮਿਕ ਕੱਟੜਤਾ ਦੇ ਕਾਰਨ ਮੌਤ ਦੇ ਸ਼ਿਕਾਰ ਮਰਦ ਮੈਂਬਰ ਤੋਂ ਬਾਅਦ ਘਰ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਔਰਤ ਉੱਪਰ ਆ ਪੈਂਦੀ ਹੈ। ਇਉਂ ਮਰਦ ਵਿਰੁੱਧ ਹੋਈ ਹਿੰਸਾ ਦਾ ਪ੍ਰਭਾਵ ਵੀ ਔਰਤ ਉੱਪਰ ਪੈਂਦਾ ਹੈ। ਜਦੋਂ ਧਾਰਮਿਕ ਕੱਟੜਤਾ ਤਹਿਤ ਜਾਤ-ਪਾਤ ਅਤੇ ਊਚ-ਨੀਚ ਭਾਰੂ ਹੋਣ ਲੱਗੇ ਤਾਂ ਔਰਤਾਂ ਲਈ ਸਥਿਤੀ ਹੋਰ ਵੀ ਭਿਆਨਕ ਹੋ ਜਾਂਦੀ ਹੈ। ਅਖੌਤੀ ਉੱਚੀ ਜਾਤ ਦੀ ਲੜਕੀ ਆਪਣੇ ਤੋਂ ਨੀਵੀਂ ਸਮਝੀ ਜਾਂਦੀ ਜਾਤ ਵਿਚ ਵਿਆਹ ਨਹੀਂ ਕਰਵਾ ਸਕਦੀ। ਇਸ ਸੂਰਤ ਵਿਚ ਧਰਮ ਤਬਦੀਲੀ ਦੀ ਮਨਾਹੀ ਦੇ ਕਾਨੂੰਨ ਤਹਿਤ ਉਨ੍ਹਾਂ ਨੂੰ ਜ਼ਿਲ੍ਹੇ ਦੇ ਮੈਜਿਸਟ੍ਰੇਟ ਸਾਹਮਣੇ ਪੇਸ਼ ਹੋਣਾ ਪੈਂਦਾ ਹੈ ਜਿੱਥੇ ਕੱਟੜਵਾਦੀ ਭੀੜ ਉਨ੍ਹਾਂ ਉੱਪਰ ਹਮਲਾ ਕਰ ਦਿੰਦੀ ਹੈ।

ਇਉਂ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਖ਼ਿਲਾਫ਼ ਪੱਖਪਾਤ ਨੂੰ ਮੌਜੂਦਾ ਦੌਰ ਵਿਚਲੀ ਧਾਰਮਿਕ ਕੱਟੜਤਾ ਹੋਰ ਵੀ ਪਰਪੱਕ ਕਰਦੀ ਹੈ। ਇਸ ਵਾਸਤੇ ਜਰੂਰੀ ਹੈ ਕਿ ਅਸੀਂ ਸਮੁੱਚੇ ਸਮਾਜ ਦੇ ਵਿਕਾਸ ਵਾਸਤੇ ਧਾਰਮਿਕ ਕੱਟੜਤਾ ਤੋਂ ਉੱਪਰ ਉੱਠ ਕੇ ਸਹਿਣਸ਼ੀਲਤਾ, ਸਦਭਾਵਨਾ ਤੇ ਉਸਾਰੂ ਸੋਚ ਦੇ ਧਾਰਨੀ ਹੋ ਕੇ ਅੱਗੇ ਵਧੀਏ। ਜੇਕਰ ਔਰਤਾਂ ਦੀ ਵੀ ਮਰਦਾਂ ਵਾਂਗ ਕੰਮ ਵਿਚ ਸ਼ਮੂਲੀਅਤ ਵਧਦੀ ਹੈ ਤਾਂ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿਚ ਵਾਧਾ ਹੋ ਸਕਦਾ ਹੈ। ਕਿਸੇ ਵੀ ਸਮਾਜ ਦੇ ਵਿਕਾਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉੱਥੇ ਔਰਤ ਦੀ ਸਥਿਤੀ ਜਾਂ ਦਰਜਾ ਕੀ ਹੈ। 2019 ਵਿਚ ਯੂ.ਐਨ. ਗਲੋਬਲ ਕੰਪੈਕਟ ਨੈੱਟਵਰਕ, ਇੰਡੀਆ ਵੱਲੋਂ ਕਰਵਾਏ ਲਿੰਗਕ ਬਰਾਬਰੀ ਸਬੰਧੀ ਸਮਾਗਮ ਦੌਰਾਨ ਕਿਹਾ ਗਿਆ ਕਿ ਭਾਰਤ ਵਿਚ ਅਗਲੀ ਉਦਯੋਗਿਕ ਕ੍ਰਾਂਤੀ ਵਾਸਤੇ ਇੱਥੋਂ ਦੀਆਂ ਔਰਤਾਂ/ਕੁੜੀਆਂ ਦਾ ਸ਼ਕਤੀਕਰਨ ਹੋਣਾ ਜ਼ਰੂਰੀ ਹੈ। ਇਹ ਸ਼ਕਤੀਕਰਨ ਉਚੇਰੀ ਸਿੱਖਿਆ ਦੇ ਨਾਲ-ਨਾਲ ਕਿੱਤਾਮੁਖੀ ਟ੍ਰੇਨਿੰਗ ਤੇ ਵਧੇਰੇ ਸਿਖਲਾਈ ਰਾਹੀਂ ਹੀ ਸੰਭਵ ਹੈ। ਜੇਕਰ ਧਾਰਮਿਕ ਕੱਟੜਤਾ ਵੱਸ ਅਸੀਂ ਔਰਤ ਨੂੰ ਵਿੱਦਿਆ ਦੇ ਮੁੱਢਲੇ ਅਧਿਕਾਰ ਤੋਂ ਵਾਂਝਿਆਂ ਕਰਾਂਗੇ, ਬੇਲੋੜੀਆਂ ਬੰਦਿਸ਼ਾਂ ਲਗਾਵਾਂਗੇ ਤਾਂ ਅਸੀਂ ਸਮਾਜਿਕ ਵਿਕਾਸ ਬਾਰੇ ਕਿਆਸ ਵੀ ਨਹੀਂ ਕਰ ਸਕਦੇ। ਭਾਰਤ ਧਰਮ ਨਿਰਪੱਖ ਅਤੇ ਸਭ ਤੋਂ ਵੱਡਾ ਜਮਹੂਰੀ ਮੁਲਕ ਮੰਨਿਆ ਜਾਂਦਾ ਹੈ। ਇਸ ਲਈ ਔਰਤ ਦੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸ਼ਮੂਲੀਅਤ ਅਤਿ ਜ਼ਰੂਰੀ ਹੈ। ਧਰਮ ਦੇ ਨਾਂ 'ਤੇ ਔਰਤ ਨੂੰ ਕਈ ਸਮਾਜਿਕ ਤੇ ਸੱਭਿਆਚਾਰਕ ਸਰਗਰਮੀਆਂ ਵਿਚੋਂ ਮਨਫ਼ੀ ਕਰਨਾ ਧਰਮ ਨਿਰਪੱਖਤਾ ਦੇ ਖ਼ਿਲਾਫ਼ ਹੈ। ਇਸ ਲਈ ਸਮੁੱਚੇ ਸਮਾਜਿਕ ਆਰਥਿਕ ਵਿਕਾਸ ਦੀ ਜ਼ਰੂਰਤ ਦੇ ਮੱਦੇਨਜ਼ਰ ਸਮਾਜ ਵਿਚ ਅਮਨ-ਸ਼ਾਂਤੀ ਦੀ ਸਥਿਤੀ ਬਰਕਰਾਰ ਰੱਖਣ ਲਈ ਦੁਨੀਆਂ ਭਰ ਵਿਚ ਧਾਰਮਿਕ ਕੱਟੜਤਾ ਕਾਰਨ ਔਰਤਾਂ ਨਾਲ ਹੋ ਰਹੀਆਂ ਬੰਦਿਸ਼ਾਂ ਨੂੰ ਤੁਰੰਤ ਹਟਾਉਣਾ ਪਵੇਗਾ। ਔਰਤ ਜਥੇਬੰਦੀਆਂ ਨੂੰ ਦੇਸ਼ ਵਿਚ ਜਮਹੂਰੀ ਹੱਕਾਂ ਖ਼ਾਤਰ ਲੜ ਰਹੀਆਂ ਅਮਨਪਸੰਦ ਜਥੇਬੰਦੀਆਂ ਨਾਲ ਮਿਲ ਕੇ ਆਵਾਜ਼ ਉਠਾਉਣੀ ਪਵੇਗੀ, ਅਤੇ ਖ਼ੁਦ ਆਪ ਵੀ ਲੜਣਾ ਪਵੇਗਾ।

ਮਨੂੰ ਸਮ੍ਰਿਤੀ ਵਿੱਚ ਔਰਤਾਂ ਬਾਰੇ ਕੁਝ ਧਾਰਨਾਵਾਂ :

* ਔਰਤ ਆਜ਼ਾਦ ਰਹਿਣ ਯੋਗ ਨਹੀਂ।

(ਅਧਿਆਇ ਨੌਵਾਂ, ਸ਼ਲੋਕ 3)

* ਔਰਤਾਂ ਦਾ ਸੁਭਾਅ ਹੈ ਕਿ ਉਹ ਹਾਰ-ਸ਼ਿੰਗਾਰ ਰਾਹੀਂ ਮਰਦਾਂ ਵਿਚ ਦੋਸ਼ ਉਤਪੰਨ ਕਰਦੀਆਂ ਹਨ ਅਤੇ ਵਿਦਵਾਨ ਆਦਮੀ ਕਦੇ ਵੀ ਔਰਤਾਂ ਦੇ ਮਾਮਲੇ ਵਿਚ ਅਣਗਹਿਲੀ ਨਹੀਂ ਵਰਤਦੇ।

(ਅਧਿਆਇ ਦੂਜਾ, ਸ਼ਲੋਕ 213)

* ਮਰਦ ਮੂਰਖ ਹੋਵੇ ਜਾਂ ਵਿਦਵਾਨ, ਔਰਤਾਂ ਉਸ ਨੂੰ ਵੀ ਕੁਰਾਹੇ ਪਾਉਣ ਦੀ ਸਮਰੱਥਾ ਰੱਖਦੀਆਂ ਹਨ।

(ਅਧਿਆਇ ਦੂਜਾ, ਸ਼ਲੋਕ 214)


* ਨਛੱਤਰਾਂ, ਰੁਖ, ਨਦੀ, ਮਲੇਛ, ਪਹਾੜ, ਪੰਛੀ, ਸੱਪ, ਦੂਤ ਜਾਂ ਦਾਸੀ- ਇਨ੍ਹਾਂ ਦੇ ਨਾਵਾਂ ਜਾਂ ਭਿਅੰਕਰ ਨਾਂ ਵਾਲੀ ਔਰਤ ਨਾਲ ਵਿਆਹ ਨਾ ਕਰੋ।

(ਅਧਿਆਇ ਤੀਜਾ, ਸ਼ਲੋਕ 8)

***ਪ੍ਰੋਫੈਸਰ, ਅਰਥ-ਸ਼ਾਸਤਰ (ਸੇਵਾਮੁਕਤ), ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਧਰਮ ਦੀ ਆੜ ਵਿੱਚ

ਜਲੇਬੀ 'ਬਾਬਾ' ਨੂੰ 14 ਸਾਲ ਦੀ ਕੈਦ



ਧਨਪਤ ਸਿੰਘ ਧਾਰਸੂਲ

ਤੰਤਰ-ਮੰਤਰ ਦੀ ਆੜ ਵਿੱਚ ਔਰਤਾਂ ਨੂੰ ਨਸ਼ੀਲਾ ਪਦਾਰਥ ਪਿਆ ਕੇ ਕੁਕਰਮ ਕਰਨ ਵਾਲੇ ਜਲੇਬੀ 'ਬਾਬਾ' ਨਾਮ ਨਾਲ ਮਸ਼ਹੂਰ ਹਰਿਆਣਾ ਦੇ ਕਸਬੇ ਟੋਹਾਣਾ (ਜ਼ਿਲ੍ਹਾ ਫਤਿਹਾਬਾਦ) ਦੇ ਬਿੱਲੂ ਉਰਫ਼ ਅਮਰਵੀਰ ਨੂੰ ਕੁਕਰਮ ਕਰਨ ਦੇ ਦੋਸ਼ ਵਿੱਚ ਏ. ਡੀ. ਜੇ. ਬਲਵੰਤ ਸਿੰਘ ਦੀ ਫਤਿਹਾਬਾਦ ਦੀ ਸੈਸ਼ਨ ਕੋਰਟ ਨੇ 10 ਜਨਵਰੀ 2023 ਨੂੰ 14 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੂੰ ਨਾਬਾਲਗ ਨਾਲ ਕੁਕਰਮ ਦੇ ਦੋਸ਼ ਵਿੱਚ ਪੋਕਸੋ ਐਕਟ ਅਧੀਨ 6 ਸਾਲ, ਧਾਰਾ 376 ਸੀ ਅਧੀਨ 7 ਸਾਲ ਅਤੇ ਆਈ ਟੀ ਐਕਟ ਵਿੱਚ 5 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਾਰੀਆਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ। ਦੋਸ਼ੀ ਨੂੰ 5 ਜਨਵਰੀ 2023 ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਸੀ। ਉਹ ਗ੍ਰਿਫ਼ਤਾਰੀ ਤੋਂ ਬਾਅਦ ਜੇਲ੍ਹ ਵਿੱਚ ਬੰਦ ਸੀ। ਪੁਲਿਸ ਨੂੰ ਦੋਸ਼ੀ ਦੀਆਂ 120 ਔਰਤਾਂ ਦੇ ਨਾਲ ਅਸ਼ਲੀਲ ਵੀਡਿਓ ਕਲਿੱਪਸ ਮਿਲੀਆਂ ਸਨ।



ਔਰਤਾਂ ਨੂੰ ਨਸ਼ੀਲੇ ਪਦਾਰਥ ਪਿਲਾ ਕੇ ਕਰਦਾ ਸੀ ਕੁਕਰਮ; 120 ਔਰਤਾਂ ਨਾਲ ਮਿਲੀਆਂ ਵੀਡਿਓ ਕਲਿੱਪਸ; 14 ਸਾਲ ਦੀ ਸਖ਼ਤ ਕੈਦ ਦੀ ਹੋਈ ਸਜ਼ਾ

ਟੋਹਾਣਾ ਦੀ ਇੱਕ ਔਰਤ ਨੇ ਸਾਲ 2018 ਵਿੱਚ ਆਫ਼ੀਸਰ ਕਾਲੋਨੀ ਦੇ ਬਾਬਾ ਬਾਲਕ ਨਾਥ ਆਸ਼ਰਮ ਦੇ ਸੰਚਾਲਕ ਅਮਰਵੀਰ ਉਰਫ ਬਿੱਲੂ ਬਾਬਾ 'ਤੇ ਉਸਦੀ ਅਸ਼ਲੀਲ ਵੀਡਿਓ ਬਣਾ ਕੇ ਤਿੰਨ ਸਾਲ ਤੱਕ ਕੁਕਰਮ ਕਰਨ ਦਾ ਦੋਸ਼ ਲਗਾਇਆ ਸੀ। ਇਸ ਮਾਮਲੇ ਵਿੱਚ ਇੱਕ ਨਾਬਾਲਗ ਲੜਕੀ ਸਮੇਤ 6 ਔਰਤਾਂ ਨੇ ਕੁਕਰਮ ਕਰਨ ਦੇ ਬਿਆਨ ਦਰਜ ਕਰਵਾਏ ਸਨ। ਕੁਕਰਮੀ ਬਾਬੇ 'ਤੇ ਟੋਹਾਣਾ ਦੇ ਤਤਕਾਲੀ ਸਿਟੀ ਥਾਣਾ ਐੱਸ. ਐੱਚ. ਓ. ਪ੍ਰਦੀਪ ਕੁਮਾਰ ਦੀ ਸ਼ਿਕਾਇਤ 'ਤੇ 19 ਜੁਲਾਈ 2018 ਨੂੰ ਕੇਸ ਦਰਜ ਹੋਇਆ ਸੀ। ਮੌਕੇ 'ਤੇ ਆਸ਼ਰਮ ਵਿੱਚੋਂ ਬਰਾਮਦ ਸੀਡੀਜ਼ ਵਿੱਚ 120 ਔਰਤਾਂ ਨਾਲ ਕੁਕਰਮ ਦਾ ਪਰਦਾਫਾਸ਼ ਹੋਇਆ ਸੀ। ਇਸ ਮਾਮਲੇ ਵਿੱਚ ਇਕ ਨਾ-ਬਾਲਗ ਸਮੇਤ 5-6 ਔਰਤਾਂ ਹੀ ਸਾਹਮਣੇ ਆਈਆਂ ਸਨ, ਜੋ ਆਪਣੇ ਬਿਆਨਾਂ 'ਤੇ ਕਾਇਮ ਰਹੀਆਂ। ਮਾਮਲੇ ਵਿੱਚ ਪੀੜਤ ਪੱਖ ਵੱਲੋਂ ਐਡਵੋਕੇਟ ਸੰਜੇ ਵਰਮਾ, ਵਿਜੇ ਰੰਗਾ ਅਤੇ ਸਰਕਾਰੀ ਵਕੀਲ ਓ. ਪੀ. ਬਿਸ਼ਨੋਈ ਨੇ ਪੈਰਵੀ ਕੀਤੀ।

ਮੂਲ ਰੂਪ ਵਿੱਚ ਮਾਨਸਾ ਦਾ ਰਹਿਣ ਵਾਲਾ ਹੈ ਕੁਕਰਮੀ

ਔਰਤਾਂ ਨਾਲ ਕੁਕਰਮ ਕਰਨ ਵਾਲਾ ਵਿਵਾਦਿਤ 'ਬਾਬਾ' ਅਮਰਵੀਰ ਉਰਫ ਬਿੱਲੂ ਮਾਨਸਾ ਦਾ ਰਹਿਣ ਵਾਲਾ ਹੈ। 8 ਸਾਲ ਦੀ ਉਮਰ ਵਿੱਚ ਇਹ ਦਿੱਲੀ ਦੇ ਇੱਕ ਬਾਬੇ ਕੋਲ ਜਾ ਕੇ ਰਹਿਣ ਲੱਗਿਆ ਸੀ। 10 ਸਾਲ ਬਾਅਦ ਇਹ ਵਾਪਸ ਆਪਣੇ ਘਰ ਮੁੜ ਆਇਆ। ਇਸ ਦਰਮਿਆਨ ਘਰ ਵਾਲਿਆਂ ਨੇ ਉਸਦਾ ਵਿਆਹ ਕਰ ਦਿੱਤਾ। ਹੁਣ ਉਸ 'ਤੇ ਪਰਿਵਾਰ ਚਲਾਉਣ ਦੀ ਜ਼ਿੰਮੇਵਾਰੀ ਆ ਪਈ। ਕੰਮ ਦੀ ਭਾਲ ਵਿੱਚ ਉਹ ਆਪਣੀ ਪਤਨੀ ਨੂੰ ਨਾਲ ਲੈ ਕੇ ਟੋਹਾਣਾ ਆ ਕੇ ਰਹਿਣ ਲੱਗ ਪਿਆ। ਉਸ ਨੇ ਇੱਥੋਂ ਦੀ ਨਹਿਰੂ ਮਾਰਕੀਟ ਵਿੱਚ ਸੜਕ ਕਿਨਾਰੇ ਰੇਹੜੀ ਲਗਾ ਕੇ ਜਲੇਬੀਆਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਜਲੇਬੀ ਬਣਾਉਣ ਦਾ ਕੰਮ ਚੰਗਾ ਚੱਲਣ ਕਰਕੇ ਉਸਦਾ ਸ਼ਹਿਰ ਵਿੱਚ ਨਾਮ ਮਸ਼ਹੂਰ ਹੋ ਗਿਆ। ਰੇਹੜੀ 'ਤੇ ਜਲੇਬੀਆਂ ਲੈਣ ਲਈ ਸ਼ਹਿਰ ਦੀਆਂ ਬਹੁਤ ਸਾਰੀਆਂ ਔਰਤਾਂ ਦਾ ਆਉਣ ਜਾਣ ਲੱਗਿਆ ਰਹਿੰਦਾ ਸੀ। ਇਸੇ ਦੌਰਾਨ ਔਰਤਾਂ ਨੂੰ ਉਸ ਨੇ ਤੰਤਰ-ਮੰਤਰ ਦੀ ਆੜ ਵਿੱਚ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਇੱਥੋਂ ਹੀ ਉਸਦਾ ਜਲੇਬੀਆਂ ਬਣਾਉਣ ਦੇ ਨਾਲ ਤੰਤਰ-ਮੰਤਰ ਦਾ ਕੰਮ ਸ਼ੁਰੂ ਹੋ ਗਿਆ।

ਲੋਕ ਉਸ ਨੂੰ ਹੁਣ 'ਜਲੇਬੀ ਬਾਬਾ' ਕਹਿਣ ਲੱਗੇ। ਉਸ ਨੇ ਹੌਲੀ-ਹੌਲੀ ਜਲੇਬੀਆਂ ਬਣਾਉਣ ਦਾ ਕੰਮ ਘੱਟ ਅਤੇ ਤੰਤਰ-ਮੰਤਰ ਦਾ ਕੰਮ ਵੱਧ ਕਰਨਾ ਸ਼ੁਰੂ ਕਰ ਦਿੱਤਾ। ਇੱਕ ਦਿਨ ਉਸ ਨੇ ਰੇਹੜੀ 'ਤੇ ਜਲੇਬੀਆਂ ਵੇਚਣ ਦਾ ਕੰਮ ਛੱਡ ਕੇ ਆਫ਼ੀਸਰ ਕਾਲੋਨੀ ਵਿੱਚ ਜ਼ਮੀਨ ਖ਼ਰੀਦ ਕੇ

ਬਾਬਾ ਬਾਲਕ ਨਾਥ ਦੇ ਨਾਮ ’ਤੇ ਆਪਣਾ ਆਸ਼ਰਮ ਬਣਾ ਲਿਆ।

ਹੁਣ ਆਸ਼ਰਮ ਵਿੱਚ ‘ਜਲੇਬੀ ਬਾਬਾ’ ਉਰਫ਼ ਅਮਰਵੀਰ ਨੇ ਤੰਤਰ-ਮੰਤਰ ਰਾਹੀਂ ਦੁੱਖਾਂ ਤਕਲੀਫਾਂ ਨੂੰ ਦੂਰ ਕਰਨ ਦਾ ਦਾਅਵਾ ਕਰਕੇ ਲੋਕਾਂ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਲਈ ਉਸਨੇ ਕਈ ਨੌਜਵਾਨਾਂ ਨੂੰ ਪ੍ਰਚਾਰ ਲਈ ਲਗਾ ਦਿੱਤਾ। ਇਸ ਕੋਲ ਮਰਦਾਂ ਦੀ ਬਜਾਏ ਔਰਤ ਪੈਰੋਕਾਰ ਵੱਧ ਆਉਣ ਲੱਗੀਆਂ। ਔਰਤਾਂ ਦੀਆਂ ਪਰਿਵਾਰਕ ਸਮੱਸਿਆਵਾਂ ਅਤੇ ਹੋਰ ਦੁੱਖ ਤਕਲੀਫਾਂ ਦਾ ਇਲਾਜ ਕਰਨ ਦੀ ਆੜ ਵਿੱਚ ਉਸ ਨੇ ਉਹਨਾਂ ਦਾ ਸਰੀਰਕ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ। ਇਹ ਅਖੌਤੀ ਬਾਬਾ ਔਰਤਾਂ ਨੂੰ ਚਾਹ ਵਿੱਚ ਨਸ਼ੀਲਾ ਪਦਾਰਥ ਪਿਆ ਕੇ ਉਹਨਾਂ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾਉਂਦਾ ਅਤੇ ਉਸਦੀ ਮੋਬਾਈਲ ’ਤੇ ਵੀਡਿਓ ਰਿਕਾਰਡ ਕਰਦਾ ਰਿਹਾ। ਉਸ ਦੇ ਲਈ ਉਸ ਨੇ ਆਸ਼ਰਮ ਵਿੱਚ ਇੱਕ ਤਹਿਖਾਨਾ ਬਣਾਇਆ ਹੋਇਆ ਸੀ ਜਿਸ ਵਿੱਚ ਇੱਕ ਬੈੱਡ ਲਗਾ ਰੱਖਿਆ ਸੀ, ਉਸ ਨੂੰ ਉਹ ਔਰਤਾਂ ਨਾਲ ਕੁਕਰਮ ਕਰਨ ਲਈ ਵਰਤਦਾ ਸੀ।


ਮਾਮਲਾ ਇਸ ਤਰ੍ਹਾਂ ਆਇਆ ਸਾਹਮਣੇ

ਬਾਲਕ ਨਾਥ ਆਸ਼ਰਮ ਦੇ ਸੰਚਾਲਕ ‘ਜਲੇਬੀ ਬਾਬਾ’ ਦਾ ਇੱਕ ਚੇਲਾ ਇਕ ਦਿਨ ਉਸ ਦੇ ਕੋਲ ਆਇਆ ਅਤੇ ਕਹਿਣ ਲੱਗਾ ਕਿ “ਬਾਬਾ ਜੀ ਮੇਰਾ ਮੋਬਾਈਲ ਖ਼ਰਾਬ ਹੋ ਗਿਆ ਹੈ। ਤੁਹਾਡੇ ਕੋਲ ਕਈ ਮੋਬਾਈਲ ਹਨ। ਇੱਕ ਮੋਬਾਈਲ ਕੁੱਝ ਦਿਨ ਲਈ ਮੈਨੂੰ ਦੇ ਦੇਵੋ।” ਚੇਲੇ ਨੌਜਵਾਨ ਦੀ ਮੰਗ ’ਤੇ ਜਲੇਬੀ ਬਾਬਾ ਨੇ ਆਪਣਾ ਇੱਕ ਮੋਬਾਈਲ ਉਸ ਨੂੰ ਸੌਂਪ ਦਿੱਤਾ। ਨੌਜਵਾਨ ਉਸ ਮੋਬਾਈਲ ਨੂੰ ਘਰੇ ਲੈ ਗਿਆ ਅਤੇ ਉਸ ਨੇ ਡਲੀਟ ਮੂਵੀਜ਼ ਨੂੰ ਖੋਲ੍ਹਿਆ ਤਾਂ ਉਸ ਵਿੱਚੋਂ ਵੱਡੀ ਗਿਣਤੀ ਵਿੱਚ ‘ਬਾਬੇ’ ਦੀਆਂ ਔਰਤਾਂ ਨਾਲ ਅਸ਼ਲੀਲ ਵੀਡਿਓਜ਼ ਮਿਲੀਆਂ। ਨੌਜਵਾਨ ਨੇ ਇਨ੍ਹਾਂ ਵਿੱਚੋਂ ਕੁੱਝ ਵੀਡਿਓਜ਼ ਸੋਸ਼ਲ ਮੀਡੀਆ ’ਤੇ ਵਾਇਰਲ ਕਰ ਦਿੱਤੀਆਂ। ਵਾਇਰਲ ਵੀਡਿਓਜ਼ ਨਾਲ ਟੋਹਾਣਾ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ। ਜਦ ਗੱਲ ਪੁਲਿਸ ਦੀ ਨਿਗਾਹ ਵਿੱਚ ਆਈ ਤਾਂ ਪੁਲਿਸ ਨੇ ‘ਜਲੇਬੀ ਬਾਬੇ’ ਦੇ ਆਸ਼ਰਮ ’ਤੇ ਛਾਪਾ ਮਾਰ ਕੇ ਕਈ ਅਸ਼ਲੀਲ ਵੀਡਿਓਜ਼ ਬਰਾਮਦ ਕਰ ਲਈਆਂ। ਮਾਮਲੇ ਦਾ ਪਰਦਾਫਾਸ਼ ਹੋਣ ’ਤੇ ਅੱਧਾ ਦਰਜਨ ਔਰਤਾਂ ਨੇ ਬਾਬੇ ’ਤੇ ਨਸ਼ੀਲਾ ਪਦਾਰਥ ਪਿਆ ਕੇ ਯੌਨ ਸ਼ੋਸ਼ਣ ਕਰਨ ਦੇ, ਅਤੇ ਬਾਅਦ ਵਿੱਚ ਬਲੈਕਮੇਲ ਕਰਨ ਦੇ ਸਿਟੀ ਥਾਣਾ ਟੋਹਾਣਾ ਵਿੱਚ ਬਿਆਨ ਦਰਜ ਕਰਵਾਏ, ਜਿਸ ਦੇ ਆਧਾਰ ’ਤੇ ਸਿਟੀ ਥਾਣਾ ਮੁਖੀ ਪ੍ਰਦੀਪ ਕੁਮਾਰ ਦੀ ਸ਼ਿਕਾਇਤ ’ਤੇ ਕੇਸ ਦਰਜ ਕੀਤਾ ਗਿਆ। **94161-32844**

ਪੰਜਾਬੀ ਅਨੁਵਾਦ : ਅਦਾਰਾ

ਆਸਾ ਰਾਮ ‘ਬਾਪੂ’ ਨੂੰ ਜਬਰ ਜਨਾਹ ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ

ਅਹਿਮਦਾਬਾਦ-ਗਾਂਧੀਨਗਰ ਦੀ ਇੱਕ ਅਦਾਲਤ ਨੇ ਆਸਾ ਰਾਮ ਨੂੰ 2013 ਵਿਚ ਇੱਕ ਮਹਿਲਾ ਸ਼ਰਧਾਲੂ ਨਾਲ ਜਬਰ ਜਨਾਹ ਦੇ ਕੇਸ ’ਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸਤਗਾਸਾ ਧਿਰ ਨੇ ਆਸਾ ਰਾਮ ਨੂੰ ‘ਆਦਤਨ ਅਪਰਾਧੀ’ ਦੱਸਦਿਆਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਸੀ। ਅਦਾਲਤ ਨੇ ਆਸਾ ਰਾਮ ਨੂੰ ਇਸ ਕੇਸ ’ਚ ਦੋਸ਼ੀ ਠਹਿਰਾਇਆ ਸੀ। ਵਧੀਕ ਸੈਸ਼ਨ ਜੱਜ ਡੀ ਕੇ ਸੋਨੀ ਨੇ ਆਸਾਰਾਮ ਨੂੰ 50 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। ਜੁਰਮਾਨੇ ਤੋਂ ਮਿਲਣ ਵਾਲੀ ਰਾਸ਼ੀ ਪੀੜਤਾ ਨੂੰ ਦਿੱਤੀ ਜਾਵੇਗੀ। ਇਸ ਸਮੇਂ ਜੋਧਪੁਰ ਜੇਲ੍ਹ ਵਿਚ ਬੰਦ 81 ਸਾਲਾਂ ਆਸਾ ਰਾਮ 2013 ’ਚ ਰਾਜਸਥਾਨ



ਵਿਚਲੇ ਆਪਣੇ ਆਸ਼ਰਮ ’ਚ ਇੱਕ ਨਾਬਾਲਗ ਲੜਕੀ ਨਾਲ ਜਬਰ ਜਨਾਹ ਦੇ ਇੱਕ ਵੱਖਰੇ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਗਾਂਧੀਨਗਰ ਦੀ ਅਦਾਲਤ ’ਚ ਆਸਾ ਰਾਮ ਦੀ ਪੇਸ਼ੀ ਵੀਡੀਓ ਕਾਨਫਰੰਸ ਰਾਹੀਂ ਹੋਈ ਅਤੇ ਇਸ ਦੌਰਾਨ ਜੱਜ ਨੇ ਫ਼ੈਸਲਾ ਸੁਣਾਇਆ। ਇੱਕ ਦਿਨ ਪਹਿਲਾਂ ਅਦਾਲਤ ਨੇ ਆਸਾ ਰਾਮ ਨੂੰ ਸੂਰਤ ਦੀ ਮਹਿਲਾ ਸ਼ਰਧਾਲੂ ਨਾਲ ਸਾਲ 2001 ਤੋਂ 2006 ਵਿਚਾਲੇ ਕਈ ਵਾਰ ਜਬਰ ਜਨਾਹ ਕਰਨ ਦਾ ਦੋਸ਼ੀ ਕਰਾਰ ਦਿੱਤਾ ਸੀ। ਸਬੰਧਤ ਮਹਿਲਾ ਨਾਲ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਹ ਆਸਾਰਾਮ ਦੇ ਅਹਿਮਦਾਬਾਦ ਦੇ ਮੋਟੇਰਾ ਆਸ਼ਰਮ ’ਚ ਰਹਿ ਰਹੀ ਸੀ।

ਪੀ.ਟੀ.ਆਈ

(**ਪੰਜਾਬੀ ਟ੍ਰਿਬਿਊਨ**, 1 **ਫਰਵਰੀ** 2023)

ਅਛੂਤ ਦਾ ਸਵਾਲ

ਸ਼ਹੀਦ ਭਗਤ ਸਿੰਘ

ਸਾਡੇ ਮੁਲਕ ਜਿੰਨੀ ਭੈੜੀ ਹਾਲਤ ਹੋਰ ਕਿਸੇ ਮੁਲਕ ਦੀ ਨਹੀਂ ਹੋਣੀ। ਇੱਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹਨ। ਇੱਕ ਬੜਾ ਭਾਰੀ ਸੁਆਲ ਅਛੂਤ ਦਾ ਸੁਆਲ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਅਬਾਦੀ ਵਾਲ਼ੇ ਮੁਲਕ ਵਿੱਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਹਨਾਂ ਨੂੰ ਛੂਹ ਲੈਣ ਨਾਲ਼ ਧਰਮ ਭ੍ਰਿਸ਼ਟ ਤਾਂ ਨਹੀਂ ਹੋਵੇਗਾ? ਕੀ ਉਹਨਾਂ ਨੂੰ ਮੰਦਰਾਂ ਵਿੱਚ ਜਾਣ ਦੇਣ ਨਾਲ਼ ਦੇਵਤੇ ਨਾਰਾਜ਼ ਤਾਂ ਨਹੀਂ ਹੋ ਜਾਣਗੇ? ਕੀ ਉਹਨਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ਼ ਖੂਹ ਪਲੀਤ ਤਾਂ ਨਹੀਂ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ 'ਚ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ।



ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੂਹਾਨੀਯਤ-ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝੱਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਕਹਾਉਣ ਵਾਲ਼ਾ ਯੂਰਪ ਕਈ ਸਦੀਆਂ ਤੋਂ ਇਕਮਈ ਦਾ ਸ਼ੋਰ ਮਚਾ ਰਿਹਾ ਹੈ। ਓਹਨਾਂ Equality (ਬਰਾਬਰੀ) ਦਾ ਐਲਾਨ ਅਮਰੀਕਾ ਅਤੇ ਫਰਾਂਸ ਦੇ ਇਨਕਲਾਬ ਵਿੱਚ ਹੀ ਕਰ ਦਿੱਤਾ ਸੀ ਅਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਦਾ ਭਿੰਨ ਭੇਦ ਮਿਟਾਉਣ ਦੀ ਖ਼ਾਤਰ ਇਕਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ-ਪਰਮਾਤਮਾ ਦੇ ਰੋਣੇ ਰੋਣ ਵਾਲ਼ੇ ਅੱਜ ਵੀ ਇਸ ਗੱਲ 'ਤੇ ਜ਼ੋਰਾਂ ਨਾਲ਼ ਬਹਿਸ ਕਰਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ। ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿੱਚ ਸਾਡੇ ਨਾਲ਼ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿੱਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?

ਸਿੰਧ ਦੇ ਇੱਕ ਮੁਸਲਮਾਨ ਸੱਜਣ ਮਿ: ਨੂਰ ਮੁਹੰਮਦ ਮੈਂਬਰ ਬੰਬਈ ਕੌਂਸਲ ਨੇ ਇਸ ਮਸਲੇ 'ਤੇ 1926 ਵਿੱਚ ਖ਼ੂਬ ਕਿਹਾ ਸੀ :

If the Hindu Society refuses to allow other human beings, fellow creatures so that to attend public schools, and if...the president of local board representing so many lakhs of people in this house-refuses to allow his fellows and brothers the elementary human right of having water to drink, what right have they to ask for more rights from the bureaucracy? Before we accuse people coming from other lands, we should see how we-ourselves behave toward our own people...How can we ask for greater political rights when we ourselves deny elementary rights of human beings.

ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇੱਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਵੀ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਹਨਾਂ ਨੂੰ ਮਦਰੱਸੇ ਵਿੱਚ ਪੜ੍ਹਨ ਵੀ ਨਹੀਂ ਦੇਂਦੇ ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹੋਰ ਹਕੂਕ ਮੰਗੋ? ਜਦ ਤੁਸੀਂ ਇੱਕ ਇਨਸਾਨ ਦੇ ਸਧਾਰਨ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ ਤਾਂ ਤੁਸੀਂ ਹੋਰ ਪੁਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿੱਥੋਂ ਬਣ ਗਏ? ਗੱਲ ਬੜੀ ਸੱਚੀ ਹੈ, ਪਰ ਇਹ ਕਿਉਂਕਿ ਇੱਕ ਮੁਸਲਮਾਨ ਨੇ ਕਹੀ ਹੈ ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖੋ ਜੀ ਉਹ ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿੱਚ ਰਲ਼ਾਉਣਾ ਚਾਹੁੰਦੇ ਹਨ। ਉਹਨਾਂ ਤਾਂ ਸਾਫ਼ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਹਨਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਰਿਆ ਸਮਝੋਗੇ ਤਾਂ ਉਹ ਜ਼ਰੂਰ ਹੀ ਦੂਜਿਆਂ ਮਜ਼ਹਬਾਂ ਵਿੱਚ ਜਾ ਸ਼ਾਮਿਲ ਹੋਣਗੇ, ਜਿਹਨਾਂ ਵਿੱਚ ਕਿ ਉਹਨਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿੱਥੇ ਕਿ ਉਹਨਾਂ ਨਾਲ਼ ਆਦਮੀਆਂ ਵਾਲ਼ਾ ਸਲੂਕ ਕੀਤਾ ਜਾਵੇਗਾ। ਫੇਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ।

ਕਿੱਡੀ ਸੱਚੀ ਗੱਲ ਹੈ ਪਰ ਇਹ ਸੁਣ ਕੇ ਸਾਰੇ ਤੜਪ ਉੱਠਦੇ ਹਨ। ਖ਼ੈਰ! ਠੀਕ ਇਸੇ ਗੱਲ ਦਾ ਫ਼ਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਿਤ ਵੀ ਕੁੱਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿੱਚ ਵਿੱਚ ਬੜੇ "ਯੁੱਗ ਪਲਟਾਊ" ਕਹਾਉਣ ਵਾਲ਼ੇ ਵੀ ਸ਼ਾਮਿਲ ਹੋਏ। ਪਟਨਾ ਹਿੰਦੂ ਮਹਾਂ ਸਭਾ ਹੋਈ। ਲਾਲਾ ਲਾਜਪਤ ਰਾਏ ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ, ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਹਨਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ? ਬੜੇ-ਬੜੇ Reformer (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ, ਤੇ ਇਹ ਦੋਵੇਂ

ਗੱਲਾਂ ਮਨਜ਼ੂਰ ਕਰ ਕੇ, ਹਿੰਦੂ ਧਰਮ ਦੀ 'ਲਾਜ' ਰੱਖ ਲਈ। ਨਹੀਂ ਤਾਂ ਕਿੱਥੇ ਠਿਕਾਣਾ ਸੀ, ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿੱਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿੱਚ ਨਿਸੰਗ ਫਿਰਦਾ ਹੈ ਪਰ ਇੱਕ ਆਦਮੀ ਸਾਡੇ ਨਾਲ਼ ਛੂਹ ਜਾਵੇ ਤਾਂ ਬੱਸ ਧਰਮ ਖ਼ਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਿਤ ਮਾਲਵੀਆ ਜੀ ਵਰਗੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ ਹੋਰ ਵੀ ਨਾ ਜਾਣੇ ਕੀ ਕੀ-ਪਹਿਲਾਂ ਇੱਕ ਅਛੂਤ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨ੍ਹਾਂ, ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖ਼ੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲ਼ਾ 'ਰੱਬ'! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉੱਥੇ ਜੇ ਉਹ ਗ਼ਰੀਬ ਜਾ ਵੜ੍ਹੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਰਾਜ਼ ਹੋ ਜਾਂਦਾ ਹੈ, ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ Equality ਜਾਂ ਬਰਾਬਰੀ ਦੇ ਨਾਮ 'ਤੇ ਝਗੜਦੇ ਚੰਗੇ ਲੱਗਦੇ ਹਾਂ? ਫੇਰ ਸਾਡੇ ਇਸ ਰਵੱਈਏ ਵਿੱਚ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿੱਚ ਵਾਧਾ ਕਰਦੇ ਹਨ, ਉਹਨਾਂ ਨੂੰ ਹੀ ਅਸੀਂ ਪਰ੍ਹੇ-ਪਰ੍ਹੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ?

ਅੱਜ ਇਸ ਸਵਾਲ 'ਤੇ ਬਹੁਤ ਸ਼ੋਰ ਹੋ ਰਿਹਾ ਹੈ: ਉਹਨਾਂ ਵਿਚਾਰਿਆਂ ਵੱਲ ਅੱਜ-ਕੱਲ੍ਹ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿੱਚ ਅਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿੱਚ ਫ਼ਿਰਕਾਵਾਰਾਨਾ ਨਿਆਬਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫ਼ਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫ਼ਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਹਨਾਂ ਅਛੂਤਾਂ ਨੂੰ ਮੁਸਲਮਾਨ ਬਣਾ-ਬਣਾ ਕੇ ਆਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਹਨਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ 'ਤੇ ਵੀ ਸੱਟ ਵੱਜੀ। ਜ਼ਿੱਦ ਵਧੀ। ਫ਼ਸਾਦ ਵੀ ਹੋਏ। ਖ਼ੈਰ! ਹੌਲ਼ੀ-ਹੌਲ਼ੀ ਸਿੱਖਾਂ ਵਿੱਚ ਵੀ ਖ਼ਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਹਨਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ, ਸਿੱਖਾਂ ਵਿੱਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ 'ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਹਨਾਂ ਨੂੰ ਆਪਣੇ-ਆਪਣੇ ਵੱਲ ਖਿੱਚ ਰਹੀਆਂ ਹਨ ਅਤੇ ਬੜਾ ਸ਼ੋਰ-ਸ਼ਰਾਬਾ ਹੈ। ਉੱਧਰ ਇਸਾਈ ਚੁੱਪ-ਚਾਪ ਉਹਨਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ਼ ਹਿੰਦੁਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ।

ਇੱਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖ਼ਾਤਰ ਇਹਨਾਂ ਵਿੱਚ ਫ਼ਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ-ਆਪਣੀ ਖ਼ੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਜਥੇਬੰਦ ਹੋਈਏ? ਇਸੇ ਖ਼ਿਆਲ ਨੂੰ ਸ਼ੁਰੂ ਕਰਨ ਵਿੱਚ ਅੰਗਰੇਜ਼ੀ ਸਰਕਾਰ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਇਸ ਦੇ ਪ੍ਰਚਾਰ ਵਿੱਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਥ ਸੀ। 'ਆਦਿ ਧਰਮ ਮੰਡਲ' ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

ਹੁਣ ਇੱਕ ਸਵਾਲ ਹੋਰ ਉੱਠਦਾ ਹੈ ਕਿ ਇਸ ਮਸਲੇ ਦਾ ਠੀਕ-ਠੀਕ ਹੱਲ ਕੀ ਹੈ? ਇਸ ਦਾ ਜਵਾਬ ਬੜਾ ਸੈਹਲ ਹੈ। ਸਭ ਤੋਂ ਪਹਿਲੋਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇੱਕੋ ਜਿਹੇ ਹਨ ਅਤੇ ਨਾ ਤਾਂ ਜਨਮ ਨਾਲ਼ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮ-ਕਾਜ ਨਾਲ਼। ਭਾਵ ਕਿਉਂਕਿ ਇੱਕ ਆਦਮੀ ਗ਼ਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ਼ ਕਰੇਗਾ ਤੇ ਦੁਨੀਆਂ ਵਿੱਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫ਼ਜ਼ੂਲ ਹਨ। ਇਹਨਾਂ ਵਰਗਿਆਂ ਆਦਮੀਆਂ ਨਾਲ਼ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ (Aryans) ਨੇ ਇਹ ਜ਼ੁਲਮ ਕੀਤਾ ਅਤੇ ਉਹਨਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ਼ ਹੀ ਇਹ ਵੀ ਫ਼ਿਕਰ ਪਿਆ ਕਿ ਇਹ ਬਗ਼ਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲਾਸਫੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫ਼ਲ ਹੈ। ਹੁਣ ਕੀ ਹੋ ਸਕਦਾ ਹੈ? ਚੁੱਪ ਕਰਕੇ ਗੁਜ਼ਾਰਾ ਕਰੋ। ਏਸ ਤਰ੍ਹਾਂ ਉਹਨਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇਹਨਾਂ ਨੂੰ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਹਨਾਂ ਬੜਾ 'ਪਾਪ' ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮ-ਵਿਸ਼ਵਾਸ ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ। ਬੜਾ ਜ਼ੁਲਮ ਤੇ ਕਹਿਰ ਕਮਾਇਆ। ਖ਼ੈਰ! ਅੱਜ ਉਸ ਦੇ ਪਛਤਾਵੇ ਦਾ ਵੇਲਾ ਹੈ।

ਇਸ ਦੇ ਨਾਲ਼ ਹੀ ਇੱਕ ਹੋਰ ਖ਼ਰਾਬੀ ਪੈਦਾ ਹੋ ਗਈ। ਲੋਕਾਂ ਦੇ ਮਨਾਂ ਵਿੱਚ ਜ਼ਰੂਰੀ ਕੰਮਾਂ ਵਾਸਤੇ ਘ੍ਰਿਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕੱਪੜਾ ਬੁਣਨ ਵਾਲ਼ੇ ਅਛੂਤ ਸਮਝੇ ਜਾਂਦੇ ਹਨ। ਯੂ.ਪੀ. ਵੱਲ ਕਹੀਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ਼ ਬੜੀ ਖ਼ਰਾਬੀ ਪੈਦਾ ਹੋ ਗਈ ਜਿਸ ਨਾਲ਼ ਕਿ ਸਾਡੀ ਤਰੱਕੀ ਵਿੱਚ ਬੜੀ ਰੁਕਾਵਟ ਪੈਂਦੀ ਹੈ।

ਇਹਨਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਅਗਾਂਹਾਂ ਵਧੀਏ। ਇਹਨਾਂ ਨੂੰ ਅਛੂਤ ਨਾ ਕਹੀਏ ਤੇ ਨਾ ਸਮਝੀਏ। ਬਸ ਮਾਮਲਾ ਸਾਫ਼ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖ਼ਤਿਆਰ

ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ-ਅਛੂਤ ਕਿਹਾ ਕਰਦੇ ਸਾਂ ਉਹਨਾਂ ਕੋਲੋਂ ਆਪਣੇ ਇਸ 'ਪਾਪ' ਵਾਸਤੇ ਖ਼ਿਮਾਂ ਮੰਗਣੀ ਅਤੇ ਉਹਨਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆ, ਕਲਮਾਂ ਪੜ੍ਹਾਇਆ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿੱਚ ਰਲ਼ਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿੱਚ ਖਿੱਚਾ ਧੂਹੀ ਕਰਨੀ ਤੇ ਅਮਲ ਵਿੱਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ।

ਜਦੋਂ ਪਿੰਡਾਂ ਵਿੱਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖੋ ਇਹ ਅਛੂਤਾਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਊ ਹਨ। ਬਸ ਜੱਟ ਇੰਨੇ ਵਿੱਚ ਹੀ ਭੂਤਰ ਪਏ। ਉਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ ਦੀ ਹਾਲਤ ਉੱਨਾ ਚਿਰ ਨਹੀਂ ਸੁਧਰ ਸਕਦੀ ਜਿੰਨਾ ਚਿਰ ਕਿ ਉਹ ਇਹਨਾਂ ਗ਼ਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਹੈ ਕਿ ਉਹ ਸਾਫ਼ ਨਹੀਂ ਰਹਿੰਦੇ? ਇਸ ਦਾ ਜਵਾਬ ਸਾਫ਼ ਹੈ, ਉਹ ਗ਼ਰੀਬ ਹਨ। ਗ਼ਰੀਬੀ ਦਾ ਇਲਾਜ ਕਰੋ। ਉੱਚੀਆਂ-ਉੱਚੀਆਂ ਕੁਲਾਂ ਦੇ ਗ਼ਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ਼ ਕਰਨ ਨਾਲ਼ ਅਛੂਤ ਨਹੀਂ ਹੋ ਜਾਂਦੀਆਂ।

ਪਰ ਇਹ ਕੰਮ ਉੱਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ-ਆਪ ਨੂੰ ਜਥੇਬੰਦ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਹਨਾਂ ਦਾ ਆਪਣੇ-ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿੱਚ ਹੋਣ ਕਰਕੇ ਉਹਨਾਂ ਦੇ ਬਰਾਬਰ ਹੱਕ ਹਕੂਮਤ ਮੰਗਣੀ ਬੜੀ ਆਸ਼ਾਜਨਕ ਤਹਿਰੀਕ ਹੈ। ਜਾਂ ਤਾਂ ਫ਼ਿਰਕਾਵਾਰਾਨਾ ਨਿਆਬੁਤ ਦਾ ਟੰਟਾ ਹੀ ਮੁਕਾਓ ਨਹੀਂ ਤਾਂ ਉਹਨਾਂ ਦੇ ਵੱਖਰੇ ਹਕੂਕ ਉਹਨਾਂ ਨੂੰ ਦੇਵੋ। ਕੌਂਸਲਾਂ ਤੇ ਅਸੈਂਬਲੀਆਂ ਦਾ ਫ਼ਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਅਜ਼ਾਦੀ ਇਹਨਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਸਗੋਂ ਨਾਲ਼ ਲੈ ਜਾ ਕੇ ਉਹਨਾਂ ਨੂੰ ਖੂਹਾਂ 'ਤੇ ਚੜ੍ਹਾਉਣ, ਨਾਲ਼ ਲੈ ਜਾ ਕੇ ਉਹਨਾਂ ਦੇ ਮੁੰਡਿਆਂ ਨੂੰ ਮਦਰੱਸਿਆਂ ਵਿੱਚ ਭਰਤੀ ਕਰਾਉਣ ਪਰ ਜਿਸ ਲੈਜਿਸਲੇਟਵ ਵਿੱਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿੱਲ 'ਤੇ ਮਜ਼ਹਬ ਦੇ ਬਹਾਨੇ ਲੈ ਕੇ ਹਾਏ ਤੌਬਾ ਮਚਾ ਦਿੱਤੀ ਜਾਂਦੀ ਹੈ, ਉੱਥੇ ਅਛੂਤਾਂ ਨੂੰ ਨਾਲ਼ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ।

ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਉਹਨਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ਼ ਕਹਿੰਦੇ ਹਾਂ ਕਿ ਉੱਠੋ! ਅਛੂਤ ਕਹਾਉਣ ਵਾਲ਼ੇ ਅਸਲੀ ਸੇਵਕੋ ਤੇ ਵੀਰੋ ਉੱਠੋ! ਆਪਣਾ ਇਤਿਹਾਸ ਦੇਖੋ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿੱਚ ਲਿਖੀਆਂ ਹੋਈਆਂ ਹਨ। ਤੁਸੀਂ ਜੋ ਨਿੱਤ ਸੇਵਾ ਕਰਕੇ ਕੌਮ ਦੇ ਸੁੱਖ ਵਿੱਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਨ ਬਣਾ ਕੇ ਇੱਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀਂ ਨਹੀਂ ਸਮਝਦੇ। (Land Alienation Act) ਇੰਤਕਾਲੇ ਆਰਜ਼ੀ ਐਕਟ ਦੇ ਮੁਤਾਬਿਕ ਤੁਸੀਂ ਪੈਸੇ ਇਕੱਠੇ ਕਰਕੇ ਵੀ ਜ਼ਮੀਨ ਨਹੀਂ ਖ਼ਰੀਦ ਸਕਦੇ। ਤੁਹਾਡੇ 'ਤੇ ਇੰਨਾ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ (Less than men) ਮਨੁੱਖਾਂ ਨਾਲ਼ੋਂ ਬਹੁਤ ਹੇਠਾਂ ਕਹਿੰਦੀ ਹੈ। ਉੱਠੋ! ਆਪਣੀ ਤਾਕਤ ਪਛਾਣੋ। ਜਥੇਬੰਦ ਹੋ ਜਾਓ। ਅਸਲ ਵਿੱਚ ਤੁਹਾਡੇ ਆਪਣੇ ਯਤਨ ਕੀਤਿਆਂ ਬਿਨ੍ਹਾਂ ਤੁਹਾਨੂੰ ਕੁੱਝ ਵੀ ਨਹੀਂ ਮਿਲ ਸਕੇਗਾ। (Those who would be free must themselves strike the blow.) ਅਜ਼ਾਦੀ ਦੀ ਖ਼ਾਤਰ ਅਜ਼ਾਦੀ ਚਾਹੁੰਣ ਵਾਲ਼ਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦੀ ਹੌਲ਼ੀ-ਹੌਲ਼ੀ ਕੁੱਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤਾਂ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਹਨਾਂ 'ਤੇ ਉਸ ਦਾ ਆਪਣਾ ਦਬਦਬਾ ਹੋਵੇ, ਉਹਨਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾਲ਼ ਨਹੀਂ ਮੰਨਿਆਂ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫੇਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰੱਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖ਼ੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। ਪਰ ਖ਼ਿਆਲ ਰੱਖਣਾ। ਨੌਕਰਸ਼ਾਹੀ ਦੇ ਝਾਂਸੇ ਵਿੱਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ ਬਲਕਿ ਤੁਹਾਨੂੰ ਆਪਣਾ ਸੰਦ ਬਣਾਉਣਾ ਚਾਹੁੰਦੀ ਹੈ। ਇਸ ਕਰਕੇ ਉਸ ਨਾਲ਼ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬਸ ਫੇਰ ਸਾਰਾ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁੱਝ ਨੁਕਸਾਨ ਨਹੀਂ ਹੋਵੇਗਾ ਕੇਵਲ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉੱਠੋ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗ਼ਾਵਤ ਖੜ੍ਹੀ ਕਰ ਦਿਓ। ਹੌਲ਼ੀ-ਹੌਲ਼ੀ ਸੁਧਾਰ ਤੇ ਰੀਫਾਰਮਾਂ ਨਾਲ਼ ਕੁੱਝ ਨਹੀਂ ਬਣ ਸਕਦਾ। ਸਮਾਜਿਕ ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੋਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ। ਤੁਸੀਂ ਹੀ ਤਾਂ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉੱਠੋ! ਸੁੱਤੇ ਹੋਏ ਸ਼ੇਰੋ, ਵਿਦਰੋਹੀਓ ਵਿਦਰੋਹ ਖੜ੍ਹਾ ਕਰ ਦਿਓ।


(ਸ਼ਹੀਦ ਭਗਤ ਸਿੰਘ ਦਾ ਇਹ ਲੇਖ "ਵਿਦਰੋਹੀ" ਨਾਮ ਹੇਠ ਜੂਨ 1928 ਦੇ "ਕਿਰਤੀ" ਵਿੱਚ ਛਪਿਆ ਸੀ)

ਅਦਿੱਖ ਨੂੰ ਦੇਖਣ ਦੀ ਕਲਾ: ਬਲੈਕ ਹੋਲ ਫੋਟੋਗ੍ਰਾਫੀ



ਹਰਜੀਤ ਸਿੰਘ

ਕਿਸੇ ਚੀਜ਼ ਨੂੰ ਦੇਖਣ ਲਈ ਪਹਿਲੀ ਸ਼ਰਤ ਹੈ ਕਿ ਉਸ ਤੋਂ ਨਿਕਲੀ ਰੌਸ਼ਨੀ ਜਾਂ ਉਸ ਦੁਆਰਾ ਪਰਿਵਰਤਿਤ ਕੀਤੀ ਰੌਸ਼ਨੀ ਸਾਡੀਆਂ ਅੱਖਾਂ ਤੱਕ ਪਹੁੰਚੇ। ਫ਼ੋਟੋ ਖਿੱਚਣ ਲਈ ਵੀ ਇਹੋ ਨਿਯਮ ਲਾਗੂ ਹੁੰਦਾ ਹੈ। ਪਰ ਬਲੈਕ ਹੋਲ, ਜਿਵੇਂ ਅਸੀਂ ਜਾਣਦੇ ਹਾਂ, ਅਜਿਹੀ ਚੀਜ਼ ਹੈ ਜੋ ਨਾ ਤਾਂ ਰੋਸ਼ਨੀ ਛੱਡਦਾ ਹੈ ਤੇ ਜੋ ਰੋਸ਼ਨੀ ਇਸ ’ਤੇ ਪੈਂਦੀ ਹੈ ਉਸ ਨੂੰ ਵੀ ਸੋਖ ਲੈਂਦਾ ਹੈ। ਤਾਂ ਫੇਰ ਆਪਾਂ ਇਸਦੀ ਫ਼ੋਟੋ ਨਹੀਂ ਖਿੱਚ ਸਕਦੇ। ਪਰ ਇੱਥੇ ਦਿੱਤੀ ਇਹ ਬਹੁ-ਚਰਚਿਤ ਤਸਵੀਰ ਸਾਡੀ ਆਕਾਸ਼ ਗੰਗਾ ਦੀ ਗੁਆਂਢੀ Messier 87 (M87) ਗਲੈਕਸੀ ਦੇ ਕੇਂਦਰ ਵਿੱਚ ਸਥਿਤ ਅਤਿ-ਭਾਰੇ ਬਲੈਕ ਹੋਲ ਦੀ ਹੈ। ਇਹ ਕਿਸੇ ਵੀ ਬਲੈਕ ਹੋਲ ਦੀ ਖਿੱਚੀ ਗਈ ਪਹਿਲੀ ਤਸਵੀਰ ਹੈ ਜੋ ਕਿ 10-ਅਪ੍ਰੈਲ 2019 ਨੂੰ ਜਾਰੀ ਕੀਤੀ ਗਈ। ਇਹ ਤਸਵੀਰ ਕਿਵੇਂ ਖਿੱਚੀ ਗਈ, ਆਓ ਜਾਣਦੇ ਹਾਂ, ਪਰ ਉਸ ਤੋਂ ਪਹਿਲਾਂ ਕੁਝ ਬਲੈਕ ਹੋਲ ਬਾਰੇ :



ਬਲੈਕ ਹੋਲ ਇਕ ਅਜਿਹੀ ਅਤਿ ਭਾਰੀ ਪੁਲਾੜੀ ਸ਼ੈਅ ਹੈ ਜਿਸਦਾ ਗੁਰੂਤਾ ਬਲ ਇੰਨਾ ਤਾਕਤਵਰ ਹੁੰਦਾ ਹੈ ਕਿ ਇਸ ਦੀ ਖਿੱਚ ਤੋਂ ਕੁਝ ਵੀ ਬਚ ਨਹੀਂ ਸਕਦਾ। ਏਥੋਂ ਤੱਕ ਕਿ ਇਸਦੇ ਅੰਦਰ ਗਈ ਰੋਸ਼ਨੀ ਵੀ ਬਾਹਰ ਨਹੀਂ ਆ ਸਕਦੀ। ਇਸੇ ਲਈ ਇਸਨੂੰ ਬਲੈਕ ਹੋਲ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਇਸਦਾ ਕੋਈ ਨਾਮ ਨਹੀਂ ਮਿਲਦਾ ਪਰ ਮੇਰੇ ਹਿਸਾਬ ਨਾਲ ਅੰਨ੍ਹੀ ਮੋਰੀ ਕਿਹਾ ਜਾ ਸਕਦਾ ਹੈ।


ਬਲੈਕ ਹੋਲ ਕਿਵੇਂ ਬਣਦੇ ਹਨ ?

ਬਲੈਕ ਹੋਲ ਤਾਰਿਆਂ ਦੀ ਮੌਤ ਵਿੱਚੋਂ ਪੈਦਾ ਹੁੰਦੇ ਹਨ। ਇੱਕ ਤਾਰੇ ਦੀ ਮੌਤ ਕਿੱਦਾਂ ਹੋਏਗੀ, ਇਹ ਉਸਦੇ ਪੁੰਜ ’ਤੇ ਨਿਰਭਰ ਕਰਦਾ ਹੈ। ਔਸਤ ਪੁੰਜ ਦੇ ਤਾਰੇ (ਸੂਰਜ ਦੇ ਪੁੰਜ ਤੋਂ 1.4 ਗੁਣਾ ਜ਼ਿਆਦਾ ਤੱਕ) ਆਪਣੀ ਹਾਈਡ੍ਰੋਜਨ ਖਤਮ ਕਰਕੇ, ਲਾਲ ਦਿਓ (ਰੈੱਡ ਜਾਇੰਟ) ਬਣਕੇ ਹੀਲੀਅਮ ਵਰਤਣ ਲਗਦੇ ਨੇ ਅਤੇ ਫਿਰ ਆਕਸੀਜਨ ਤੱਕ ਤੱਤ ਬਣਾਉਂਦੇ ਹਨ। ਇਸ ਪ੍ਰਕਿਰਿਆ ਵਿੱਚ ਇਨ੍ਹਾਂ ਦਾ ਆਕਾਰ ਬਹੁਤ ਵੱਡਾ ਹੋ ਜਾਂਦਾ ਹੈ ਤੇ ਇਹ ਹੌਲੀ-ਹੌਲੀ ਆਪਣੀਆਂ ਬਾਹਰਲੀਆਂ ਪਰਤਾਂ ਗੁਆ ਕੇ ਪਲੈਨਟਰੀ ਨੇਬੂਲਾ ਬਣ ਜਾਂਦੇ ਨੇ ਅਤੇ ਤਾਰੇ ਦਾ ਅੰਦਰਲਾ ਹਿੱਸਾ ਚਿੱਟਾ ਬੌਣਾ (ਵਾਈਟ ਡਵਾਰਫ਼) ਬਣ ਜਾਂਦਾ ਹੈ, ਸਾਡਾ ਸੂਰਜ ਇਸੇ ਤਰ੍ਹਾਂ ਦਾ ਤਾਰਾ ਹੈ ਤੇ ਇਹ ਲਾਲ ‘ਦਿਓ’ ਬਣਕੇ ਇੱਕ ਦਿਨ ਧਰਤੀ ਨੂੰ ਵੀ ਨਿਗਲ ਲਏਗਾ। ਪਰ ਇਸ ਵਿੱਚ ਹਾਲੇ ਅਰਬਾਂ ਸਾਲ ਲੱਗਣਗੇ ਸੋ ਘਬਰਾਉਣ ਦੀ ਲੋੜ ਨਹੀਂ ਹੈ। ਬਹੁਤ ਹਲਕੇ ਤਾਰੇ, ਜਿਨ੍ਹਾਂ ਨੂੰ ਲਾਲ ਬੌਣੇ (ਰੈੱਡ ਡਵਾਰਫ਼) ਕਿਹਾ ਜਾਂਦਾ ਹੈ, ਆਪਣੀ ਹਾਈਡ੍ਰੋਜਨ ਬਹੁਤ ਹੌਲੀ ਖਰਚਦੇ ਨੇ ਤੇ ਖਰਬਾਂ ਸਾਲਾਂ ਤੱਕ ਜਿਉਂਦੇ ਰਹਿ ਸਕਦੇ ਨੇ। 1.4 ਸੂਰਜੀ ਪੁੰਜ ਤੋਂ ਭਾਰੇ ਤਾਰੇ ਇੱਕ ਵੱਡੇ ਧਮਾਕੇ ਨਾਲ ਖਤਮ ਹੁੰਦੇ ਨੇ ਜਿਸਨੂੰ ਸੁਪਰਨੋਵਾ ਕਿਹਾ ਜਾਂਦਾ ਹੈ। ਸੁਪਰਨੋਵਾ ਤੋਂ ਬਾਅਦ, ਜੇਕਰ ਬਚਿਆ ਹੋਇਆ ਪੁੰਜ 5 ਸੂਰਜੀ ਪੁੰਜਾਂ ਤੋਂ ਵੱਡਾ ਹੋਵੇ ਤਾਂ ਇਹ ਬਲੈਕ ਹੋਲ ਵਿੱਚ ਬਦਲ ਜਾਂਦਾ ਹੈ। ਇਨ੍ਹਾਂ ਨੂੰ ਅੱਗੇ ਕਈ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਜੇਕਰ ਇਸਦਾ ਪੁੰਜ 1 ਲੱਖ ਸੂਰਜੀ ਪੁੰਜਾਂ ਤੋਂ ਵੱਧ ਹੋਵੇ ਤਾਂ ਇਸਨੂੰ ਸੁਪਰਮਾਸਿਵ (ਅਤਿ ਭਾਰਾ) ਬਲੈਕ ਹੋਲ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਹ ਬਲੈਕ ਹੋਲ ਸ਼ੁਰੂਆਤ ਵਿੱਚ ਸੂਰਜ ਤੋਂ 20-100 ਕੁ ਗੁਣਾ ਭਾਰੇ ਹੁੰਦੇ ਹਨ ਪਰ ਬਾਅਦ ਵਿੱਚ ਹੋਰ ਬਲੈਕ ਹੋਲਾਂ ਨਾਲ ਟਕਰਾਅ ਕਰਕੇ ਉਨ੍ਹਾਂ ਦਾ ਭਾਰ ਵੱਧਦਾ ਹੈ ਅਤੇ ਫੇਰ ਆਸ ਪਾਸ ਦੇ ਤਾਰਿਆਂ ਜਾਂ ਗੈਸ ਨੂੰ ਨਿਗਲ ਕੇ ਉਹ ਸੁਪਰਮਾਸਿਵ ਬਣ ਜਾਂਦੇ ਹਨ। ਇਹ ਬਲੈਕ ਹੋਲ ਲਗਪਗ ਹਰ ਗਲੈਕਸੀ ਦੇ ਕੇਂਦਰ ਵਿੱਚ ਸਥਿਤ ਹਨ ਅਤੇ ਗਲੈਕਸੀ ਦੀ ਸ਼ੁਰੂਆਤ ਤੋਂ ਪਹਿਲਾਂ ਬਣ ਜਾਂਦੇ ਹਨ।

ਬਲੈਕ ਹੋਲ ਵਰਗੀਆਂ ਚੀਜ਼ਾਂ ਦਾ ਜ਼ਿਕਰ ਸਭ ਤੋਂ ਪਹਿਲਾਂ ਅਮਰੀਕੀ ਦਾਰਸ਼ਨਿਕ ਜੌਹਨ ਮਾਈਕਲ ਅਤੇ ਫ੍ਰਾਂਸੀਸੀ ਹਿਸਾਬਦਾਨ ਪੈਰੀ ਸਾਈਮਨ ਡੀ ਲੈਪਲੈਸ ਨੇ ਕੀਤਾ ਪਰ ਇਸਦਾ ਅਸਲ ਸਫ਼ਰ ਅਲਬਰਟ ਆਈਨ ਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਤੋਂ 1915 ਵਿੱਚ ਸ਼ੁਰੂ ਹੋਇਆ।

ਆਈਨਸਟਾਈਨ ਨੇ ਸਪੇਸ-ਟਾਈਮ ਫੈਬਰਿਕ ਦਾ ਸਿਧਾਂਤ ਦਿੱਤਾ। ਇਸਦੇ ਅਨੁਸਾਰ ਪੂਰੇ ਬ੍ਰਹਿਮੰਡ ਵਿੱਚ ਸਪੇਸ-ਟਾਈਮ ਫੈਬਰਿਕ ਫੈਲਿਆ ਹੋਇਆ ਹੈ ਅਤੇ ਸਾਰੀਆਂ ਵਸਤਾਂ (ਤਾਰੇ, ਗ੍ਰਹਿ, ਉਪਗ੍ਰਹਿ, ਬਲੈਕ ਹੋਲ, ਪ੍ਰਕਾਸ਼, ਆਦਿ) ਇਸ ਦੇ ਉੱਪਰ ਰਹਿੰਦੇ ਨੇ ਅਤੇ ਆਪਣੇ ਪੁੰਜ ਅਨੁਸਾਰ ਸਪੇਸ-ਟਾਈਮ ਫੈਬਰਿਕ ਨੂੰ ਝੁਕਾਉਂਦੇ ਹਨ। ਇਸੇ ਝੁਕਾਅ ਨੂੰ ਗੁਰੂਤਾ ਖਿੱਚ ਕਿਹਾ ਜਾਂਦਾ ਹੈ। ਇਸਨੂੰ ਸੌਖਿਆਂ ਸਮਝਣ ਲਈ ਸਪੇਸ-ਟਾਈਮ ਫੈਬਰਿਕ ਨੂੰ ਖਿੱਚ ਕੇ ਤਾਣੀ ਹੋਈ ਇੱਕ ਚਾਦਰ ਦੀ ਤਰ੍ਹਾਂ ਮੰਨਿਆ ਜਾ ਸਕਦਾ ਹੈ। ਹੁਣ ਜੇ ਇਸ ਚਾਦਰ 'ਤੇ ਕੁਝ ਵੀ ਰੱਖਿਆ ਜਾਵੇ ਤਾਂ ਓਹ ਆਪਣੇ ਭਾਰ ਮੁਤਾਬਕ ਚਾਦਰ ਵਿੱਚ ਇੱਕ ਡੂੰਘਾਣ ਪੈਦਾ ਕਰੇਗਾ। ਏਹੋ ਕੰਮ ਸਪੇਸ-ਟਾਈਮ ਫੈਬਰਿਕ ਤੇ ਸਭ ਤਾਰੇ ਆਦਿਕ ਕਰਦੇ ਹਨ। ਜਿੰਨਾ ਜਿਆਦਾ ਪੁੰਜ, ਓਨੀ ਜਿਆਦਾ ਡੂੰਘ।

ਸਪੇਸ-ਟਾਈਮ ਫੈਬਰਿਕ ਤੇ ਸਾਰੀਆਂ ਚੀਜ਼ਾਂ ਸਿੱਧੀ ਰੇਖਾ ਵਿੱਚ ਚਲਦੀਆਂ ਹਨ, ਪਰ ਜਿਓਂ ਹੀ ਫੈਬਰਿਕ ਵਿੱਚ ਕਿਸੇ ਭਾਰੀ ਵਸਤ ਕਰਕੇ ਡੂੰਘਾਈ ਆਉਂਦੀ ਹੈ, ਤਾਂ ਚਲਦੀ ਚੀਜ਼ ਨੂੰ ਆਪਣਾ ਰਸਤਾ ਬਦਲਣਾ ਪੈਂਦਾ ਹੈ। ਹੁਣ ਇਹ ਉਸ ਚੀਜ਼ ਦੀ ਗਤੀ, ਡੂੰਘਾਈ ਅਤੇ ਮੂਲ ਵਸਤ ਤੋਂ ਦੂਰੀ 'ਤੇ ਨਿਰਭਰ ਕਰੇਗਾ ਕਿ ਚਲਦੀ ਚੀਜ਼ ਰਸਤਾ ਬਦਲ ਕੇ ਅੱਗੇ ਜਾਏਗੀ, ਮੂਲ ਵਸਤ ਨਾਲ ਟਕਰਾ ਜਾਏਗੀ ਜਾਂ ਉਸਦੀ ਪਰਿਕਰਮਾ ਕਰਨ ਲੱਗੇਗੀ। ਪ੍ਰਕਾਸ਼ ਵੀ ਜਦੋਂ ਕਿਸੇ ਜ਼ਿਆਦਾ ਪੁੰਜ ਵਾਲੇ ਪਦਾਰਥ ਕੋਲ ਦੀ ਲੰਘਦਾ ਹੈ ਤਾਂ ਮੁੜ ਜਾਂਦਾ ਹੈ। ਹੁਣ ਜਦੋਂ ਗੱਲ ਬਲੈਕ ਹੋਲ 'ਤੇ ਆਉਂਦੀ ਹੈ ਤਾਂ ਬਲੈਕ ਹੋਲ ਆਪਣੇ ਬਹੁਤ ਜਿਆਦਾ ਪੁੰਜ ਜਾਂ ਘਣਤਾ ਕਰਕੇ ਏਨਾ ਡੂੰਘਾ ਚਲਾ ਜਾਂਦਾ ਹੈ ਕਿ ਓਥੋਂ ਕਿਸੇ ਵੀ ਚੀਜ਼ ਦਾ ਵਾਪਿਸ ਨਿਕਲਣਾ ਅਸੰਭਵ ਹੋ ਜਾਂਦਾ ਹੈ।



ਬਲੈਕ ਹੋਲ ਦੇ ਕੇਂਦਰ ਵਿੱਚ ਅਸੀਮ ਗੁਰੂਤਾ ਖਿੱਚ ਨਾਲ ਸਾਰਾ ਮਾਦਾ ਇੱਕ ਥਾਂ 'ਤੇ ਸੁੰਗੜਿਆ ਹੁੰਦਾ ਹੈ ਅਤੇ ਇੱਥੇ ਭੌਤਿਕ ਵਿਗਿਆਨ ਦੇ ਸਾਡੇ ਸਿਧਾਂਤ ਕੰਮ ਨਹੀਂ ਕਰਦੇ। ਇਸਨੂੰ ਸਿੰਗੁਲੈਰੀਟੀ ਕਿਹਾ ਜਾਂਦਾ ਹੈ। ਇਸ ਤੋਂ ਬਾਹਰ ਆਉਂਦਾ ਹੈ ਈਵੈਂਟ ਹੌਰਾਈਜ਼ਨ ਜੋ ਕਿ 1 ਸ਼ਵਾਟਜ਼ਚਾਈਲਡ ਅਰਧ-ਵਿਆਸ 'ਤੇ ਸਥਿਤ ਹੁੰਦਾ ਹੈ। ਜੇਕਰ ਤੁਸੀਂ ਬਲੈਕ ਹੋਲ ਦੇ ਨੇੜੇ ਜਾ ਰਹੇ ਹੋ ਤਾਂ ਵਾਪਿਸ ਮੁੜਨ ਦੀ ਇਹ ਤੁਹਾਡੀ ਆਖਰੀ ਹੱਦ ਹੈ, ਇਸਤੋਂ ਅੱਗੇ ਗਈ ਕੋਈ ਵੀ ਚੀਜ਼ ਏਥੋਂ ਤੱਕ ਕਿ ਪ੍ਰਕਾਸ਼ ਵੀ ਵਾਪਿਸ ਨਹੀਂ ਆ ਸਕਦਾ। ਉਸ ਤੋਂ ਬਾਹਰ ਫੋਟੋਨ ਸਫੀਅਰ ਹੈ ਜੋ 1.5 ਸ਼ਵਾਟਜ਼ਚਾਈਲਡ ਅਰਧ-ਵਿਆਸ 'ਤੇ ਹੁੰਦਾ ਹੈ ਜੋ ਕਿ ਪ੍ਰਕਾਸ਼ ਲਈ ਆਖਰੀ ਸਥਿਰ ਪਰਕਰਮਾ ਪੰਧ ਹੈ। ਇਸ ਅਰਧ ਵਿਆਸ 'ਤੇ ਪ੍ਰਕਾਸ਼ ਬਲੈਕ ਹੋਲ ਦੀ ਬਿਨਾਂ ਅੰਦਰ ਸਮਾਏ ਪਰਿਕਰਮਾ ਕਰ ਸਕਦਾ ਹੈ। ਸਭ ਤੋਂ ਬਾਹਰ ਹੈ 3 ਸ਼ਵਾਜ਼ਚਾਈਲਡ ਅਰਧ ਵਿਆਸ ਤੇ ਮਾਦੇ ਦਾ ਆਖਰੀ ਸਥਿਰ ਪਰਿਕਰਮਾ ਪੰਧ।

ਬਲੈਕ ਹੋਲ ਦੀ ਤਸਵੀਰ ਅਤੇ ਈਵੈਂਟ ਹੌਰਾਈਜ਼ਨ ਦੂਰਬੀਨ ਬਾਰੇ : ਤਸਵੀਰ ਦੀ ਗੱਲ ਕਰੀਏ ਤਾਂ ਹੁਣ ਤੱਕ, ਬਲੈਕ ਹੋਲ ਪੂਰੇ ਤੌਰ 'ਤੇ ਨਹੀਂ ਦੇਖਿਆ ਜਾਂਦਾ ਸੀ ਸਗੋਂ ਇਸਦੇ ਆਸ ਪਾਸ ਦੇ ਤਾਰਿਆਂ ਦੇ ਪੰਧ ਦੇਖ ਕੇ ਅੰਦਾਜ਼ਾ ਲਗਾਇਆ ਜਾਂਦਾ ਸੀ ਪਰ 10 ਅਪ੍ਰੈਲ 2019 ਨੂੰ ਆਈ ਇੱਕ ਤਸਵੀਰ ਨੇ ਸਭ ਬਦਲ ਕੇ ਰੱਖ ਦਿੱਤਾ।

ਈਵੈਂਟ ਹੌਰਾਈਜ਼ਨ ਦੂਰਬੀਨ ਇੱਕ ਰੇਡੀਓ ਦੂਰਬੀਨ ਹੈ। ਬਲੈਕ ਹੋਲ ਤੋਂ ਆ ਰਹੀਆਂ ਰੇਡੀਓ ਤਰੰਗਾਂ ਦੀ ਲੰਬਾਈ ਬਹੁਤ ਜ਼ਿਆਦਾ ਹੁੰਦੀ ਹੈ। ਸੋ ਇਹਨਾਂ ਦਾ ਵਿਸ਼ਲੇਸ਼ਣ ਕਰਨ ਲਈ ਬਹੁਤ ਵੱਡੀ, ਅਸਲ ਚ ਧਰਤੀ ਦੇ ਆਕਾਰ ਜਿੱਡੀ, ਦੂਰਬੀਨ ਚਾਹੀਦੀ ਹੈ। ਅਜਿਹਾ ਨਾ ਹੀ ਹੋ ਸਕਦਾ ਹੈ ਤੇ ਨਾ ਹੀ ਕੀਤਾ ਗਿਆ। EHT ਪ੍ਰੋਜੈਕਟ ਨੂੰ ਕਈ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਧਰਤੀ ਦੇ ਦੁਆਲੇ 6 ਦੇਸ਼ਾਂ ਵਿੱਚ 8 ਰੇਡੀਓ ਡਿਸ਼ਾਂ ਲਗਾਈਆਂ ਗਈਆਂ ਜੋ ਕਿ ਬਲੈਕ ਹੋਲ ਤੋਂ ਆਉਂਦੀਆਂ ਤਰੰਗਾਂ ਨੂੰ ਫੜ ਕੇ ਇੱਕ ਦੂਜੇ ਨਾਲ ਸੰਤੁਲਨ ਵਿੱਚ ਕੰਮ ਕਰਦੀਆਂ ਹੋਈਆਂ ਸਾਰੇ ਡਾਟੇ ਨੂੰ ਇੱਕ ਥਾਂ 'ਤੇ ਇਕੱਠਾ ਕਰਦੀਆਂ ਗਈਆਂ। ਇਸ ਕੰਮ ਵਿੱਚ ਸਭ ਤੋਂ ਜ਼ਰੂਰੀ ਸੀ ਸਾਰੀਆਂ ਡਿਸ਼ਾਂ 'ਤੇ ਸਮੇਂ ਦਾ ਸਹੀ ਹੋਣਾ 'ਤੇ ਇੱਕੋ ਹੋਣਾ। ਇਸ ਦੇ ਲਈ ਪ੍ਰਮਾਣੂ ਘੜੀਆਂ ਨੂੰ ਵਰਤਿਆ ਗਿਆ ਜੋ ਕਿ 10 ਲੱਖ ਸਾਲਾਂ ਦੇ ਬਾਅਦ ਇੱਕ ਸੈਕਿੰਡ ਦਾ ਫ਼ਰਕ ਪਾਉਂਦੀਆਂ ਹਨ।

EHT ਵੱਲੋਂ 2006 ਵਿੱਚ ਕੰਮ ਸ਼ੁਰੂ ਕੀਤਾ ਗਿਆ ਸੀ ਤੇ 2017 ਤੱਕ ਇਹ ਪੂਰਾ ਹੋ ਗਿਆ। ਇਕੱਠਾ ਕੀਤਾ ਡਾਟਾ ਐਨਾ ਸੀ ਕਿ ਇਸਨੂੰ ਤਸਵੀਰ ਵਿੱਚ ਬਦਲਣ ਲਈ 2 ਸਾਲ ਦਾ ਸਮਾਂ ਲੱਗ ਗਿਆ। ਇਸਨੇ 2 ਬਲੈਕ ਹੋਲਾਂ ਦੀਆਂ ਤਸਵੀਰਾਂ ਲਈਆਂ, ਇੱਕ ਸਾਡੀ ਆਕਾਸ਼ ਗੰਗਾ ਦੇ ਕੇਂਦਰ ਦਾ Sagittarius A* ਬਲੈਕ ਹੋਲ ਤੇ ਦੂਸਰਾ Messier 87 ਗਲੈਕਸੀ ਦੇ ਕੇਂਦਰ ਦਾ ਬਲੈਕ ਹੋਲ। ਸਭ ਨੂੰ ਹੀ ਆਕਾਸ਼ ਗੰਗਾ ਦੇ ਬਲੈਕ ਹੋਲ ਦੀ ਤਸਵੀਰ ਦਾ ***ਬਾਕੀ ਪੰਨਾ 17 'ਤੇ***

ਜ਼ਿੰਦਗੀ ਦਾ ਸੁਹਜ

ਰਸ਼ਪਿੰਦਰ ਪਾਲ

ਵਿਹਲੇ ਪੀਰੀਅਡ ਸਕੂਲ ਲਾਇਬਰੇਰੀ ਸਾਡਾ ਟਿਕਾਣਾ ਹੁੰਦੀ। ਕਿਤਾਬਾਂ, ਪੋਸਟਰਾਂ ਨਾਲ ਭਰਿਆ ਲਾਇਬਰੇਰੀ ਵਾਲਾ ਕਮਰਾ ਸਾਡੇ ਮਨ ਦਾ ਸਕੂਨ ਬਣਦਾ। ਅਲਮਾਰੀਆਂ ਵਿੱਚ ਪਈਆਂ ਬਾਹਰ ਤੱਕਦੀਆਂ ਪੁਸਤਕਾਂ। ਚੁਫੇਰੇ ਲੱਗੀਆਂ ਲੇਖਕਾਂ ਦੀਆਂ ਤਸਵੀਰਾਂ। ਮੇਜ਼ ’ਤੇ ਪਏ ਅਖ਼ਬਾਰ ਤੇ ਮੈਗਜ਼ੀਨ ਸੁਹਜ ਤੇ ਸੰਜਮ ਦਾ ਪ੍ਰਤੀਕ ਜਾਪਦੇ। ਉੱਥੇ ਬੈਠ ਚੁੱਪ ਚਾਪ ਆਪਣੇ ਕੰਮ ਵਿੱਚ ਜੁਟੇ ਰਹਿਣਾ ਚੰਗਾ ਲਗਦਾ। ਹੌਲੀ ਬੋਲਣਾ, ਫਜ਼ੂਲ ਗੱਲ ਨਾ ਕਰਨਾ ਤੇ ਉੱਥੇ ਪੜ੍ਹ ਰਹੇ ਵਿਦਿਆਰਥੀਆਂ ਦਾ ਖ਼ਿਆਲ ਰੱਖਣਾ ਲਾਇਬਰੇਰੀ ਦਾ ਅਨੁਸ਼ਾਸਨ ਸੀ। ਸਕੂਲ ਵਿੱਚ ਨਵੀਂ ਆਈ ਅਧਿਆਪਕਾ ਸਾਡੇ ਕੋਲ ਬਹਿਣ ਲੱਗੀ। ਉਸਦੇ ਪਰਸ ਵਿੱਚ ਪੜ੍ਹਨ ਲਈ ਆਪਣੀ ਪੁਸਤਕ ਹੁੰਦੀ। ਵਕਤ ਮਿਲਣ ’ਤੇ ਆਪ ਪੜ੍ਹਦੀ ਤੇ ਵਿਦਿਆਰਥਣਾਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਦੀ। ਜ਼ਰਾ ਵੀ ਵਕਤ ਅਜਾਈਂ ਨਾ ਜਾਣ ਦਿੰਦੀ। ਸਾਦਗੀ ਤੇ ਨਿਮਰਤਾ ਦੀ ਮੂਰਤ। ਨਿਰਛਲ ਸੋਚ ਤੇ ਅਗਾਂਹਵਧੂ ਵਿਚਾਰ, ਉਸਦੇ ਸਾਥ ਨਾਲ ਲਾਇਬਰੇਰੀ ਦਾ ਮਾਹੌਲ ਹੋਰ ਸੁਖਾਵਾਂ ਹੋ ਗਿਆ।

> **ਕਾਰਣ ਮੈਂ ਖੋਜ ਲਿਆ ਹੈ। ਘਰ ਕੋਈ ਮੁਸ਼ਕਲ ਸੀ, ਉਹ ਮਾਪਿਆਂ ਦੇ ਸਹਿਯੋਗ ਨਾਲ ਹੱਲ ਹੋ ਗਈ ਹੈ। ਸਕੂਲ ਸਟਾਫ਼ ਦੇ ਪੁੱਛਣ ’ਤੇ ਉਸਨੇ “...’ਤੇ ਦੇਵ ਪੁਰਸ਼ ਹਾਰ ਗਏ” ਪੁਸਤਕ ਸਾਡੇ ਸਾਹਵੇਂ ਲਿਆ ਰੱਖੀ। ਵਿਗਿਆਨਕ ਸੋਚ, ਘਟਨਾਵਾਂ ਦੇ ਕਾਰਣ ਜਾਨਣ ਤੇ ਸਮਝਣ ਲਈ ਇਸ ਪੁਸਤਕ ਨਾਲ਼ ਸੰਵਾਦ ਜਰੂਰੀ ਹੈ।**

ਉਹ ਜਲਦੀ ਹੀ ਸਾਡੇ ਨਾਲ ਘੁਲ ਮਿਲ ਗਈ। ਉਸ ਦੀ ਸਖਸ਼ੀਅਤ ਸਨੇਹ, ਸਹਿਯੋਗ ਦਾ ਸਾਕਾਰ ਰੂਪ ਸੀ। ਆਪਣੇ ਹਿੱਸੇ ਦਾ ਕੰਮ ਮਨ ਲਾ ਕੇ ਕਰਦੀ। ਕੰਮ ਦੀ ਸਫਲਤਾ ਉਸਦੀ ਖ਼ੁਸ਼ੀ ਬਣਦੀ। ਅੱਕਣਾ, ਥੱਕਣਾ ਤੇ ਈਰਖਾ, ਸਾੜਾ ਉਸ ਦੇ ਨੇੜ ਦੀ ਨਹੀਂ ਸੀ ਲੰਘਦੇ। ਉਸਦੇ ਸ਼ਬਦਾਂ ਵਿੱਚ ਸੁਹਜ ਤੇ ਬੋਲਾਂ ਵਿੱਚ ਮਿਠਾਸ ਰਚੀ ਜਾਪਦੀ। ਨਵੇਂ ਸ਼ਬਦ ਤੇ ਖ਼ਿਆਲ ਉਸਦੇ ਅੰਗ ਸੰਗ ਰਹਿੰਦੇ। ਉਸਦੇ ਮਨ ਮਸਤਕ ਵਿੱਚ ਪੁਸਤਕਾਂ ਵਸਦੀਆਂ। ਉਨ੍ਹਾਂ ਤੋਂ ਉਹ ਪ੍ਰੇਰਨਾ ਲੈਂਦੀ। ਜਦ ਕਦੇ ਅਜਿਹੇ ਗੁਣਾਂ ਦੀ ਚਰਚਾ ਛਿੜਦੀ ਤਾਂ ਉਹ ਮੁਸਕਰਾਉਂਦਿਆਂ ਆਖਦੀ ਇਹ ਪਹਿਲੇ ਅਧਿਆਪਕ ਦੀ ਪ੍ਰੇਰਨਾ ਹੈ। ਅਸੀਂ ਮਨ ਹੀ ਮਨ ਉਸਦੇ ਅਜਿਹੇ ਅਧਿਆਪਕ ਨੂੰ ਨਮਨ ਕਰਦੀਆਂ। ਅਗਲੇ ਦਿਨ ਉਸਨੇ ਸਾਡੀ ਲਾਇਬਰੇਰੀ ਵਿੱਚੋਂ ਪਹਿਲਾ ਅਧਿਆਪਕ ਪੁਸਤਕ ਲੱਭ ਸਾਡੇ ਹੱਥ ਫੜਾਈ। ਦੱਸਣ ਲੱਗੀ, ਇਹ ਸੰਸਾਰ ਦੀ ਕਲਾਤਮਕ ਲਿਖ਼ਤ ਹੈ। ਹਰੇਕ ਅਧਿਆਪਕ ਲਈ ਇਹ ਇੱਕ ਸਬਕ ਹੈ। ਵਿਹਲੇ ਬੈਠੇ, ਸ਼ਰਾਰਤਾਂ ਕਰਦੇ ਵਿਦਿਆਰਥੀਆਂ ਨੂੰ ਉਹ ਪ੍ਰੇਰਦੀ ਨਾ ਥੱਕਦੀ। ਸਮਝਾਉਂਦੀ, ਵਿਹਲਾ ਵਕਤ ਪੁਸਤਕਾਂ ਨਾਲ ਗੁਜ਼ਾਰੋਗੇ ਤਾਂ ਜੀਵਨ ਗਹਿਣਾ ਬਣ ਜਾਏਗਾ।


ਇੱਕ ਦਿਨ ਨਿੱਜੀ ਡਾਇਰੀ ਉਸਦੇ ਬੈਗ ਵਿੱਚ ਦਿਸੀ। ਖ਼ੁਸ਼ਖ਼ਤ ਲਿਖਾਈ ਨਾਲ ਮੋਤੀਆਂ ਵਾਂਗ ਪਰੋਏ ਸ਼ਬਦ। ਪੜ੍ਹੀਆਂ ਪੁਸਤਕਾਂ ਵਿੱਚੋਂ ਨੋਟ ਕੀਤੇ ਲੇਖਕਾਂ ਦੇ ਖ਼ਿਆਲ। ਉਸਦੇ ਸੁਪਨਿਆਂ ਦੀ ਬਾਤ ਪਾਉਂਦੇ ਕਾਵਿ ਟੋਟੇ ਡਾਇਰੀ ਦੇ ਪੰਨਿਆਂ ਦਾ ਸ਼ਿੰਗਾਰ ਸਨ। ਉਸ ਦਾ ਕਹਿਣਾ ਸੀ ਕਿ ਡਾਇਰੀ ਉਸ ਦੀ ਜਿੰਦ ਜਾਨ ਹੈ। ਉਸ ਦੇ ਅਜਿਹੇ ਸ਼ੌਕ ਨਿਵੇਕਲੀ ਸ਼ਖਸ਼ੀਅਤ ਦੇ ਰੰਗ ਸਨ। ਸਾਨੂੰ ਇਹ ਉਸਦੇ ਬੇਸ਼ਕੀਮਤੀ ਗਹਿਣੇ ਲਗਦੇ। ਹਰੇਕ ਬਾਰੇ ਚੰਗਾ ਸੋਚਦੀ। ਨਾਂਹ ਪੱਖੀ ਗੱਲਾਂ ਨੂੰ ਕਦੇ ਨਾ ਚਿਤਾਰਦੀ। ਜਦ ਸਵੇਰ ਦੀ ਸਭਾ ਵਿੱਚ ਉਨ੍ਹਾਂ ਦੇ ਹਾਊਸ ਦੀ ਵਾਰੀ ਹੁੰਦੀ, ਬੱਚੇ ਚਾਅ ਨਾਲ ਸਕੂਲ ਦੇ ਮੰਚ ’ਤੇ ਆਉਂਦੇ। ਵਿਚਾਰ ਪ੍ਰਵਾਹ ਤੇ ਗਿਆਨ ਦੀ ਗੰਗਾ ਵਹਿੰਦੀ ਜਾਪਦੀ। ਸਵੇਰ ਸਾਰ ਹੀ ਮਨ ਦੇ ਅੰਬਰ ’ਤੇ ਖ਼ੁਸ਼ੀ ਦਸਤਕ ਦਿੰਦੀ ਜਿਸ ਦੀ ਪ੍ਰੇਰਨਾ ਦਿਨ ਭਰ ਬਣੀ ਰਹਿੰਦੀ।

ਉਹ ਨਿਰਾਸ਼, ਹਤਾਸ਼ ਕਦੇ ਨਾ ਹੁੰਦੀ। ਸਫ਼ਲਤਾ ਦੀ ਗੱਲ ਉਸਦੇ ਬੋਲਾਂ ਵਿੱਚ ਹੁੰਦੀ। ਆਖਦੀ, ਮੁਸ਼ਕਲਾਂ ਵੀ ਮਨੁੱਖਾਂ ’ਤੇ ਆਉਂਦੀਆਂ ਹਨ। ਸਿਰੜ ਤੇ ਬੁਲੰਦ ਇਰਾਦਿਆਂ ਨਾਲ ਮਾਤ ਵੀ ਹੋ ਜਾਂਦੀਆਂ ਹਨ। ਪਗਡੰਡੀਆਂ ਅਕਸਰ ਰਾਹ ਬਣ ਜਾਂਦੀਆਂ ਹਨ, ਜਿਹੜਾ ਮੰਜ਼ਿਲ ਵੱਲ ਨੂੰ ਜਾਂਦਾ। ਅਸੀਂ ਸੋਚਾਂ ਦੇ ਸਿਰਨਾਵੇਂ ਤਲਾਸ਼ਦੀਆਂ। ਉਹ ਅਗਲੇ ਦਿਨ ਸਾਡੇ ਸਾਹਵੇਂ ਪੁਸਤਕ ਲਿਆ ਰੱਖਦੀ। ਆਹ ਪਗਡੰਡੀਆਂ ਪੜ੍ਹ ਕੇ ਦੱਸਿਓ, ਹਿੰਮਤ ਵਾਲੇ ਭਲਾ ਕਦ ਹਰਦੇ ਨੇ ? ਉਸਨੇ ਉਹ ਪੁਸਤਕ ਸਾਰੀਆਂ ਅਧਿਆਪਕਾਵਾਂ ਨੂੰ ਪੜ੍ਹਨ ਲਈ ਦਿੱਤੀ।

ਅਸੀਂ ਜਾਣਿਆ ਉਸਦਾ ਹੌਂਸਲਾ, ਪ੍ਰੇਰਨਾ ਤੇ ਮਾਰਗ ਦਰਸ਼ਕ ਪੁਸਤਕਾਂ ਸਨ। ਉਸ ਦੀ ਸਖਸ਼ੀਅਤ ਦੇ ਰੰਗਾਂ ਨੇ ਵਿਦਿਆਰਥਣਾਂ ਨੂੰ ਵੀ ਆਪਣੇ **ਬਾਕੀ ਪੰਨਾ 14 ’ਤੇ**

ਕੇਸ ਰਿਪੋਰਟ:

ਇੰਝ ਵੀ ਸੰਭਵ ਹੁੰਦਾ



- ਰਜਿੰਦਰ ਭਦੌੜ

ਰਾਮਪੁਰਾ ਇਕਾਈ ਰਾਹੀਂ ਇਹ ਕੇਸ ਸੁਸਾਇਟੀ ਕੋਲ ਆਇਆ। ਜਿਸ ਨੂੰ ਹੱਲ ਕਰਨ ਲਈ ਰਾਮਪੁਰਾ ਇਕਾਈ ਦੇ ਸਾਥੀਆਂ ਮਾਸਟਰ ਸੁਰਿੰਦਰ, ਜੰਟਾ ਸਿੰਘ, ਜਗਦੇਵ ਸਿੰਘ ਸਮੇਤ ਮੇਰੇ ਤੋਂ ਇਲਾਵਾ ਗੁਰਪ੍ਰੀਤ ਸ਼ਹਿਣਾ ਤੇ ਮੱਖਣ ਭੋਤਨਾ ਸ਼ਾਮਲ ਸਨ। ਪੂਰੀ ਟੀਮ ਮੱਧਵਰਗੀ ਪਰਿਵਾਰ ਵਿੱਚ ਪਹੁੰਚੀ ਜਿਸ ਦਾ ਮੁਖੀ ਛੋਟਾ ਦੁਕਾਨਦਾਰ ਸੀ।

ਘਟਨਾਵਾਂ ਦਾ ਦੌਰ :

ਮੁਢਲੀ ਜਾਣਕਾਰੀ ਅਨੁਸਾਰ ਘਰ ਵਿੱਚ ਘਟਨਾਵਾਂ ਲੜਕੇ ਦੇ ਵਿਆਹ ਤੋਂ ਬਾਅਦ ਸ਼ੁਰੂ ਹੋਈਆਂ। ਵਿਆਹ ਤੋਂ ਦੋ ਤਿੰਨ ਦਿਨ ਬਾਅਦ ਹੀ ਇੱਕ ਨਵੀਂ ਸ਼ਰਟ (ਪੁਸ਼ਾਕ ਵਾਲੀ) ਗਾਇਬ ਹੋ ਗਈ। ਫਿਰ ਅਣਸਿਉਂਤੇ ਸੂਟ ਇਕੱਲਾ ਇਕੱਲਾ ਕਰਕੇ ਗਾਇਬ ਹੋਣ ਲੱਗੇ ਜੋ ਮੁੜ ਕਦੇ ਨਹੀਂ ਮਿਲੇ। ਇੱਕ ਦਿਨ ਨੂੰਹ ਘਰ ਇਕੱਲੀ ਸੀ ਤੇ ਕੋਈ ਨਵਾਂ ਡੋਲੂ ਭਰ ਕੇ ਪ੍ਰਸ਼ਾਦ ਦਾ ਦੇ ਗਿਆ। ਉਹ ਆਪਣਾ ਨਾਂ ਤਾਂ ਦੱਸ ਗਿਆ ਪਰ ਸਿਮਰਨ ਉਸਨੂੰ ਜਾਣਦੀ ਨਹੀਂ ਸੀ। ਪੜਤਾਲ ਕਰਨ ’ਤੇ ਪ੍ਰਸ਼ਾਦ ਫੜਾ ਕੇ ਜਾਣ ਵਾਲੇ ਦਾ ਕੋਈ ਪਤਾ ਨਾ ਲੱਗਾ। ਇਸ ਦਿਨ ਤੋਂ ਬਾਅਦ ਘਟਨਾਵਾਂ ਹੋਰ ਵੀ ਵਧ ਗਈਆਂ। ਏਥੋਂ ਤੱਕ ਕਿ ਘਰ ਦੇ ਮੁਖੀ ਦੀ ਜੇਬ ਵਿਚਲੇ ਪੈਸੇ ਵੀ ਘਟਣੇ ਸ਼ੁਰੂ ਹੋ ਗਏ। ਨੂੰਹ ਨੇ ਕਈ ਵਾਰ ਦੱਸਿਆ ਸੀ ਕਿ ਜਦ ਕਦੇ ਉਹ ਘਰ ਵਿੱਚ ਇਕੱਲੀ ਹੁੰਦੀ ਹੈ ਤਾਂ ਕੋਈ ਘਰ ਦਾ ਦਰਵਾਜ਼ਾ ਜ਼ੋਰ ਜ਼ੋਰ ਦੀ ਖੜਕਾਉਂਦਾ ਹੈ ਪਰ ਜਦ ਉਹ ਕੋਠੇ ਚੜ੍ਹ ਕੇ ਵੇਖਦੀ ਤਾਂ ਗਲੀ ਵਿੱਚ ਕੋਈ ਨਹੀਂ ਹੁੰਦਾ। ਅਜਿਹਾ ਵੇਖ ਕੇ ਘਰ ਦੇ ਮੁਖੀ ਨੇ ਪੈਸੇ ਘਰ ਲਿਆਉਣੇ ਹੀ ਬੰਦ ਕਰ ਦਿੱਤੇ। ਫਿਰ ਲਗਾਤਾਰ ਤਿੰਨ ਫ਼ੋਨ ਗਾਇਬ ਹੋਏ। ਆਖਰੀ ਵਾਰ ਜਿਹੜਾ ਘਰ ਦੇ ਮੁਖੀ ਦਾ ਫ਼ੋਨ ਗਾਇਬ ਹੋਇਆ। ਉਸਦਾ ਘਟਨਾਕ੍ਰਮ ਇਹ ਦੱਸਿਆ ਗਿਆ। ਮੁਖੀ ਗਰਮੀ ਦਾ ਮੌਸਮ ਹੋਣ ਕਾਰਣ ਘਰ ਦੀ ਛੱਤ ’ਤੇ ਸੌਂਦਾ ਸੀ। ਜਦ ਸਵੇਰੇ ਸੁਵਖਤੇ ਮੁਖੀ ਦੀ ਪਤਨੀ ਉਸਨੂੰ ਚਾਹ ਫੜ੍ਹਾ ਕੇ ਗਈ ਤਾਂ ਉਸ ਸਮੇਂ ਫ਼ੋਨ ਪਿਆ ਸੀ। ਕੁੱਝ ਸਮੇਂ ਬਾਅਦ ਨੂੰਹ ਚਾਹ ਵਾਲੇ ਭਾਂਡੇ ਚੁੱਕ ਲਿਆਈ ਸੀ। ਘਟਨਾਵਾਂ ਦੇ ਲਗਾਤਾਰ ਵਾਪਰਨ ਕਾਰਣ ਸਾਰਾ ਪਰਿਵਾਰ ਬਹੁਤ ਜਿਆਦਾ ਡਰ ਗਿਆ ਤੇ ਅਖੌਤੀ ਬਾਬਿਆਂ ਤੋਂ ਇਲਾਜ ਕਰਵਾਉਣ ਦੇ ਰਾਹ ਤੁਰ ਪਿਆ। ਹਜ਼ਾਰਾਂ ਰੁਪਏ ਖਰਚਣ ਉਪਰੰਤ ਵੀ ਘਟਨਾਵਾਂ ਵਾਪਰਨ ਵਿੱਚ ਕੋਈ ਫਰਕ ਨੀਂ ਪਿਆ। ਹੁਣ ਤਾਂ ਘਰ ਵਾਲੇ ਨੂੰਹ ਸਿਮਰਨ ਨੂੰ ਘਟਨਾਵਾਂ ਲਈ ਜ਼ਿੰਮੇਵਾਰ ਸਮਝਣ ਲੱਗ ਪਏ। ਕੋਈ ਇਸ ਨੂੰ ਵਿਆਹ ਵੇਲੇ ਸਿਮਰਨ ਨਾਲ ਆਏ ਭੂਤਾਂ ਪ੍ਰੇਤਾਂ ਦੁਆਰਾ ਕੀਤਾ ਜਾਂਦਾ ਨੁਕਸਾਨ ਆਖਦਾ ਤੇ ਕੋਈ ਇਸ ਲਈ ਸਿਮਰਨ ਨੂੰ ਸਿੱਧੇ ਤੌਰ ’ਤੇ ਹੀ ਦੋਸ਼ੀ ਮੰਨਦਾ।

ਪੜਤਾਲ ਤੇ ਤੱਥ

ਲਗਭਗ ਤਿੰਨ ਕੁ ਸਾਲ ਪਹਿਲਾਂ ਸਿਮਰਨ ਦਾ ਪਿਤਾ ਪਰਿਵਾਰ ਨੂੰ ਛੱਡ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਸਾਲ ਕੁ ਪਹਿਲਾਂ ਪਰਿਵਾਰ ਦੀ ਵੱਡੀ ਲੜਕੀ ਸਿਮਰਨ ਨੂੰ 20 ਕੁ ਸਾਲ ਦੀ ਉਮਰ ਵਿੱਚ ਵਿਆਹ ਕੇ ਮਾਂ ਨੇ ਵੱਡੀ ਕਬੀਲਦਾਰੀ ਦਾ ਬੋਝ ਘਟਾਉਣਾ ਸ਼ੁਰੂ ਕੀਤਾ। ਦੇਖ ਦਿਖਾਈ ਵੇਲ਼ੇ ਲੜਕੇ ਵਾਲਿਆਂ ਨੂੰ ਸਿਮਰਨ ਦੀ ਮਾਂ ਨੇ ਆਪਣੇ ਘਰ ਦੀ ਆਰਥਿਕ ਹਾਲਤ ਬਾਰੇ ਦੱਸ ਦਿੱਤਾ ਸੀ। ਘਰ ਗਰੀਬ ਹੋਣ ਦੇ ਬਾਵਜੂਦ ਵੀ ਸਿਮਰਨ ਦੇ ਸੁਹੱਪਣ ਤੇ ਲਿਆਕਤ ਨੇ ਮੁੰਡੇ ਵਾਲਿਆਂ ਨੂੰ ਮੋਹ ਲਿਆ। ਜਿਸ ਕਰਕੇ ਰਿਸ਼ਤਾ ਪੱਕਾ ਹੋ ਗਿਆ। ਸਿਮਰਨ ਦੀ ਮਾਂ ਨੇ ਆਪਣੇ ਰਿਸ਼ਤੇਦਾਰਾਂ ਦੇ ਸਹਿਯੋਗ ਨਾਲ਼ ਹੈਸੀਅਤ ਨਾਲੋਂ ਵਧ ਕੇ ਵਧੀਆ ਵਿਆਹ ਕੀਤਾ। ਘਟਨਾਵਾਂ ਦਾ ਕ੍ਰਮ ਤੇ ਸਮਾਂ ਇਸ ਤਰ੍ਹਾਂ ਦਾ ਸੀ ਕਿ ਸਾਰਾ ਕੁਝ ਸਿਮਰਨ ਨਾਲ ਹੀ ਜੁੜਦਾ ਨਜ਼ਰ ਆਉਂਦਾ ਸੀ। ਇਸ ਲਈ ਸਾਰੀ ਪੜਤਾਲ ਵਿੱਚ ਸਾਰਿਆਂ ਤੋਂ ਮਗਰੋਂ ਸਿਮਰਨ ਨੂੰ ਬੁਲਾਇਆ ਗਿਆ ਤਾਂ ਕਿ ਉਸ ਨੂੰ ਮਨਾਉਣ ਲਈ ਜ਼ੋਰ ਪਾਇਆ ਜਾ ਸਕੇ।

ਸਿਮਰਨ ਨੂੰ ਮਨਾਉਣ ਲਈ ਅਜਿਹੇ ਕੇਸਾਂ ਨੂੰ ਹੱਲ ਕਰਨ ਲਈ ਵਰਤੇ ਜਾਂਦੇ ਸਾਰੇ ਢੰਗ ਤਰੀਕੇ ਵਰਤੇ ਗਏ ਪਰ ਕੋਈ ਸੁਰਾਗ ਨਾ ਮਿਲਿਆ ਤੇ ਨਾ ਹੀ ਸਿਮਰਨ ਨੇ ਕੋਈ ਵਿਰੋਧ ਕੀਤਾ। ਉਂਝ ਉਹ ਇਹ ਜਰੂਰ ਕਹਿੰਦੀ ਰਹੀ ਕਿ ਸਰ! ਜੇਕਰ ਮੇਰੇ ਕੋਲੋਂ ਕੋਈ ਭੂਤ ਪ੍ਰੇਤ ਇਹ ਘਟਨਾਵਾਂ ਕਰਵਾਉਂਦਾ ਹੋਵੇ ਤਾਂ ਕਹਿ ਨੀਂ ਸਕਦੀ। ਮੈਨੂੰ ਗੁੰਮ ਹੋਏ ਕੱਪੜੇ, ਪੈਸਿਆਂ ਤੇ ਮੋਬਾਈਲਾਂ ਦਾ ਕੁਝ ਵੀ ਨੀਂ ਪਤਾ। ਸਿਮਰਨ ਦੀ ਮਾਸੂਮੀਅਤ ਉਸ ਦੇ ਨਿਰਦੋਸ਼ ਹੋਣ ਦੀ ਗਵਾਹੀ ਤਾਂ ਭਰ ਰਹੀ ਸੀ ਪਰ ਤੱਥ ਕੋਈ ਨੀਂ ਸੀ ਮਿਲ ਰਿਹਾ।

ਬਦਲਿਆ ਰੁਖ਼

ਹੁਣ ਸਿਮਰਨ ਦੇ ਨਿਰਦੋਸ਼ ਹੋਣ ਤੇ ਲੁਕਵੇਂ ਦੋਸ਼ੀ ਵੱਲ ਧਿਆਨ ਕੇਂਦਰਿਤ ਕਰਨ ਲਈ ਸਾਰੀ ਟੀਮ ਨੇ ਬੈਠ ਕੇ ਵਿਚਾਰਿਆ। ਸਿਮਰਨ ਨੂੰ ਦੁਬਾਰਾ ਬੁਲਾ ਕੇ ਸੱਸ ਦੇ ਵਰਤਾਓ ਬਾਰੇ ਮੁੜ ਜਾਨਣਾ ਚਾਹਿਆ ਤਾਂ ਗੱਲਾਂ ਗੱਲਾਂ ਵਿੱਚ ਦੋ ਤੱਥ ਸਾਹਮਣੇ ਆਏ। ਪਹਿਲਾ ਇਹ ਕਿ ਉਸੇ ਦਿਨ ਸਿਮਰਨ ਦੀ ਮਾਂ ਕਿਸੇ ਤਿਉਹਾਰ ਮੌਕੇ ਸਾਡੇ ਪਹੁੰਚਣ ਤੋਂ ਪਹਿਲਾਂ ਮਠਿਆਈ ਦਾ ਡੱਬਾ ਦੇ ਕੇ ਗਈ ਸੀ। ਉਹ ਡੱਬਾ ਸੱਸ ਨੇ ਸਿਮਰਨ ਨੂੰ ਵਿਖਾਉਂਦਿਆਂ ਆਖਿਆ ਸੀ ਕਿ ਅਜਿਹੀ ਮਠਿਆਈ ਤਾਂ ਸਾਡੇ ਪਸ਼ੂ ਵੀ ਨੀਂ ਖਾਂਦੇ। ਦੂਸਰਾ ਤੱਥ ਇਹ ਮਿਲਿਆ ਕਿ ਘਰ ਵਿੱਚੋਂ ਕੁੱਲ ਤਿੰਨ ਮੋਬਾਈਲ ਗਾਇਬ ਹੋਏ ਸਨ। ਇਨ੍ਹਾਂ ਵਿੱਚੋਂ ਇੱਕ ਫ਼ੋਨ ਗਾਇਬ ਹੋਣ ਸਮੇਂ ਸਿਮਰਨ ਆਪਣੇ ਪੇਕੇ ਘਰ ਗਈ ਹੋਈ ਸੀ। ਇਨ੍ਹਾਂ ਦੋਹਾਂ ਤੱਥਾਂ ਦੀ ਪੜਤਾਲ ਕਰਨ ’ਤੇ ਦੋਵੇਂ ਸੱਚੇ ਸਾਬਤ ਹੋਏ। ਟੀਮ ਵੱਲੋਂ ਸਿਮਰਨ ਨੂੰ ਨਿਰਦੋਸ਼ ਸਮਝਦਿਆਂ ਸਾਰਾ ਕੇਸ ਉਸ ਦੀ ਸੱਸ ’ਤੇ ਫੋਕਸ ਕੀਤਾ ਗਿਆ। ਵਰਤੇ ਗਏ ਢੰਗ ਤਰੀਕਿਆਂ ਤੇ ਦਲੀਲਾਂ ਦਾ ਸਾਹਮਣਾ ਨਾ ਕਰਦੀ ਹੋਈ ਸੱਸ ਨੇ ਜਲਦੀ ਹੀ ਸਾਰੀਆਂ ਘਟਨਾਵਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਉਸਨੇ ਮੰਨਿਆ ਕਿ ਅਗਾਂਹ ਤੋਂ ਸਾਡੇ ਘਰ ਵਿੱਚ ਅਜਿਹਾ ਕੁਝ ਨਹੀਂ ਹੋਵੇਗਾ। ਅੱਗੇ ਤੋਂ ਉਹ ਸਿਮਰਨ ਨੂੰ ਬਿਲਕੁਲ ਪ੍ਰੇਸ਼ਾਨ ਨਹੀਂ ਕਰੇਗੀ। ਅਸੀਂ ਉਸਦੇ ਮਨ ਵਿੱਚ ਡਰ ਬਣਾਈ ਰੱਖਣ ਲਈ ਮੁੜ ਘਟਨਾਵਾਂ ਹੋਣ ਦੀ ਸੂਰਤ ਵਿੱਚ ਸਾਰਾ ਖੁਲਾਸਾ ਪੰਚਾਇਤ ਸਾਹਮਣੇ ਕਰਨ ਦੀ ਚਿਤਾਵਨੀ ਵੀ ਦਿੱਤੀ।

ਮਨਸ਼ੇ ਪਿਛਲਾ ਸੱਚ


ਅਸਲ ਵਿੱਚ ਰਿਸ਼ਤਾ ਕਰਨ ਵੇਲੇ ਸਿਮਰਨ ਸਾਰਿਆਂ ਨੂੰ ਬਹੁਤ ਪਸੰਦ ਹੋਣ ਕਰਕੇ ਉਨ੍ਹਾਂ ਲੈਣ ਦੇਣ ਬਾਰੇ ਬਾਰੇ ਕੋਈ ਗੱਲ ਨਹੀਂ ਕੀਤੀ ਪ੍ਰੰਤੂ ਜੋ ਕੁਝ ਦਾਜ ਵਿੱਚ ਆਇਆ, ਉਹ ਸਿਮਰਨ ਦੀ ਸੱਸ ਦੀ ਤਸੱਲੀ ਨਾ ਕਰਵਾ ਸਕਿਆ। ਅਸਲ ਵਿੱਚ ਸੱਸ ਦਾ ਇਹੀ ਮਨਸ਼ਾ ਸੀ ਕਿ ਅਜਿਹੀਆਂ ਘਟਨਾਵਾਂ ਕਰਕੇ ਸਾਰੀ ਜ਼ਿੰਮੇਵਾਰੀ ਨੂੰਹ ਸਿਰ ਮੜ੍ਹ ਕੇ ਘਰ ਦੇ ਹੋਏ ਨੁਕਸਾਨ ਦੀ ਪੂਰਤੀ ਸਿਮਰਨ ਤੋਂ ਕਰਵਾਵੇ। ਉਸ ਨਾਲ ਕਲੇਸ਼ ਕਰਕੇ ਤੇ ਤੰਗ ਪ੍ਰੇਸ਼ਾਨ ਕਰਕੇ ਉਸ ਦਾ ਛੱਡ ਛਡਾ ਕਰਾ ਦੇਵੇ। ਘਟਨਾਵਾਂ ਕਰਨ ਤੇ ਸਲਾਹ ਮਸ਼ਵਰੇ ਲਈ ਪਿੰਡ ਦਾ ਇੱਕ ਹੋਰ ਵਿਅਕਤੀ ਵੀ ਸੱਸ ਨਾਲ ਸ਼ਾਮਲ ਸੀ। ਜਿਹੜਾ ਸਿਮਰਨ ਦੇ ਇਕੱਲੀ ਘਰ ਹੋਣ ਸਮੇਂ ਘਰ ਦਾ ਦਰਵਾਜ਼ਾ ਖੜਕਾਉਣ ਦਾ ਕੰਮ ਕਰਦਾ ਸੀ। ਘਰ ਵਿੱਚ ਪ੍ਰਸ਼ਾਦ ਦਾ ਡੋਲੂ ਵੀ ਉਹੋ ਵਿਅਕਤੀ ਹੀ ਦੇ ਕੇ ਗਿਆ ਸੀ। ਇਸਦੀ ਤਸਦੀਕ ਪਿੰਡ ਦੇ ਸੁਸਾਇਟੀ ਮੈਂਬਰ ਨੇ ਹੀ ਕਰ ਦਿੱਤੀ ਸੀ।

ਅਜਿਹਾ ਬਹੁਤ ਸਾਰੇ ਕੇਸਾਂ ਵਿੱਚ ਵਾਪਰਦਾ ਹੈ। ਮੁਢਲੀ ਜਾਣਕਾਰੀ ਵਿੱਚ ਤੱਥਾਂ ਨੂੰ ਵੇਖਦਿਆਂ ਘਟਨਾਵਾਂ ਕਰਨ ਵਾਲ਼ਾ ਜੋ ਲਗਦਾ ਹੈ, ਅਸਲ ਵਿੱਚ ਉਹ ਹੁੰਦਾ ਨਹੀਂ। ਇਹ ਗੱਲ ਸਮਝਣਯੋਗ ਹੈ। **98728-74620**

ਪੰਨਾ 12 ਦਾ ਬਾਕੀ... ਕਲਾਵੇ ਵਿੱਚ ਲੈ ਲਿਆ। ਇੱਕ ਦਿਨ ਛੇਵੀਂ ਕਲਾਸ ਵਿੱਚ ਪਹਿਲੇ ਪੀਰੀਅਡ ਹੀ ਚੀਕ ਚਿਹਾੜਾ ਪੈ ਗਿਆ। ਇੱਕ ਲੜਕੀ ਬੇਹੋਸ਼ ਹੋ ਗਈ। ਸਾਰੇ ਘਬਰਾ ਗਏ। ਆਖਣ ਲੱਗੇ, ‘ਜਰੂਰ ਕੋਈ ਭੂਤ, ਪ੍ਰੇਤ ਦਾ ਚੱਕਰ ਹੈ। ਨਾਲ ਲਗਦੇ ਸ਼ਮਸ਼ਾਨ ਘਾਟ ਵਿੱਚੋਂ ਕੋਈ ਹਵਾ ਏਧਰ ਆਈ ਹੈ। ਬਹੁਤੇ ਅਧਿਆਪਕਾਂ ਨੇ ਹਾਮੀ ਭਰੀ’। ਉਸਦਾ ਤਰਕ ਸੀ, ‘ਬਗੈਰ ਸੋਚੇ ਸਮਝੇ ਬਿਨ੍ਹਾਂ ਸਿਰ ਪੈਰ ਗੱਲਾਂ, ਘਟਨਾਵਾਂ ਤੇ ਯਕੀਨ ਕਰਨਾ ਸਿਆਣਪ ਨਹੀਂ, ਲਾਈਲੱਗਤਾ ਹੁੰਦੀ ਹੈ’। ਉਸ ਨੇ ਤੁਰੰਤ ਕੁੜੀ ਨੂੰ ਸੰਭਾਲਿਆ। ਡਾਕਟਰੀ ਸਹਾਇਤਾ ਦਿਵਾਈ। ਲੜਕੀ ਦੇ ਘਰ ਪਹੁੰਚ ਕੇ ਮਾਪਿਆਂ ਨਾਲ ਰਾਬਤਾ ਬਣਾਇਆ। ਜਦ ਉਹ ਲੜਕੀ ਠੀਕ ਹੋ ਕੇ ਸਕੂਲ ਪਰਤੀ ਤਾਂ ਉਸ ਗੁਣੀ ਅਧਿਆਪਕਾ ਨੇ ਸੱਚ ਸਾਹਮਣੇ ਲਿਆ ਧਰਿਆ। “ਕਾਰਣ ਮੈਂ ਖੋਜ ਲਿਆ ਹੈ। ਘਰ ਕੋਈ ਮੁਸ਼ਕਲ ਸੀ, ਉਹ ਮਾਪਿਆਂ ਦੇ ਸਹਿਯੋਗ ਨਾਲ ਹੱਲ ਹੋ ਗਈ ਹੈ।” ਸਕੂਲ ਸਟਾਫ਼ ਦੇ ਪੁੱਛਣ ’ਤੇ ਉਸਨੇ ‘...’ਤੇ ਦੇਵ ਪੁਰਸ਼ ਹਾਰ ਗਏ’ ਪੁਸਤਕ ਸਾਡੇ ਸਾਹਵੇਂ ਲਿਆ ਰੱਖੀ। ਵਿਗਿਆਨਕ ਸੋਚ, ਘਟਨਾਵਾਂ ਦੇ ਕਾਰਣ ਜਾਨਣ ਤੇ ਸਮਝਣ ਲਈ ਇਸ ਪੁਸਤਕ ਨਾਲ਼ ਸੰਵਾਦ ਜਰੂਰੀ ਹੈ।

ਇੱਕ ਸੁਖਾਵੇਂ ਮੌਕੇ ਅਸੀਂ ਉਸਤੋਂ ਸਫ਼ਲਤਾ ਦਾ ਰਾਜ਼ ਪੁੱਛਿਆ। ਉਹ ਦੱਸਣ ਲੱਗੀ, ਸ਼ਬਦ ਤੇ ਗਿਆਨ ਦੀ ਇਹ ਗੁੜ੍ਹਤੀ ਆਪਣੇ ਸਕੂਲ ਤੋਂ ਮਿਲੀ। ਜਿਹੜੀ ਕਲਮਕਾਰ ਪ੍ਰਿੰਸੀਪਲ ਆਜ਼ਾਦ ਦੇ ਸੁਪਨਿਆਂ ਦੀ ਪ੍ਰਵਾਜ਼ ਸੀ। ਉਹ ਗਿਆਨ ਤੇ ਚੇਤਨਾ ਦਾ ਚਾਨਣ ਵੰਡਦੇ। ਮੇਰੇ ਵਰਗੀਆਂ ਅਨੇਕਾਂ ਕੁੜੀਆਂ ਦਾ ਰਾਹ ਦਰਸਾਵਾ ਬਣਦੇ। ਜ਼ਿੰਦਗੀ ਦੇ ਅਰਥ ਸਮਝਾਉਂਦੇ। ਸੁਪਨੇ ਸੰਜੋਣ ਦੀ ਜਾਚ ਦੱਸਦੇ। ਨਾਲ ਹੀ ਉਨ੍ਹਾਂ ਦੀ ਪੂਰਤੀ ਲਈ ਰਾਹ ਵੀ ਵਿਖਾਉਂਦੇ। ਉਹ ਅਕਸਰ ਆਖਦੇ, ਜ਼ਿੰਦਗੀ ਨੂੰ ਪੈਰਾਂ ਸਿਰ ਕਰਨਾ ਹੈ ਤਾਂ ਸਖ਼ਤ ਮਿਹਨਤ ਤੇ ਲਗਨ ਦਾ ਪੱਲਾ ਫੜੋ। ਪੁਸਤਕਾਂ ਸੰਗ ਸੰਵਾਦ ਰਚਾਉਣਾ ਸਿੱਖੋ। ਪੜ੍ਹਨ, ਸਿੱਖਣ ਤੇ ਤੁਰਨ ਵਾਲੇ ਹਮੇਸ਼ਾ ਸਫ਼ਲ ਹੁੰਦੇ ਨੇ। ਮੈਂ ਜ਼ਿੰਦਗੀ ਦੇ ਇਸ ਸੁਹਜ ਨੂੰ ਮਨ ਹੀ ਮਨ ਨਤਮਸਤਕ ਸਾਂ।

ਕੀ ਤਵੱਕੋ ਕਰਦੇ ਨੇ ਸਾਡੇ ਬੱਚੇ



ਡਾ. ਸ਼ਿਆਮ ਸੁੰਦਰ ਦੀਪਤੀ

ਬੱਚਿਆਂ ਬਾਰੇ, ਬਚਪਨ ਨੂੰ ਲੈ ਕੇ, ਇਸ ਉਮਰ ਦੀ ਕੋਮਲਤਾ ਅਤੇ ਭੋਲੇਪਣ ਬਾਰੇ ਸਾਡੇ ਕੋਲ ਆਪਣੇ ਤਜਰਬੇ ਵੀ ਹਨ, ਸਾਡੇ ਪੁਰਖਿਆਂ ਦੇ ਵੀ ਅਤੇ ਸੂਝਵਾਨਾਂ ਦੀਆਂ ਲਿਖਤਾਂ ਵੀ ਸਾਨੂੰ ਬਹੁਤ ਕੁਝ ਦੱਸਦੀਆਂ ਅਤੇ ਸਮਝਾਉਂਦੀਆਂ ਹਨ। ਇਤਿਹਾਸਕ ਪੰਨਿਆਂ ਤੋਂ ਵੀ ਅਨੇਕਾਂ ਸ਼ਖ਼ਸੀਅਤਾਂ ਦੇ ਬਚਪਨ ਦੇ ਕਈ ਪਹਿਲੂਆਂ ’ਤੇ ਰੋਸ਼ਨੀ ਪੈਂਦੀ ਹੈ। ਪਰ ਇਕ ਗੱਲ ਜੋ ਸਭ ਦੇ ਮਨ ਨੂੰ ਜਚਦੀ ਹੈ ਕਿ ਬਚਪਨ ਸਾਡੀ ਜ਼ਿੰਦਗੀ ਦੀ ਬੁਨਿਆਦ ਹੈ। ਇਸ ਉਮਰ ਵਿਚ, ਅਚੇਤ ਮਨ ਵਿਚ ਵਸੀਆਂ ਗੰਢਾਂ, ਗੁੰਝਲਾਂ ਅਤੇ ਖੁਸ਼ੀ ਤੇ ਆਨੰਦ ਭਰੇ ਤਜਰਬੇ ਪੂਰੀ ਉਮਰ ਨਾਲ ਰਹਿੰਦੇ ਹਨ। ਇਸ ਲਈ ਜੇਕਰ ਪਰਿਵਾਰ ਜਾਂ ਸਮਾਜ ਦੀ ਖਾਹਿਸ਼ ਹੈ ਕਿ ਇਸ ਧਰਤੀ ’ਤੇ ਵੱਸਦੇ ਲੋਕ ਖੁਸ਼ ਰਹਿਣ ਤੇ ਕਾਮਯਾਬ ਹੋਣ ਤਾਂ ਸਾਨੂੰ ਬਚਪਨ ’ਤੇ ਟੇਕ ਲਗਾਉਣੀ ਚਾਹੀਦੀ ਹੈ ਅਤੇ ਆਪਣੀ ਸਾਰੀ ਸਮਰੱਥਾ ਅਤੇ ਊਰਜਾ ਜ਼ਿੰਦਗੀ ਦੇ ਇਸ ਸਮੇਂ ਨੂੰ ਖੁਸ਼ੀਆਂ ਭਰਪੂਰ ਬਣਾਉਣ ਲਈ ਵਰਤਣੀ ਚਾਹੀਦੀ ਹੈ।

ਬਚਪਨ ਸਾਡੇ ਤੋਂ, ਸਮਰੱਥ ਪਰਿਵਾਰ ਤੋਂ, ਕਿਸ ਚੀਜ ਦੀ ਤਵੱਕੋ ਕਰਦਾ ਹੈ ਇਹ ਜਾਨਣ ਤੋਂ ਪਹਿਲਾਂ ਆਪਾਂ ਜੇਕਰ ਇਸ ਪੱਖ ’ਤੇ ਝਾਤੀ ਮਾਰੀਏ ਕਿ ਉਨ੍ਹਾਂ ਨੂੰ ਕਿਸ ਗੱਲ ਤੋਂ ਖਿੱਝ ਚੜ੍ਹਦੀ ਹੈ, ਕਿਸ ਗੱਲ ’ਤੇ ਗੁੱਸਾ ਆਉਂਦਾ ਹੈ ਜਾਂ ਤੁਹਾਡਾ ਕਿਹੜਾ ਵਿਵਹਾਰ ਉਨ੍ਹਾਂ ਨੂੰ ਸੁਖਾਲਾ ਨਹੀਂ ਲਗਦਾ।

ਜੇਕਰ ਸਰੀਰਕ ਪੱਖ ਦੀ ਗੱਲ ਕਰੀਏ ਤਾਂ ਸਭ ਤੋਂ ਪ੍ਰਮੁੱਖ ਭੁੱਖ ਪਿਆਸ ਹੈ ਤੇ ਦੂਸਰਾ ਹੈ ਪਿਸ਼ਾਬ-ਪੋਟੀ ਦੀ ਨਿਕਾਸੀ। ਸਭ ਨੇ ਇਹ ਮਹਿਸੂਸ ਕੀਤਾ ਹੋਵੇਗਾ ਕਿ ਭੁੱਖ, ਦੁੱਧ ਪੀਂਦੇ-ਪੀਂਦੇ ਹੀ ਛਾਤੀ ਦਾ ਛੁੱਟ ਜਾਣਾ, ਮੂੰਹ ਵਿਚੋਂ ਨਿਪਲ ਨਿਕਲ ਜਾਣਾ ਉਸ ਨੂੰ ਪਰੇਸ਼ਾਨ ਕਰਦਾ ਹੈ ਤੇ ਰੋਣ ਲਈ ਮਜਬੂਰ ਕਰਦਾ ਹੈ। ਬੱਚਾ ਅਜੇ ਬੋਲ ਨਹੀਂ ਸਕਦਾ, ਪਰ ਉਸ ਦੇ ਕੱਪੜਿਆਂ ਦਾ ਗਿੱਲਾ ਹੋਣਾ ਵੀ, ਬੱਚੇ ਲਈ ਬੇਚੈਨੀ ਦਾ ਸਬੱਬ ਬਣਦਾ ਹੈ। ਇਨ੍ਹਾਂ ਪੱਖਾਂ ਬਾਰੇ ਥੋੜ੍ਹਾ ਬਹੁਤ ਸਭ ਜਾਣਦੇ ਹਨ ਤੇ ਬਜ਼ੁਰਗ ਆਪਣੇ ਧੀਆਂ-ਪੁੱਤਾਂ ਨੂੰ ਕੁਝ-ਨਾ-ਕੁਝ ਦੱਸਦੇ ਰਹਿੰਦੇ ਹਨ। ਪਰ ਵੱਡੀ ਦਿੱਕਤ ਜਾਂ ਬੱਚੇ ਦੀ ਪਰਵਰਿਸ਼ ਦੀ ਗੱਲ ਕਰੀਏ ਤਾਂ ਉਹ ਹੈ ਸਮਾਜੀ-ਮਨੋਵਿਗਿਆਨ ਪਹਿਲੂ।

ਬੱਚੇ ਲਈ ਅੱਚਵੀਂ ਜਾਂ ਦਿੱਕਤ ਦੀ ਗੱਲ ਕਰੀਏ ਤਾਂ ਉਸ ਸੰਬੰਧੀ ਕੁਝ ਅਹਿਮ ਪੱਖ ਹਨ :

ਬੱਚੇ ਨੂੰ ਡਾਂਟਣਾ, ਗੁੱਸੇ ਹੋਣਾ ਇਕ ਅਹਿਮ ਪੱਖ ਹੈ। ਬੱਚਾ ਚਾਹੁੰਦਾ ਹੈ ਕਿ ਉਸ ਦੀ ਹਰ ਗੱਲ ਦਾ ਸਾਥ ਦਿੱਤਾ ਜਾਵੇ ਤੇ ਹਰ ਗੱਲ ਪ੍ਰਵਾਨ ਕੀਤੀ ਜਾਵੇ। ਬੱਚਾ, ਘੱਟੋ-ਘੱਟ ਪੰਜ ਸਾਲ ਤੱਕ ‘ਨਹੀਂ’ ਸ਼ਬਦ ਦਾ ਮਤਲਬ ਨਹੀਂ ਸਮਝਦਾ ਤੇ ਨਾ ਹੀ ਸੁਣਨਾ ਚਾਹੁੰਦਾ ਹੈ। ਜੇਕਰ ਕੋਈ ਚੀਜ ਮਨ੍ਹਾਂ ਵੀ ਕਰਨੀ ਹੈ ਤਾਂ ਉਸ ਦੇ ਲਈ ਤਿਆਰੀ ਇਸ ਤਰ੍ਹਾਂ ਹੋਵੇ ਕਿ ਉਹ ਖੁਸ਼ੀ-ਖੁਸ਼ੀ ਮੰਨ ਲਵੇ। ਬੱਚਾ ਖਿਡੌਣਾ ਲੈਣਾ ਚਾਹੁੰਦਾ ਹੈ, ਤੁਸੀਂ ਉਸ ਨੂੰ ‘ਨਹੀਂ ਮਿਲਣਾ’, ‘ਨਹੀਂ ਲੈ ਕੇ ਦੇਣਾ’ ਦੀ ਥਾਂ ਕੋਈ ਹੋਰ ਤਰੀਕਾ ਅਪਨਾਓ। ‘ਅੱਜ ਨਹੀਂ ਮਿਲਣਾ।’ ਦੀ ਥਾਂ ‘ਕੱਲ੍ਹ ਲੈ ਕੇ ਦੇਵਾਂਗੇ’, ‘ਮੰਮੀ ਲੈ ਕੇ ਦੇਣਗੇ’, ‘ਸਾਡੇ ਕੋਲ ਪਹਿਲਾਂ ਹੀ ਕਈ ਖਿਡੌਣੇ ਨੇ’, ‘ਤੇਰੇ ਵੱਡੇ ਭਰਾ ਦੇ ਕੋਲ ਹੈ ਤਾਂ ਸਹੀ ਅਜਿਹਾ ਖਿਡੌਣਾ’।

ਕਹਿਣ ਤੋਂ ਭਾਵ ਇਨ੍ਹਾਂ ਸਾਰਿਆਂ ਪ੍ਰਗਟਾਵਿਆਂ ਵਿਚ “ਨਹੀਂ” ਸ਼ਬਦ ਹਾਜ਼ਰ ਨਹੀਂ ਹੈ। ਇਸ ਤਰ੍ਹਾਂ ਵੀ ਸ਼ੁਰੂ ਨਹੀਂ ਕਰਨਾ, ‘ਅੱਜ ਨਹੀਂ ਲੈ ਕੇ ਦੇਣਾ’, ‘ਨਹੀਂ ਲੈਣਾ, ਮੰਮੀ ਲੈ ਕੇ ਦੇਵੇਗੀ’। ਇਹ ਸੁਚੇਤ ਤਰੀਕੇ ਨਾਲ ਕਰਨ ਵਾਲੀ ਕ੍ਰਿਆ ਹੈ।

‘ਨਹੀਂ’ ਤੋਂ ਵੱਧ, ਨਕਾਰਾਤਮਕ ਸੰਦੇਸ਼ ਤੋਂ ਵੱਧ ਬੱਚੇ ਨੂੰ ਹਾਂ ਪੱਖੀ, ਵਧੀਆ ਸੰਦੇਸ਼, ਪ੍ਰਸ਼ੰਸਾ ਲਈ ਸ਼ਬਦ ਵੱਧ ਚੰਗੇ ਲਗਦੇ ਹਨ। ਬੱਚਾ ਚਾਹੇ ਮਾੜਾ ਕੰਮ ਵੀ ਕਰੇ, ਲਿਖਣ ਵੇਲੇ ਟੇਢਾ-ਮੇਢਾ ਜਾਂ ਰੰਗ ਭਰਨ ਵੇਲੇ ਸਹੀ ਨਾ ਵੀ ਹੋਵੇ, ਤਾਂ ਵੀ ਪ੍ਰਸ਼ੰਸਾ ਕਰੋ। ਜੇ ਗੱਲ ਸਮਝਾਉਣੀ ਵੀ ਹੈ ਤਾਂ ਪਹਿਲਾਂ ਪ੍ਰਸ਼ੰਸਾ ਕਰੋ ਤੇ ਫਿਰ ਹਿਦਾਇਤ ਦੇਵੋ। ਬੱਚਾ ਇਹ ਗੱਲ ਭਾਂਪਣ ਦੇ ਕਾਬਲ ਹੁੰਦਾ ਹੈ ਕਿ ਉਸ ਵੱਲੋਂ ਕੀਤੇ ਕੰਮ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ। ਉਹ ਮਿੱਟੀ ਨਾਲ ਖੇਡੇ, ਭਾਵੇਂ ਚਿੱਕੜ ਵਿਚ ਛੜੱਪੇ ਮਾਰੇ, ਉਹ ਚਾਹੁੰਦਾ ਹੈ, ਉਸ ਦੀ ਖੁਸ਼ੀ ਨੂੰ ਮਾਨਤਾ ਮਿਲੇ। ਮਾਂ-ਪਿਉ ਉਸ ਵਿਚ ਸ਼ਾਮਿਲ ਹੋਣ।

ਬੱਚਾ ਆਪਣੇ ਕੰਮ ਦੀ ਪ੍ਰਸ਼ੰਸਾ ਦੇ ਨਾਲ ਇਹ ਵੀ ਠੀਕ ਨਹੀਂ ਸਮਝਦਾ ਕਿ ਕੋਈ ਉਸ ਦੀ ਤੁਲਨਾ ਕਿਸੇ ਹੋਰ

ਬੱਚੇ ਜਾਂ ਇਥੋਂ ਤੱਕ ਕਿ ਪਰਿਵਾਰ ਦੇ ਹੀ ਛੋਟੇ ਜਾਂ ਵੱਡੇ ਭੈਣ-ਭਰਾ ਨਾਲ ਕਰੇ। ਵੈਸੇ ਤਾਂ ਇਹ 'ਤੁਲਨਾ ਕਰਨਾ' ਕਿਸੇ ਵੀ ਉਮਰ ਤੇ ਕਿਸੇ ਵੀ ਸ਼ਖਸ ਨੂੰ ਚੰਗਾ ਨਹੀਂ ਲੱਗਦਾ। ਹਰ ਸ਼ਖਸ਼ ਆਪਣੇ ਆਪ ਵਿਚ ਕਿਸੇ ਨਾ ਕਿਸੇ ਗੁਣ ਕਰਕੇ, ਆਪਣੀ ਵੱਖਰੀ ਪਛਾਣ ਰੱਖਦਾ ਹੈ ਤੇ ਚਾਹੁੰਦਾ ਹੈ ਕਿ ਉਸ ਪ੍ਰਤੀ ਗੱਲ ਹੋਵੇ। ਇਹ ਗੱਲ ਹੈ ਵੀ ਸਹੀ ਕਿ ਹਰ ਸ਼ਖ਼ਸ ਦੀ ਆਪਣੀ ਨਿਵੇਕਲੀ ਆਦਤ/ਗੁਣ ਨੂੰ, ਘੱਟੋਂ-ਘੱਟ ਮਾਪੇ ਜ਼ਰੂਰ ਪਛਾਨਣ ਤੇ ਸਗੋਂ ਸਕੂਲੀ ਦਿਨਾਂ ਵਿਚ ਅਧਿਆਪਕਾਂ ਨੂੰ ਵੀ ਸੂਚਿਤ ਕਰਨ ਤੇ ਉਸ ਪ੍ਰਤੀ ਧਿਆਨ ਦਿਵਾਉਣ। ਇਸੇ ਤਰ੍ਹਾਂ ਅਧਿਆਪਕ ਵੀ ਕੁੱਝ ਪਛਾਣ ਕੇ ਮਾਪਿਆਂ ਨੂੰ ਸਮਝਾਉਣ।

ਬੱਚੇ ਇਹ ਵੀ ਪਸੰਦ ਨਹੀਂ ਕਰਦੇ ਕਿ ਮਾਪੇ ਜਾਂ ਹੋਰ ਪਾਲਣ ਵਾਲੇ, ਬੱਚਿਆਂ ਉਪਰ ਆਪਣੀਆਂ ਇੱਛਾਵਾਂ ਲਾਗੂ ਕਰਨ। ਇਹ ਗੱਲ ਸੁਚੇਤ ਹੋ ਕੇ ਕਰਨੀ ਚਾਹੀਦੀ ਹੈ ਕਿ ਮਾਪੇ ਅਧਿਆਪਕ ਜਾਂ ਹੋਰ ਜੋ ਵੀ ਬੱਚੇ ਦੇ ਜੀਵਨ ਵਿਚ ਲਗਾਤਾਰ ਆਉਂਦੇ ਹਨ, ਉਹ ਆਪਣੀਆਂ ਰੁਚੀਆਂ/ਦਿਲਚਸਪੀਆਂ, ਚਾਹਤਾਂ ਨੂੰ ਬੱਚੇ 'ਤੇ ਨਾ ਥੋਪਣ। ਬੱਚੇ ਨੂੰ ਗੌਰ ਨਾਲ ਦੇਖਣ-ਸਮਝਣ ਤੇ ਫਿਰ ਉਨ੍ਹਾਂ ਦਿਲਚਸਪੀਆਂ ਮੁਤਾਬਕ ਉਸ ਨਾਲ ਵਿਵਹਾਰ ਕਰਨ।

ਇਕ ਤੱਥ ਹੋਰ ਅਹਿਮ ਹੈ, ਜੋ ਪਰਿਵਾਰਕ ਮਾਹੌਲ ਨਾਲ ਜੁੜਿਆ ਹੈ। ਇਕ ਤਾਂ ਹੈ ਕਿ ਮਾਂ ਅਤੇ ਪਿਉ, ਇੱਕੋ ਜਿਹਾ ਸੰਦੇਸ਼ਾ ਦੇਣ। ਜੇਕਰ ਬੱਚੇ ਨੂੰ ਕੁਝ ਲੈ ਕੇ ਦੇਣਾ ਹੈ ਤਾਂ ਦੋਹਾਂ ਦਾ ਜਵਾਬ ਇਕੋ ਹੋਵੇ, ਇਹ ਨਾ ਹੋਵੇ ਕਿ ਮਾਂ ਮਨ੍ਹਾਂ ਕਰ ਦੇਵੇ ਤੇ ਪਿਉ ਉਸ ਨੂੰ ਉਤਸ਼ਾਹਿਤ ਕਰੇ। ਇਹ ਪੱਖ ਤਾਂ ਹੀ ਪਰਿਵਾਰ ਵਿਚ ਸਾਹਮਣੇ ਆ ਸਕਦਾ ਹੈ, ਜੇਕਰ ਮਾਂ ਅਤੇ ਪਿਉ ਵਿਚ ਆਪਸੀ ਪਿਆਰ ਤੇ ਤਾਲਮੇਲ ਹੋਵੇ, ਨਾ ਕਿ ਤਕਰਾਰ ਬਣਿਆ ਹੋਇਆ ਹੋਵੇ। ਇਸ ਵਿਵਹਾਰ ਦਾ ਬੱਚਿਆਂ ਦੀ ਪਰਵਰਿਸ਼ 'ਤੇ ਕਾਫ਼ੀ ਅਸਰ ਪੈਂਦਾ ਹੈ।

ਇਨ੍ਹਾਂ ਕੁੱਝ ਕੁ ਪੱਖਾਂ ਦੇ ਮੱਦੇਨਜ਼ਰ, ਜੋ ਅਜੋਕਾ ਬਚਪਨ ਹੈ, ਉਸ ਬਾਰੇ ਸਮਝਦੇ ਹਾਂ।

ਅਜੋਕੇ ਸਮਾਜ ਵਿਚ ਮਾਂ-ਪਿਉ ਪੜ੍ਹੇ-ਲਿਖੇ ਹਨ ਅਤੇ ਕੋਸ਼ਿਸ਼ ਰਹਿੰਦੀ ਹੈ ਕਿ ਦੋਹੇਂ ਹੀ ਨੌਕਰੀ ਕਰਨ ਤਾਂ ਜੋ ਆਰਥਿਕ ਤੌਰ 'ਤੇ ਮਜ਼ਬੂਤੀ ਹੋਵੇ। ਇਸ ਤਰ੍ਹਾਂ ਸੋਚਣ-ਕਰਨ ਪਿੱਛੇ ਸਭ ਦਾ ਮਕਸਦ ਬੱਚਿਆਂ ਦੀ ਵਧੀਆ ਪਰਵਰਿਸ਼ ਹੁੰਦਾ ਹੈ, ਜਦੋਂ ਕਿ ਇਨ੍ਹਾਂ ਪੜ੍ਹੇ-ਲਿਖੇ ਮਾਪਿਆਂ ਨੂੰ ਬੱਚਿਆਂ ਦੀ ਵਧੀਆ ਪਰਵਰਿਸ਼ ਬਾਰੇ ਕੁਝ ਵੀ ਪਤਾ ਨਹੀਂ ਹੈ। ਪੜ੍ਹੇ-ਲਿਖੇ ਹੋਣ ਕਰਕੇ, ਉਹ ਬਜ਼ੁਰਗਾਂ ਨੂੰ ਅਨਪੜ੍ਹ ਸਮਝਦੇ ਹਨ ਤੇ ਨਾਲ ਹੀ ਨਾ ਆਪ ਕਿਸੇ ਤਰ੍ਹਾਂ ਸਿੱਖਣ ਦੇ ਚਾਹਵਾਨ ਹਨ ਤੇ ਨਾ ਹੀ ਬੱਚਿਆਂ ਦੀ ਪਰਵਰਿਸ਼ ਲਈ, ਬਜ਼ੁਰਗਾਂ ਨੂੰ ਆਪਣੇ ਨਾਲ ਰੱਖਣ ਲਈ। ਹੋਰ ਤਾਂ ਹੋਰ ਪੜ੍ਹਾਈ ਲਿਖਾਈ ਦਾ ਏਨਾ ਕੁ ਫਾਇਦਾ ਲੈਣ ਦੀ ਖੇਚਲ ਵੀ ਨਹੀਂ ਕਰਦੇ ਕਿ ਬੱਚੇ ਦੀ ਪਰਵਰਿਸ਼ ਅਤੇ ਮਨੋਵਿਗਿਆਨ ਬਾਰੇ ਖ਼ੁਦ ਹੀ ਪੜ੍ਹ ਲੈਣ ਜਾਂ ਕਿਸੇ ਮਾਹਿਰ ਕੋਲ ਬੈਠ ਕੇ ਕੁੱਝ ਸਮਝ ਲੈਣ। ਨਤੀਜੇ ਵਜੋਂ ਅਗਿਆਨਤਾ ਤਾਂ ਹੈ ਹੀ, ਸਗੋਂ ਆਪਣੀ ਮਨ ਮਰਜੀ ਨਾਲ ਪੁੱਟੇ ਗਏ ਕਦਮ, ਬਚਪਨ ਵਿਚੋਂ ਬਚਪਨਾ ਖੋਹਣ ਨੰ ਲੱਗੇ ਹੋਏ ਹਨ। ਕਹਿਣ ਤੋਂ ਭਾਵ ਭੋਲਾਪਣ ਅਤੇ ਕੋਮਲਤਾ।

ਸਭ ਤੋਂ ਵੱਧ ਨੁਕਸਾਨ, ਪਰਿਵਾਰ ਦਾ ਆਰਥਿਕ ਪੱਖ, ਬੱਚੇ ਨੂੰ ਹਰ ਸਹੂਲਤ ਦੇਣ ਦੇ ਨਾਂ 'ਤੇ ਬੱਚੇ ਨੂੰ ਉਹ ਸਭ ਦੇਣਾ ਹੈ ਜੋ ਸਾਨੂੰ ਨਹੀਂ ਮਿਲਿਆ। ਇਹ ਸਹੂਲਤਾਂ ਕੀ ਹਨ ? ਵਧੀਆ ਮਹਿੰਗੇ ਕੱਪੜੇ, ਜੁੱਤੇ ਅਤੇ ਵੰਨ-ਸੁਵੰਨੀਆਂ ਪੋਸ਼ਾਕਾਂ ਅਤੇ ਦੂਸਰਾ ਹੈ-ਖਿਡੌਣੇ।

ਜੇਕਰ ਬਾਜ਼ਾਰ ਵੱਲ ਨਜ਼ਰ ਮਾਰੀਏ ਤਾਂ ਉਹ ਇਨ੍ਹਾਂ ਨਵੇਂ ਅਮੀਰ ਹੋਏ, ਪੜ੍ਹੇ-ਲਿਖੇ ਸ਼ਹਿਰੀ ਮਾਪਿਆਂ ਦੀ ਮਾਨਸਿਕਤਾ ਦਾ ਫਾਇਦਾ ਲੈ ਕੇ, ਹਰ ਰੋਜ਼ ਨਵੀਆਂ ਤੋਂ ਨਵੀਆਂ ਚੀਜਾਂ ਬਾਜ਼ਾਰ ਲਿਆ ਰਿਹਾ ਹੈ ਤੇ ਨਾਲ ਹੀ ਇਨ੍ਹਾਂ ਮਾਪਿਆਂ ਨੂੰ ਉਕਸਾ ਵੀ ਰਿਹਾ ਹੈ। ਉਸ ਦੇ ਲਈ ਤਰੀਕਾ ਹੈ ਸਾਡੇ ਟੀ.ਵੀ. ਸੀਰੀਅਲ, ਪਰਿਵਾਰਕ ਜਾਂ ਬੱਚਿਆਂ ਦੇ ਨਿਰੋਲ ਸੀਰੀਅਲ। ਇਸ ਤੋਂ ਇਲਾਵਾ ਆਪਣੇ ਬਣਾਏ ਮਾਲ ਨੂੰ ਵੇਚਣ ਲਈ, ਬਾਲ ਮਨੋਵਿਗਿਆਨ 'ਤੇ ਆਧਾਰਿਤ ਇਸ਼ਤਿਹਾਰ।

ਇਨ੍ਹਾਂ ਖਿਡੌਣਿਆਂ ਦਾ ਜੋ ਨਤੀਜਾ ਸਾਹਮਣੇ ਆ ਰਿਹਾ ਹੈ ਕਿ ਬੱਚੇ ਨੂੰ ਆਪਸੀ ਮੇਲ-ਮਿਲਾਪ ਤੋਂ ਬਾਅਦ, ਗਲੀ-ਮੁਹੱਲੇ ਵਿਚ ਅਜਿਹਾ ਮਾਹੌਲ ਨਹੀਂ ਹੈ ਤੇ ਨਾ ਹੀ ਮਾਂ-ਪਿਉ ਕੋਲ ਸਮਾਂ ਹੈ। ਗੇਮਾਂ/ਖੇਡਾਂ/ਖਿਡੌਣੇ ਕੁੱਝ ਇਸ ਤਰ੍ਹਾਂ ਦੇ ਹਨ ਕਿ ਉਨ੍ਹਾਂ ਨੂੰ ਇੱਕਲਿਆ ਖੇਡਿਆ ਜਾ ਸਕਦਾ ਹੈ। ਮਿਲਕੇ ਖੇਡਣ ਵਾਲੀਆਂ ਖੇਡਾਂ ਹੌਲੀ-ਹੌਲੀ ਗਾਇਬ ਹੋ ਰਹੀਆਂ ਹਨ। ਨਾ ਹੀ ਮਾਪੇ ਤੇ ਨਾ ਹੀ ਅਧਿਆਪਕ ਇਸ ਨੂੰ ਉਤਸ਼ਾਹਿਤ ਕਰਦੇ ਹਨ। ਪੜ੍ਹਾਈ ਦੇ ਨਾਲ ਤਾਂ ਖੇਡਾਂ ਨੂੰ ਸਮਾਂ ਬਰਬਾਦੀ ਕਿਹਾ ਜਾਂਦਾ ਹੈ, ਭਾਵੇਂ ਬੱਚਾ ਵੀਡੀਓ ਗੇਮਾਂ ਵਿਚ ਜਿੰਨ੍ਹਾਂ ਮਰਜੀ ਸਮਾਂ ਬਰਬਾਦ ਕਰ ਰਿਹਾ ਹੋਵੇ।

ਬੱਚੇ ਦੀ ਮਾਨਸਿਕ ਲੋੜ ਮੁਤਾਬਕ, ਇਨ੍ਹਾਂ ਬੁਨਿਆਦੀ ਦਿਨਾਂ ਵਿਚ, ਪਿਆਰ ਅਤੇ ਆਪਸੀ ਸਹਿਯੋਗ ਦੀ ਸਿਖਲਾਈ ਪ੍ਰਮੁੱਖ ਚਾਹੀਦੀ ਹੈ, ਜਦੋਂ ਕਿ ਇਨਾਂ ਖਿਡੌਣਿਆਂ/ਗੇਮਾਂ ਰਾਹੀਂ ਬੰਦੂਕ ਦੀ ਵਰਤੋਂ ਅਤੇ ਉਸ ਰਾਹੀਂ ਆਪਸੀ ਮਾਰ-ਧਾੜ, ਅੱਗੇ ਨਿਕਲਣ, ਇਕ ਦੂਸਰੇ ਨੂੰ ਕੁਚਲਣ


ਦੀ ਭਾਵਨਾ ਪ੍ਰਮੁੱਖ ਹੈ। ਇਹੀ ਆਦਤ ਫਿਰ ਸਕੂਲ-ਜਮਾਤੀ ਪੜ੍ਹਾਈ ਤੇ ਇਮਤਿਹਾਨਾਂ ਨੂੰ ਲੈ ਕੇ ਵੀ ਸਾਫ਼ ਨਜ਼ਰ ਆਉਂਦੀ ਹੈ। ਜਿੱਥੇ ਅੱਧੇ-ਅੱਧੇ ਨੰਬਰ ਨੂੰ ਲੈ ਕੇ ਮਾਪੇ ਬੱਚਿਆਂ ਨੂੰ ਤਾੜਦੇ ਤੇ ਸਜ਼ਾ ਵੀ ਦਿੰਦੇ ਨਜ਼ਰ ਆਉਂਦੇ ਹਨ।

ਮਨੋਵਿਗਿਆਨਕ ਖੋਜਾਂ ਦੱਸਦੀਆਂ ਹਨ ਕਿ ਇਸ ਉਮਰ ਵਿੱਚ ਬੱਚੇ ਜਜ਼ਬਾਤੀ ਲਗਾਵ-ਜੁੜਾਵ ਚਾਹੁੰਦੇ ਹਨ। ਉਹ ਮਾਂ-ਪਿਉ ਦੇ ਨੇੜੇ ਰਹਿਣਾ ਚਾਹੁੰਦੇ ਹਨ ਤੇ ਵੱਧ ਤੋਂ ਵੱਧ ਸਮਾਂ ਉਨ੍ਹਾਂ ਨਾਲ ਬਿਤਾਉਣ ਦੇ ਚਾਹਵਾਨ ਹੁੰਦੇ ਹਨ। ਬੱਚਿਆਂ ਨੂੰ ਨਾ ਮਹਿੰਗੇ ਖਿਡਾਉਣਿਆਂ ਦੀ ਚਾਹਤ ਹੁੰਦੀ ਹੈ ਤੇ ਨਾ ਹੀ ਵੀਡਿਓ ਗੇਮਾਂ ਦੀ। ਵੈਸੇ ਤਾਂ ਬੱਚੇ ਆਪਣੇ ਹਮ ਉਮਰ ਸਾਥੀਆਂ (ਬੱਚਿਆਂ) ਨਾਲ ਖੇਡਣਾ ਵੱਧ ਪਸੰਦ ਕਰਦੇ ਹਨ। ਮਾਂ-ਪਿਉ ਭਾਵੇਂ ਨਾਲ ਰਹਿਣ, ਲਾਡ ਕਰਨ, ਘੋੜਾ ਬਣ ਕੇ ਘੁਮਾਉਣ ਤਾਂ ਵੀ ਪਹਿਲੀ ਖਾਹਿਸ਼ 'ਆੜੀ' ਹੀ ਹੁੰਦੇ ਹਨ। ਖਿਡੌਣੇ ਬੱਚੇ ਦੀ ਆਖਰੀ ਅਣਸਰਦੀ ਚਾਹਤ ਹੈ।

ਬੱਚਿਆਂ ਦੇ ਬਚਪਨ 'ਤੇ ਹਮਲਾ ਤਾਂ ਜਨਮ ਤੋਂ ਬਾਅਦ ਹੀ ਸ਼ੁਰੂ ਹੋ ਜਾਂਦਾ ਹੈ। ਜਦੋਂ ਉਨ੍ਹਾਂ ਨੂੰ ਕਰੈਚ ਆਦਿ ਵਿਚ ਭੇਜ ਦਿੱਤਾ ਜਾਂਦਾ ਹੈ। ਜਰਮਨੀ ਅਤੇ ਕੁਝ ਹੋਰ ਦੇਸ਼ ਬੱਚਿਆਂ ਨੂੰ ਅਮੁੱਲ ਸਮਝਦੇ ਹੋਏ, ਬਚਪਨ ਨੂੰ ਇਕ ਬੁਨਿਆਦੀ ਸਮਾਂ ਸਮਝਦੇ ਹੋਏ ਅਤੇ ਆਪਣੇ ਕਾਮਿਆਂ ਨੂੰ ਗਰਭ ਤੋਂ ਬਾਅਦ, ਬੱਚਿਆਂ ਦੀ ਪਰਵਰਿਸ਼ ਲਈ ਤਿੰਨ ਤੋਂ ਪੰਜ ਸਾਲ ਤੱਕ ਦੀ ਛੁੱਟੀ ਅਤੇ ਪਾਲਣ ਪੋਸ਼ਣ ਲਈ ਕਈ ਸਹੂਲਤਾਂ ਦਿੰਦੇ ਹਨ। ਇਹ ਠੀਕ ਹੈ ਕਿ ਕਰੈਚ ਅਤੇ ਕੰਮ ਨਾਲ ਆਰਥਿਕਤਾ ਜੁੜੀ ਹੈ ਤੇ ਇਸੇ ਤਰਜ਼ 'ਤੇ ਡੇ-ਕੇਅਰ ਅਤੇ ਪਲੇਅ ਪੈਨ ਸਕੂਲਾਂ ਦੀ ਆਮਦ ਹੋਈ ਹੈ। ਪਰ ਉਨ੍ਹਾਂ ਨੂੰ ਵਿਧੀਵਤ ਸਕੂਲੀ ਪੜ੍ਹਾਈ ਵਿਚ ਬਦਲਣ ਦਾ ਚਲਣ ਵੀ ਦੇਖਣ ਨੂੰ ਮਿਲ ਰਿਹਾ ਹੈ, ਜੋ ਕਿ ਬੱਚੇ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਵਿਚ ਰੁਕਾਵਟ ਬਣਦਾ ਹੈ । ਬੱਚੇ ਦਾ ਦਿਮਾਗ ਜਨਮ ਤੋਂ ਛੇ ਸਾਲ ਤਕ ਵਿਕਸਿਤ ਹੋ ਰਿਹਾ ਹੁੰਦਾ ਹੈ। ਉਸ ਸਮੇਂ ਖੇਡਦੇ-ਖੇਡਦੇ ਸਿਖਾਉਣਾ ਵੱਖਰੀ ਗੱਲ ਹੈ, ਪਰ ਕੁਰਸੀਆਂ-ਮੇਜਾਂ ਅਤੇ ਕਾਪੀਆਂ-ਪੈਂਸਿਲ ਨਾਲ ਪੜ੍ਹਾਉਣਾ ਬਿਲਕੁਲ ਹੀ ਵੱਖਰੀ ਗੱਲ, ਜਿਸ ਤੋਂ ਗੁਰੇਜ਼-ਪਰਹੇਜ਼ ਕਰਨ ਦੀ ਲੋੜ ਹੈ। ਇਸ ਤਰ੍ਹਾਂ ਬਚਪਨ ਦਾ ਭੋਲਾਪਣ ਖੋਹ ਕੇ, ਅਸੀਂ ਸਮਾਜ ਵਿੱਚ ਸੰਵੇਦਨਸ਼ੀਲ ਮਨੁੱਖ ਦੀ ਆਸ ਨਹੀਂ ਕਰ ਸਕਦੇ। ਸਾਨੂੰ ਬਚਪਨ ਦੀਆਂ ਅਸਲੀ ਲੋੜਾਂ ਵੱਲ ਵੀ ਤਵੱਜੋ ਦੇਣ ਦੀ ਲੋੜ ਹੈ ਤੇ ਉਸ ਦੇ ਆਧਾਰ 'ਤੇ ਪਰਿਵਾਰ-ਸਕੂਲ ਦਾ ਮਾਹੌਲ ਸਿਰਜਣ ਦੀ।

98158-08506

ਪੰਨਾ 11 ਦਾ ਬਾਕੀ - ਇੰਤਜ਼ਾਰ ਸੀ ਪਰ ਜੋ ਤਸਵੀਰ ਯੂਰਪੀਅਨ ਕਮਿਸ਼ਨ ਨੇ ਜਾਰੀ ਕੀਤੀ ਹੈ ਉਹ 87 ਦੇ ਬਲੈਕ ਹੋਲ ਦੇ ਈਵੈਂਟ ਹੌਰਾਈਜ਼ਨ ਦੀ ਹੈ। Sagittarius A* ਦੀ ਤਸਵੀਰ ਇਸ ਲਈ ਨਹੀਂ ਜਾਰੀ ਕੀਤੀ ਗਈ ਕਿਉਂਕਿ ਇਹ M 87 ਗਲੈਕਸੀ ਦੇ ਬਲੈਕ ਹੋਲ ਮੁਕਾਬਲੇ ਬਹੁਤ ਛੋਟਾ ਹੈ।



ਇਸ ਤਸਵੀਰ ਦੇ ਕੇਂਦਰ ਵਿੱਚ ਕਾਲਾ ਥਾਂ ਈਵੈਂਟ ਹੌਰਾਈਜ਼ਨ ਹੈ ਜਿੱਥੋਂ ਕੋਈ ਵੀ ਪ੍ਰਕਾਸ਼ ਨਹੀਂ ਆ ਸਕਦਾ। ਬਾਹਰ ਦਾ ਪ੍ਰਕਾਸ਼ ਇਸਦੇ ਦੁਆਲੇ ਬਹੁਤ ਤੇਜ਼ੀ ਨਾਲ ਘੁੰਮ ਰਹੇ ਬਹੁਤ ਹੀ ਗਰਮ ਮਾਦੇ, ਜਿਸਨੂੰ ਐਕਰੀਸ਼ਨ ਡਿਸਕ ਕਹਿੰਦੇ ਹਨ, ਦੁਆਰਾ ਪੈਦਾ ਕੀਤਾ ਹੋਇਆ ਹੈ। ਹਾਲਾਂਕਿ ਅਸੀਂ ਇੱਕ ਇਕਸਾਰ ਛੱਲੇ ਦਾ ਕਿਆਸ ਕਰ ਸਕਦੇ ਹਾਂ ਪਰ ਮਾਦੇ ਦੇ ਘੁੰਮਣ ਕਰਕੇ ਇਸਦੀ ਤੀਬਰਤਾ ਜਿਸ ਪਾਸਿਓਂ ਮਾਦਾ ਸਾਡੇ ਵੱਲ ਆ ਰਿਹਾ ਹੈ ਉਸ ਪਾਸੇ ਵਧ ਜਾਂਦੀ ਹੈ ਤੇ ਦੂਜੇ ਪਾਸੇ ਘੱਟ ਜਾਂਦੀ ਹੈ। ਇਸਨੂੰ ਡੌਰਪਲਰ ਬੀਮਿੰਗ ਕਹਿੰਦੇ ਹਨ। ਸਭ ਤੋਂ ਮਜ਼ੇਦਾਰ ਗੱਲ ਇਹ ਹੈ ਕਿ ਇਸ ਤਸਵੀਰ ਵਿੱਚ ਐਕਰੀਸ਼ਨ ਡਿਸਕ ਦਾ ਬਲੈਕ ਹੋਲ ਦੇ ਸਾਹਮਣੇ ਵਾਲਾ ਪਾਸਾ ਹੀ ਨਹੀਂ, ਬਲਕਿ ਇਸਦਾ ਬਲੈਕ ਹੋਲ ਦੇ ਪਿੱਛੇ ਵਾਲਾ ਪਾਸਾ ਵੀ ਦਿਖ ਰਿਹਾ ਹੈ। ਇਸਦਾ ਕਾਰਣ ਬਲੈਕ ਹੋਲ ਦੀ ਗੁਰੂਤਾ ਹੈ ਜੋ ਕਿ ਬਲੈਕ ਹੋਲ ਦੇ ਪਿੱਛੇ ਵਾਲੇ ਪ੍ਰਕਾਸ਼ ਨੂੰ ਮੋੜ ਕੇ ਅੱਗੇ ਵੱਲ ਭੇਜ ਦਿੰਦੀ ਹੈ। ਇਹ ਨਿਰੀਖਣ ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਦੇ ਬਿਲਕੁਲ ਫਿੱਟ ਬੈਠਦਾ ਹੈ। ਇਸ ਤਸਵੀਰ ਨਾਲ ਜੋ ਵੀ ਜਾਣਕਾਰੀ ਮਿਲੀ ਹੈ ਓਹ ਸਾਪੇਖਤਾ ਦੇ ਸਿਧਾਂਤਾਂ 'ਤੇ ਬਿਲਕੁਲ ਖਰੀ ਉੱਤਰੀ ਹੈ ਅਤੇ ਆਈਨਸਟਾਈਨ ਇੱਕ ਵਾਰ ਫ਼ਿਰ ਆਪਣੀ ਉੱਤਮਤਾ ਸਿੱਧ ਕਰਨ ਵਿੱਚ ਕਾਮਯਾਬ ਰਿਹਾ ਹੈ।

ਬਲੈਕ ਹੋਲ ਦੀ ਪਹਿਲੀ ਤਸਵੀਰ ਭਾਵੇਂ ਜਿਆਦਾ ਸਾਫ਼ ਨਹੀਂ ਹੈ ਪਰ ਵਿਗਿਆਨ ਦੇ ਖੇਤਰ ਵਿੱਚ ਬਹੁਤ ਵੱਡੀ ਪੁਲਾਂਘ ਹੈ। ਪਿਛਲੇ ਦਿਨੀਂ ਵਿਗਿਆਨੀਆਂ ਨੇ ਇੱਕ ਕਦਮ ਹੋਰ ਅੱਗੇ ਜਾਂਦਿਆਂ EHT ਨਾਲ ਇਸੇ ਬਲੈਕ ਹੋਲ ਦੇ ਪ੍ਰਕਾਸ਼ ਦੇ ਪੋਲਾਰਾਈਜ਼ਡ ਹੋਣ ਦੀ ਪੁਸ਼ਟੀ ਕੀਤੀ ਹੈ ਜੋ ਕਿ ਬਲੈਕ ਹੋਲ ਦੇ ਆਲੇ ਦੁਆਲੇ ਚੁੰਬਕੀ ਖੇਤਰ ਹੋਣ ਦੀ ਹਾਮੀ ਭਰਦਾ ਹੈ। ਇਸ ਚੁੰਬਕੀ ਖੇਤਰ ਨਾਲ ਹੀ ਬਲੈਕ ਹੋਲਜ਼ ਵਿੱਚੋਂ ਨਿਕਲਣ ਵਾਲੀਆਂ ਪ੍ਰਕਾਸ਼ ਦੀਆਂ ਤੇਜ਼ ਕਿਰਨਾਂ (Jet) ਨੂੰ ਸਮਝਾਇਆ ਜਾ ਸਕਦਾ ਹੈ। ਭਵਿੱਖ ਵਿੱਚ ਹੋਰ ਵੀ ਸਾਫ਼ ਤਸਵੀਰਾਂ ਆਉਣ ਦੀ ਉਮੀਦ ਹੈ ਜੋ ਕਿ ਬਲੈਕ ਹੋਲਜ਼ ਬਾਰੇ ਸਾਡੀ ਸਮਝ ਨੂੰ ਹੋਰ ਅੱਗੇ ਲੈ ਕੇ ਜਾਣਗੀਆਂ।

ਵਿਗਿਆਨੀ-ਇਸਰੋ, ਤ੍ਰਿਵੇਂਦ੍ਰਮ - 9995765095

ਪਦਾਰਥਵਾਦ



ਹੇਮ ਰਾਜ ਸਟੈਨੋ

ਪਦਾਰਥਵਾਦ ਬਾਰੇ ਪਹਿਲਾਂ ਵੀ ਲਿਖਿਆ ਜਾ ਚੁੱਕਿਆ ਹੈ। ਇਸ ਵਾਰ ਫਿਰ ਹੋਰ ਲਿਖਣ ਜਾ ਰਹੇ ਹਾਂ।

ਸ਼ਹੀਦੇ-ਆਜ਼ਮ ਭਗਤ ਸਿੰਘ ਨੇ ਲਾਲਾ ਰਾਮ ਸਰਨ ਦਾਸ ਜੀ ਦੁਆਰਾ ਲਿਖੀ ਕਿਤਾਬ "ਡਰੀਮਲੈਂਡ (ਸੁਪਨ-ਸੰਸਾਰ)"[3] ਦੀ ਭੂਮਿਕਾ 'ਚ ਲਿਖਿਆ ਕਿ ਰਾਮ ਸਰਨ ਦਾਸ ਜੀ ਦੁਆਰਾ ਬ੍ਰਹਿਮੰਡ ਦੀ ਵਿਆਖਿਆ ਉਦੇਸ਼ਵਾਦੀ ਤੇ ਪਰਾ-ਭੌਤਿਕਵਾਦੀ ਹੈ ਜਦ ਕਿ ਮੈਂ ਪਦਾਰਥਵਾਦੀ ਹਾਂ ਤੇ ਇਸ ਦ੍ਰਿਸ਼ਟੀਮਾਨ ਬਾਰੇ ਮੇਰੀ ਵਿਆਖਿਆ ਕਾਰਨਾਤਮਕ ਹੋਏਗੀ। ਸਾਨੂੰ ਇੱਥੇ ਸਮਝਣ ਦੀ ਲੋੜ ਹੈ ਕਿ ਉਹ ਕੀ ਕਹਿ ਰਹੇ ਸਨ। ਉਦੇਸ਼ਵਾਦੀ, ਪਰਾ-ਭੌਤਿਕਵਾਦੀ, ਕਾਰਨਾਤਮਕ ਜਿਹੇ ਸ਼ਬਦ ਔਖੇ ਸ਼ਬਦ ਲੱਗਦੇ ਹਨ। ਇਸ ਲਈ ਪਹਿਲਾਂ ਇਨ੍ਹਾਂ ਨੂੰ ਹੀ ਸਮਝ ਲਈਏ।

ਪਰਾ-ਭੌਤਿਕਵਾਦੀ ਜਾਂ ਅਧਿਆਤਮਵਾਦੀ **(Metaphysical)** ਵਿਧੀ। ਪਹਿਲਾਂ ਇਸਦੇ ਨਾਮ ਬਾਰੇ। ਅਧਿਆਤਮਵਾਦ**(Metaphysics)**-ਯੂਨਾਨੀ ਸਬਦ **Meta ta physics** ਤੋਂ ਇਹ ਨਾਂ ਅਰਸਤੂ ਨੇ ਪਹਿਲਾਂ ਆਪਣੀ ਕਿਰਤ ਦੇ ਖਿਆਲੀ ਸੋਚ ਨੂੰ ਅਰਪਤ ਦਰਸ਼ਨ ਬਾਰੇ ਭਾਗ ਨੂੰ ਦਿੱਤਾ ਸੀ, ਇਹ ਭਾਗ ਭੌਤਿਕ ਵਿਗਿਆਨ ਮਗਰੋਂ ਆਇਆ ਹੈ। ਪਿੱਛੋਂ ਜਾ ਕੇ ਇਹ ਲਫਜ਼ ਵਿਰੋਧ-ਵਿਕਾਸ ਦੇ ਵਿਰੋਧੀ ਬੋਧ ਦੇ ਢੰਗ ਲਈ ਵਰਤਿਆ ਜਾਣ ਲੱਗ ਪਿਆ। ਇੱਥੇ ਇਹ ਗੱਲ ਖਾਸ ਨੋਟ ਕਰਨ ਵਾਲੀ ਗੱਲ ਹੈ ਕਿ ਸਾਡਾ ਸਮੁੱਚਾ ਜਗਤ ਭੌਤਿਕ ਹੈ ਜਦੋਂ ਕਿ ਅਰਸਤੂ ਨੇ ਇਸ ਬਾਰੇ ਆਪਣੇ ਭੌਤਿਕ ਵਿਗਿਆਨ ਤੋਂ ਬਾਅਦ ਇੱਕ ਭਾਗ-ਖਿਆਲੀ ਸੋਚ-ਜੋੜਿਆ। ਇਸਤੋਂ ਹੀ ਇਹ ਪਤਾ ਚੱਲ ਜਾਂਦਾ ਹੈ ਕਿ ਇਹ ਨਿਰੋਲ ਖਿਆਲੀ ਦਰਸ਼ਨ ਹੈ ਨਾ ਕਿ ਸਾਡੇ ਇਸ ਜਗਤ ਨਾਲ ਜੁੜਿਆ ਕੋਈ ਵਿਗਿਆਨ।

ਹੁਣ ਉਦੇਸ਼ਵਾਦੀ ਦਲੀਲ **(Teleogcial Argument)** ਇਹ ਦਲੀਲ ਇਸ ਤਰ੍ਹਾਂ ਹੈ ਕਿ ਇਸ ਸ੍ਰਿਸ਼ਟੀ ਅੰਦਰ ਹਰ ਇੱਕ ਚੀਜ਼ ਕਿਸੇ ਨਾ ਕਿਸੇ ਉਦੇਸ਼ ਨੂੰ ਮੁੱਖ ਰਖਕੇ ਬਣਾਈ ਗਈ ਹੈ ਅਤੇ ਸਮੁੱਚੀ ਸ਼ੈਆਂ ਇੱਕ-ਦੂਸਰੇ ਦੀ ਪਰਸਪਰ ਭਲਾਈ ਲਈ ਬਣਾਈਆਂ ਗਈਆਂ ਹਨ। ਇਸ ਦਲੀਲ ਅਨੁਸਾਰ ਸਮੁੱਚੀ ਪ੍ਰਕ੍ਰਿਤੀ ਦੀ ਰਚਨਾ ਇਸ ਲਈ ਹੋਈ ਕਿ ਸਿਰਜਣਹਾਰ ਦੀ ਬੁੱਧੀ ਪ੍ਰਮਾਣਿਤ ਹੋ ਸਕੇ। ਪਹਿਲਾਂ ਸਾਰੀਆਂ ਚੀਜ਼ਾਂ ਦੀ ਰਚਨਾ ਪਰਸਪਰ ਭਲਾਈ ਲਈ ਬਣਾਈ ਹੈ, ਨੂੰ ਹੀ ਪਰਖੋ। ਬਿੱਲੀਆਂ ਅਤੇ ਚੂਹਿਆਂ ਦੀ ਮਿਸਾਲ ਲਵੋ। ਚਲੋ ਬਿੱਲੀਆਂ ਦੇ ਖਾਣ ਲਈ ਤਾਂ ਚੂਹੇ ਬਣਾਏ ਗਏ ਪਰ ਬਿੱਲੀਆਂ ਚੂਹਿਆਂ ਦੀ ਭਲਾਈ ਲਈ ਕਿਵੇਂ ਬਣਾਈਆਂ ਗਈਆਂ ਜਦੋਂ ਕਿ ਉਹ ਤਾਂ ਇਨ੍ਹਾਂ ਨੂੰ ਖਾਕੇ ਮਾਰ ਮੁਕਾਉਂਦੀਆਂ ਹਨ। ਸੋ ਇਹ ਉਦੇਸ਼ਵਾਦੀ ਦਲੀਲ ਅਮਲ 'ਚ ਇਸ ਸ੍ਰਿਸ਼ਟੀ ਦੀ ਰਚਨਾ ਇੱਕ-ਦੂਸਰੇ ਦੀ ਪਰਸਪਰ ਭਲਾਈ ਲਈ ਬਣਾਈ ਹੋਣ ਦੀ ਗੱਲ ਨੂੰ ਪ੍ਰਮਾਣਿਤ ਨਹੀਂ ਕਰਦੀ।

ਸੋ ਨਾ ਤਾਂ ਅਧਿਆਤਮਵਾਦੀ ਵਿਧੀ ਅਤੇ ਨਾ ਹੀ ਉਦੇਸ਼ਵਾਦੀ ਵਿਧੀ ਠੀਕ ਹਨ। ਇਸੇ ਲਈ ਭਗਤ ਸਿੰਘ ਨੇ ਲਿਖਿਆ ਕਿ ਉਹ ਤਾਂ ਇਸ ਦ੍ਰਿਸ਼ਟੀਮਾਨ ਜਗਤ ਦੀ ਵਿਆਖਿਆ ਕਾਰਨਾਤਮਕ ਵਿਧੀ ਰਾਹੀਂ ਕਰਨਗੇ। ਉਨ੍ਹਾਂ ਨੇ ਲਿਖਿਆ ਕਿ ਇਹ ਇਸ ਲਈ ਹੈ ਕਿਉਂਕਿ ਉਹ ਪਦਾਰਥਵਾਦੀ ਹਨ। ਇਹ ਕਾਰਨਾਤਮਕ ਵਿਧੀ ਕੀ ਹੈ? ਇਹ ਇਸ ਤਰ੍ਹਾਂ ਹੈ ਕਿ ਹਰੇਕ ਕਾਰਜ ਦੇ ਪਿੱਛੇ ਕੋਈ ਨਾ ਕੋਈ ਕਾਰਨ ਹੁੰਦਾ ਹੈ ਅਤੇ ਉਹ ਕਾਰਨ ਆਪਣੇ ਤੌਰ 'ਤੇ ਪਹਿਲਾਂ ਕਿਸੇ ਕਾਰਨ ਦਾ ਕਾਰਜ ਹੁੰਦਾ ਹੈ। ਇਸ ਨੂੰ ਸਮਝਣ ਲਈ ਆਪਾਂ ਇੱਕ ਉਦਾਹਰਣ ਲੈਂਦੇ ਹਾਂ। ਕੋਈ ਵੀ ਬੱਚਾ ਆਪਣੇ ਮਾਪਿਆਂ ਦਾ ਕਾਰਜ ਹੁੰਦਾ ਹੈ। ਕਹਿਣ ਤੋਂ ਭਾਵ ਕਿ ਬੱਚੇ ਦੇ ਮਾਪੇ ਬੱਚੇ ਨੂੰ ਜਨਮ ਦੇਣ ਦਾ ਕਾਰਨ ਹੁੰਦੇ ਹਨ। ਭਾਵ ਬੱਚਾ ਕਾਰਜ ਅਤੇ ਮਾਪੇ ਕਾਰਨ। ਪਰ ਇਹੀਓ ਮਾਪੇ ਅੱਗੋਂ ਆਪਣੇ ਮਾਪਿਆਂ ਦਾ ਕਾਰਜ ਹੁੰਦੇ ਹਨ। ਬੱਚੇ ਦੇ ਮਾਪੇ ਪਹਿਲਾਂ ਆਪਣੇ ਮਾਪਿਆਂ ਦਾ ਕਾਰਜ। ਇਸ ਲਈ ਜਿਹੜਾ ਕਾਰਜ ਹੁੰਦਾ ਹੈ ਉਹ ਪਹਿਲਾਂ ਕਿਸੇ ਕਾਰਨ ਦਾ ਕਾਰਜ ਹੁੰਦਾ ਹੈ ਅਤੇ ਇਹ ਲੜੀ ਅਨੰਤ ਹੈ। ਲੰਬੀ ਨਹੀਂ ਸਮਝਣਾ ਕਿਉਂਕਿ ਲੰਬੀ ਦਾ ਕੋਈ ਨਾ ਕੋਈ ਸਿਰਾ ਹੁੰਦਾ ਹੈ ਜਦ ਕਿ ਅਨੰਤ ਦਾ ਕੋਈ ਆਦਿ-ਅੰਤ ਨਹੀਂ ਹੁੰਦਾ। ਇਸ ਤਰ੍ਹਾਂ ਇਸ ਕਾਰਨ-ਕਾਰਜ ਦੀ ਵਿਧੀ ਨੂੰ ਕਾਰਨਾਤਮਕ ਕਿਹਾ ਜਾਂਦਾ ਹੈ।

ਇਹ ਪਦਾਰਥਵਾਦੀ ਵਿਧੀ ਹੈ। ਪਰ ਈਸ਼ਵਰਵਾਦੀ ਕੀ ਕਹਿੰਦੇ ਹਨ? ਉਹ ਵੀ ਕਹਿਣਗੇ ਕਿ ਅਸੀਂ ਕਾਰਨ-ਕਾਰਜ ਵਿਧੀ ਨੂੰ ਮੰਨਦੇ ਹਾਂ। ਉਹ ਕਹਿੰਦੇ ਹਨ ਕਿ ਜਦੋਂ ਉਹ ਕਹਿੰਦੇ ਹਨ ਕਿ ਇਸ ਦ੍ਰਿਸ਼ਟੀਮਾਨ ਜਗਤ ਦਾ *ਕਾਰਨ* ਈਸ਼ਵਰ ਹੈ ਤਾਂ ਉਹ ਕਾਰਨ-ਕਾਰਜ ਦੀ ਵਿਧੀ ਨੂੰ ਹੀ ਮੰਨਦੇ ਹੁੰਦੇ ਹਨ। ਪਰ ਜੇਕਰ ਉਨ੍ਹਾਂ ਤੋਂ ਇਹ ਪੁੱਛ ਲਿਆ ਜਾਵੇ ਕਿ ਈਸ਼ਵਰ ਆਪਣੇ ਆਪ ਕਿਸ ਦਾ ਕਾਰਜ ਹੈ ਤਾਂ ਉਹ ਇਹ ਨਹੀਂ ਦਰਸਾ ਸਕਣਗੇ। ਪਰ ਪਦਾਰਥਵਾਦੀ ਵਿਧੀ ਹਰ ਕਾਰਨ

ਪਿੱਛੇ ਜਿਹੜਾ ਕਾਰਜ ਦਰਸਾਏਗੀ, ਉਹ ਅੱਗੋਂ ਉਸ ਪਿਛਲੇ ਕਾਰਨ ਨੂੰ ਵੀ ਦਰਸਾਏਗੀ।

ਪਦਾਰਥਵਾਦੀ ਨਜ਼ਰੀਆ ਕਿਉਂ ਜ਼ਰੂਰੀ ਹੈ? ਇਹ ਇਸ ਲਈ ਜ਼ਰੂਰੀ ਹੈ ਕਿ ਜੋ ਕੁੱਝ ਵੀ ਇਸ ਬਹਿਮੰਡ ਵਿੱਚ ਵਾਪਰਦਾ ਹੈ ਉਸਦਾ ਕਾਰਨ ਪਦਾਰਥਕ ਹੁੰਦਾ ਹੈ। ਕਿਉਂਕਿ ਪਦਾਰਥਵਾਦ ਕਿਸੇ ਕਿਸਮ ਦੀ ਪਰਾ-ਭੌਤਿਕ ਸ਼ਕਤੀ ਦੇ ਵਜੂਦ 'ਚ ਹੋਣ ਨੂੰ ਰੱਦ ਕਰਦਾ ਹੈ, ਇਸ ਲਈ ਇਹ ਕਿਸੇ ਪਰਾ-ਭੌਤਿਕ ਸ਼ਕਤੀ 'ਚ ਵਿਸ਼ਵਾਸ ਨਹੀਂ ਕਰਦਾ। ਇਸੇ ਕਰਕੇ ਮਜ਼ਹਬੀ ਹਲਕੇ ਇਸਨੂੰ ਭੈੜੀ ਨਜ਼ਰ ਨਾਲ ਦੇਖਦੇ ਹਨ। ਮਿਸਾਲ ਦੇ ਤੌਰ 'ਤੇ "ਫਰਾਂਸੀਸੀ ਕੈਥੋਲਿਕ ਫਿਲਾਸਫਰ ਅਲਫਰਡ ਅਨਸੋਲ ਨੇ ਕਿਹਾ ਹੈ ਕਿ ਮਾਰਕਸਵਾਦ ਦੀ ਜਿਹੜੀ ਗੱਲ ਉਹਨੂੰ ਸਭ ਤੋਂ ਮਾੜੀ ਲਗਦੀ ਹੈ ਉਹ ਹੈ "ਪਦਾਰਥ ਦਾ ਵਿਰੋਧ-ਵਿਕਾਸ ਸਿਧਾਂਤ"। ਉਹ ਕਹਿੰਦਾ ਹੈ: "ਜੇ ਇਹ ਦੁਨੀਆਂ ਦੇ ਮੂਲ ਤੇ ਵਿਕਾਸ ਵਿਚ ਰੱਬ ਦੇ ਦਖਲ ਨੂੰ ਆਪਹੁਦਰੇ ਤੌਰ 'ਤੇ ਰੱਦ ਨਾ ਕਰਦਾ ਤਾਂ ਗਿਰਜਾ (ਈਸਾਈ ਮੱਤ) ਮਾਰਕਸਵਾਦ ਦੀ ਨਿਖੇਧੀ ਨਾ ਕਰਦਾ, ਜੇ ਮਾਰਕਸਵਾਦ ਦੀ ਨਿਖੇਧੀ ਹੁੰਦੀ ਹੈ ਤਾਂ ਸਿਰਫ ਇਹਦੇ ਪਦਾਰਥਵਾਦ ਕਰਕੇ ਹੁੰਦੀ ਹੈ।' ਜਾਪਦਾ ਹੈ ਇਹ ਗੱਲ ਹੀ ਮਾਰਕਸਵਾਦੀ ਫਲਸਫੇ ਦੀ "ਬੁਰਾਈ ਦੀ ਜੜ੍ਹ" ਹੈ।"[1]

ਇਹ ਵਿਰੋਧ ਇਸੇ ਕਰਕੇ ਹੈ ਕਿ ਮਜਹਬੀ ਵਿਚਾਰਧਾਰਾ ਕਿਸੇ ਪਰਾ-ਭੌਤਿਕ ਸ਼ਕਤੀ ਦੁਆਰਾ ਇਸ ਦੁਨੀਆਂ ਨੂੰ ਰਚਿਆ ਹੋਇਆ ਮੰਨਦੀ ਹੈ ਜਦੋਂ ਕਿ ਪਦਾਰਥਵਾਦ ਇਸ ਦੁਨੀਆਂ ਦਾ ਆਧਾਰ ਪਦਾਰਥ ਨੂੰ ਮੰਨਦਾ ਹੈ। ਪਦਾਰਥਵਾਦ ਮੰਨਦਾ ਹੈ ਕਿ ਪਦਾਰਥ ਸਦੀਵੀ ਹੈ ਅਤੇ ਇਸਤੋਂ ਹੀ ਇਹ ਜਗਤ ਵਜੂਦ 'ਚ ਆਇਆ ਹੈ।

ਪਦਾਰਥ ਇਸ ਸਮੁੱਚੇ ਜਗਤ ਨੂੰ ਪਦਾਰਥ ਦਾ ਵਟਾਇਆ ਹੋਇਆ ਜਾਂ ਵਟਿਆ ਹੋਇਆ ਰੂਪ ਮੰਨਦਾ ਹੈ ਨਾ ਕਿ ਕਿਸੇ ਬਾਹਰਲੀ ਸ਼ਕਤੀ ਦੀ ਚੁਟਕੀ ਮਾਰਕੇ ਕੀਤੀ ਪੈਦਾਇਸ਼। ਪਦਾਰਥਵਾਦ ਕਿਸੇ ਵੀ ਪਦਾਰਥ ਦੇ ਬਦਲਣ ਤੇ ਰੂਪ ਵਟਾਉਣ ਦਾ ਕਾਰਨ ਉਸਦੇ ਅੰਦਰੂਨੀ ਹੋਣ ਨੂੰ ਮੰਨਦਾ ਹੈ ਨਾ ਕਿ ਕਿਸੇ ਬਾਹਰੀ ਕਾਰਨ ਨੂੰ। ਪਦਾਰਥਵਾਦ ਅਨੁਸਾਰ ਬਾਹਰੀ ਹਾਲਤਾਂ ਤਾਂ ਸਿਰਫ ਸਹਾਇਕ ਬਣਦੀਆਂ ਹਨ। ਇਸਨੂੰ ਸਮਝਣ ਲਈ ਆਪਾਂ ਇੱਕ ਮਿਸਾਲ ਲੈਂਦੇ ਹਾਂ। ਅੰਡੇ ਦੀ ਮਿਸਾਲ ਲਵੋ। ਮੁਰਗੀ ਉਸਨੂੰ ਗਰਮੀ ਦਿੰਦੀ ਹੈ ਅਤੇ ਅੰਡੇ ਵਿੱਚੋਂ ਚੂਚਾ ਨਿਕਲ ਆਉਂਦਾ ਹੈ। ਪਰ ਇਹ ਕਦੇ ਨਹੀਂ ਹੋ ਸਕਦਾ ਕਿ ਮੁਰਗੀ ਕਿਸੇ ਪੱਥਰ ਨੂੰ ਉਨੀਂ ਹੀ ਗਰਮੀ ਦੇਵੇ ਤੇ ਉਸ ਵਿੱਚੋਂ ਚੂਚਾ ਨਿਕਲ ਆਵੇ। ਭਾਵ ਕਿ ਪਦਾਰਥ ਨੇ ਹੀ ਪਦਾਰਥ ਨੂੰ ਗਰਮੀ ਦਿੱਤੀ ਤੇ ਪੈਦਾਰਥ 'ਚੋਂ ਹੀ ਪਦਾਰਥ ਨਿਕਲਿਆ।

ਹੁਣ ਇਸੇ ਨਿਯਮ ਨੂੰ ਸਮਾਜ 'ਤੇ ਢੁਕਾ ਕੇ ਦੇਖੋ। ਸਮਾਜ ਵਿੱਚ ਗਰੀਬੀ-ਅਮੀਰੀ, ਬੁਰਿਆਈਆਂ, ਜਬਰ-ਜ਼ੁਲਮ ਆਦਿ ਆਦਿ ਦਾ ਕਾਰਨ ਵੀ ਸਮਾਜ ਦੇ ਢਾਂਚੇ ਦੇ ਅੰਦਰ ਹੀ ਹੁੰਦਾ ਹੈ ਨਾ ਕਿ ਕਿਸੇ ਬਾਹਰੀ ਕਥਿਤ ਦੈਵੀ ਸ਼ਕਤੀ ਕਰਕੇ। ਹੁਣ ਜਿਹੜੇ ਇਨਸਾਨ ਤਾਂ ਹਰ ਕਿਸਮ ਦੀਆਂ ਬੁਰਿਆਈਆਂ ਦੀ ਜੜ੍ਹ ਇਸੇ ਸਮਾਜ ਵਿੱਚ ਦੇਖਣਗੇ, ਉਹ ਤਾਂ ਇਸ ਸਮਾਜ ਨੂੰ ਤਬਦੀਲ ਕਰਨ ਬਾਰੇ ਸੋਚਣਗੇ ਪਰ ਜਿਹੜੇ ਕਿਸੇ ਉਪਰੀ ਸ਼ਕਤੀ ਨੂੰ ਇਸਦਾ ਕਾਰਨ ਸਮਝਣਗੇ, ਉਹ ਉਸ ਤੋਂ ਝਾਕ ਕਰਨਗੇ ਕਿ ਕਦੋਂ ਉਹ ਕਿਰਪਾ ਕਰੇਗੀ। ਜਦੋਂ ਕਿਸੇ ਅਜਿਹੀ ਸ਼ਕਤੀ ਦੀ ਕੋਈ ਹੋਂਦ ਹੀ ਨਹੀਂ ਤਾਂ ਉਸਦੀ ਕਿਰਪਾ ਕੀ ਹੋਣੀ ਹੈ?

ਸਾਡੇ ਸਮਾਜ ਵਿੱਚ ਅਮੀਰੀ ਤੇ ਗਰੀਬੀ ਦਾ ਪਾੜਾ ਕਿੰਨਾ ਵਡੇਰਾ ਹੈ ਅਤੇ ਅਖਬਾਰਾਂ ਅੰਦਰ ਇਸ ਦੇ ਨਿੱਤ ਵਧਣ ਦੀਆਂ ਖਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਕੀ ਇਹ ਅਮੀਰ ਇਸ ਲਈ ਅਮੀਰ ਹਨ ਕਿ ਉਹ ਸਿਆਣੇ ਹਨ ਅਤੇ ਗਰੀਬ ਇਸ ਲਈ ਗਰੀਬ ਹਨ ਕਿ ਉਹ ਸਿਆਣੇ ਨਹੀਂ ਹਨ? ਨਹੀਂ, ਗੱਲ ਇਉਂ ਨਹੀਂ ਹੈ। ਜਿਵੇਂ ਆਪਾਂ ਪਹਿਲਾਂ ਗੱਲ ਕੀਤੀ ਹੈ ਕਿ ਹਰ ਵਰਤਾਰੇ ਦਾ ਕਾਰਨ ਪਦਾਰਥਕ ਹੁੰਦਾ ਹੈ, ਇਸ ਲਈ ਇਸਦਾ (ਗਰੀਬੀ ਤੇ ਅਮੀਰੀ ਦੇ ਪਾੜੇ ਦਾ) ਵੀ ਪਦਾਰਥਕ ਕਾਰਨ ਹੈ। ਉਹ ਕਿਹੜਾ ਹੈ? ਲਓ ਦੇਖੀਏ। ਸਾਰੇ ਜਾਣਦੇ ਹਾਂ ਕਿ ਕਿਰਤ ਕਰਨ ਤੋਂ ਬਿਨਾਂ ਕੋਈ ਵਸਤੂ ਪੈਦਾ ਨਹੀਂ ਹੋ ਸਕਦੀ ਜਾਂ ਬਣਾਈ ਨਹੀਂ ਜਾ ਸਕਦੀ। ਆਪਾਂ ਇਸ ਅਮਲ ਨੂੰ ਇੱਕ ਫੈਕਟਰੀ 'ਤੇ ਢੁਕਾ ਕੇ ਦੇਖਦੇ ਹਾਂ। ਇੱਕ ਮਜ਼ਦੂਰ ਇੱਕ ਦਿਨ ਵਿੱਚ 12 ਘੰਟੇ ਕੰਮ ਕਰਦਾ ਹੈ। ਉਹ ਇੱਕ ਘੰਟੇ 'ਚ 6 ਰੁਪਏ ਦੇ ਬਰਾਬਰ ਦੇ ਮੁੱਲ ਦੀਆਂ ਵਸਤੂਆਂ ਪੈਦਾ ਕਰਦਾ ਹੈ। ਇਸ ਤਰ੍ਹਾਂ ਉਹ 12 ਘੰਟਿਆਂ ਵਿਚ ਉਹ 72 ਰੁਪਏ ਦੇ ਮੁੱਲ ਦੀਆਂ ਵਸਤੂਆਂ ਪੈਦਾ ਕਰੇਗਾ। ਪਰੰਤੂ ਉਸ ਨੂੰ ਦਿੱਤੀ ਜਾਣ ਵਾਲੀ ਮਜ਼ਦੂਰੀ (ਕਿਰਤ ਸ਼ਕਤੀ ਵਾਲੀ ਵਸਤੂ ਦਾ ਮੁੱਲ) 42 ਰੁਪਏ ਹੈ। ਇਹ 42 ਰੁਪਏ ਉਹ ਮਜ਼ਦੂਰ ਕੇਵਲ 7 ਘੰਟੇ ਕੰਮ ਕਰਕੇ ਕਮਾ ਲੈਂਦਾ ਹੈ। ਮਜ਼ਦੂਰ ਨੇ ਜਿਹੜੇ 5 ਘੰਟੇ ਬਾਕੀ ਕੰਮ ਕੀਤਾ, ਇਸੇ ਹਿਸਾਬ ਨਾਲ ਉਸਦੇ 30 ਰੁਪਏ ਹੋਰ ਬਣਦੇ ਸਨ ਪਰ ਉਸਨੂੰ ਪੂੰਜੀਪਤੀ ਇਸ ਬਹਾਨੇ ਹਥਿਆ ਲੈਂਦਾ ਹੈ ਕਿ ਉਤਪਾਦਨ ਦੇ ਸਾਧਨ ਉਸਦੀ ਮਲਕੀਅਤ ਹਨ ਅਤੇ ਇਹ ਉਨ੍ਹਾਂ ਸਾਧਨਾਂ ਦੀ ਵਰਤੋਂ ਦਾ ਇਵਜ਼ਾਨਾ ਹੈ..।[2] ਇਸ ਤਰ੍ਹਾਂ ਜੇਕਰ ਫੈਕਟਰੀ ਵਿੱਚ 50 ਮਜ਼ਦੂਰ ਵੀ ਕੰਮ ਕਰਦੇ ਹੋਣ ਤਾਂ ਉਨ੍ਹਾਂ ਦੇ 1500 ਰੁਪਏ ਇੱਕ ਪੂੰਜੀਪਤੀ ਹਥਿਆ ਗਿਆ। ਇੱਕ ਮਜ਼ਦੂਰ ਨੂੰ ਮਿਲੇ 42 ਰੁਪੈ ਤੇ ਇੱਕ ਪੂੰਜੀਪਤੀ ਹਥਿਆ ਗਿਆ 1500 ਰੁਪਏ।

ਪਾੜਾ ਤਾਂ ਇਨ੍ਹਾਂ 42 ਰੁਪਿਆਂ ਤੇ 1500 ਰੁਪਿਆਂ ਦਾ ਹੀ ਬਹੁਤ ਹੈ ਪਰ ਜਦੋਂ ਇਹ ਪਾੜਾ (ਭਾਵ ਕਿਰਤ ਦਾ ਹੜੱਪਿਆ ਮੁੱਲ) ਹੋਰ ਇਕੱਠਾ ਹੁੰਦਾ ਜਾਂਦਾ ਹੈ ਤਾਂ ਮਜ਼ਦੂਰ ਤਾਂ ਗਰੀਬ ਦਾ ਗਰੀਬ ਬਣਿਆ ਹੀ ਰਹਿੰਦਾ ਹੈ ਪਰ ਪੂੰਜੀਪਤੀ ਕੋਲ ਹੋਰ ਤੋਂ ਅੱਗੇ ਹੋਰ ਪੂੰਜੀ ਇਕੱਤਰ ਹੋਈ ਜਾਂਦੀ ਹੈ। ਇਸ ਤਰ੍ਹਾਂ ਨਾਲ ਪੂੰਜੀਪਤੀ ਇਸੇ ਹੜੱਪੀ ਕਿਰਤ ਦੇ ਧਨ ਨਾਲ ਹੋਰ ਫੈਕਟਰੀਆਂ ਸਥਾਪਤ ਕਰੀ ਜਾਂਦਾ ਹੈ। ਇਨ੍ਹਾਂ ਫੈਕਟਰੀਆਂ ਨੂੰ ਇਸੇ ਕਰਕੇ ਮਜ਼ਦੂਰ ਦੀ ਜੰਮੀ ਜਾਂ ਮਰੀ ਕਿਰਤ (**Frozen or dead labor**) ਕਿਹਾ ਜਾਂਦਾ ਹੈ। ਇਸ ਤਰ੍ਹਾਂ ਇਸ ਕਿਰਤ ਦੇ ਅਮਲ ਰਾਹੀਂ, ਜਿਸ ਵਿੱਚ ਕਿਰਤ ਦੇ ਸਾਧਨ ਨਿੱਜੀ ਮਾਲਕੀ ਹੋਣ ਅਤੇ ਪੈਦਾਵਾਰੀ ਸਮਾਜਕ ਹੋਣ ਕਰਕੇ ਅਮੀਰੀ ਅਤੇ ਗਰੀਬੀ ਦਾ ਪਾੜਾ ਨਿੱਤ ਦਿਨ ਹੋਰ ਵਧਦਾ ਜਾਂਦਾ ਹੈ। ਸੋ ਆਪਣਾ ਭਾਵ ਇਹ ਸੀ ਕਿ ਅਮੀਰੀ ਤੇ ਗਰੀਬੀ ਦਾ ਪਾੜਾ ਜਿਹੜਾ ਨਿੱਤ ਦਿਨ ਵਧ ਰਿਹਾ ਹੈ ਅਤੇ ਇਸਨੇ ਵਧਦੇ ਹੀ ਜਾਣਾ ਹੈ, ਇਸ ਦਾ ਕਾਰਨ ਪੈਦਾਵਾਰ ਦੇ ਅਮਲ 'ਚ ਪਿਆ ਹੋਇਆ ਹੈ। ਕਿਉਂਕਿ ਪੈਦਾਵਾਰ ਦੇ ਸਾਧਨ ਪੂੰਜੀਪਤੀਆਂ ਕੋਲ ਹਨ ਅਤੇ ਮਜ਼ਦੂਰਾਂ ਕੋਲ ਜੀਵਨ ਦੀ ਗੱਡੀ ਰੁੜ੍ਹਦੀ ਰੱਖਣ ਲਈ ਆਪਣੀ ਕਿਰਤ ਸ਼ਕਤੀ ਨੂੰ ਵੇਚਣ ਤੋਂ ਸਿਵਾਏ ਹੋਰ ਕੁੱਝ ਨਹੀਂ ਹੈ। ਇਹ ਇਸ ਵਰਤਾਰੇ ਦਾ ਪਦਾਰਥਕ ਕਾਰਨ ਹੈ। ਭਾਵ ਅਮੀਰੀ ਤੇ ਗਰੀਬੀ ਦੇ ਪਾੜੇ ਦਾ ਵਧਣ ਦਾ ਕਾਰਨ ਕਿਰਤ ਦੇ ਰਿਸ਼ਤਿਆਂ 'ਚ ਪਿਆ ਹੈ। ਕਿਉਂਕਿ ਕਿਰਤ ਦੁਆਰਾ ਪੈਦਾ ਕੀਤੀ ਗਈ ਵਸਤੂ 'ਚੋ ਕਿੰਨਾ ਮਜ਼ਦੂਰ ਨੂੰ ਦੇਣਾ ਹੈ ਅਤੇ ਕਿੰਨਾ ਆਪਣੇ ਕੋਲ ਰੱਖਣਾ ਹੈ, ਇਹ ਪੂੰਜੀਪਤੀ ਦੇ ਹੱਥ-ਵੱਸ ਹੁੰਦਾ ਹੈ ਕਿਉਂਕਿ ਪੈਦਾਵਾਰ ਦੇ ਸਾਧਨਾਂ 'ਤੇ ਮਾਲਕੀ ਪੂੰਜੀਪਤੀ ਕੋਲ ਹੁੰਦੀ ਹੈ। ਕਿਰਤ ਕਰਨ ਵਾਲਾ ਮਜ਼ਦੂਰ ਤਾਂ ਵਸਤੂਆਂ ਪੈਦਾ ਕਰਦਾ ਹੈ ਪਰ ਉਸਦਾ ਵੰਡ-ਵੰਡਾਈ ਜਾਂ ਵੇਚ-ਵੱਟ 'ਚ ਕੋਈ ਅਧਿਕਾਰ ਨਹੀਂ ਹੁੰਦਾ।

ਗਰੀਬੀ-ਅਮੀਰੀ ਦਾ ਇਹ ਪਾੜਾ ਕੋਈ ਕਿਸੇ ਪੂੰਜੀਪਤੀ ਦੀ ਅਖੌਤੀ ਚੰਗੀ ਕਿਸਮਤ ਜਾਂ ਮਜ਼ਦੂਰਾਂ ਦੇ ਕੀਤੇ ਪਿਛਲੇ ਜਨਮਾਂ ਦੇ ਬੁਰੇ ਕਰਮਾਂ ਕਰਕੇ ਨਹੀਂ ਹੈ। ਜੇਕਰ ਇਸ ਪਾੜੇ ਨੂੰ ਖਤਮ ਕਰਨਾ ਹੈ ਤਾਂ ਇਸ (ਪਦਾਰਥਕ) ਕਾਰਨ ਨੂੰ ਦੂਰ ਕਰਨਾ ਪਵੇਗਾ। ਪਦਾਰਥਵਾਦੀ ਵਿਧੀ ਇਹੀ ਢੰਗ ਸੁਝਾਉਂਦੀ ਹੈ। ਇਸ ਪਾੜੇ ਨੂੰ ਨਾ ਤਾਂ ਪੂੰਜੀਪਤੀਆਂ ਨੂੰ ਮਜ਼ਦੂਰਾਂ 'ਤੇ ਮੇਹਰ ਕਰਨ ਦੀਆਂ ਫੋਕੀਆਂ ਨਸੀਹਤਾਂ ਨਾਲ ਅਤੇ ਨਾ ਹੀ ਮਜ਼ਦੂਰਾਂ ਨੂੰ ਹੋਰ ਤੋਂ ਅੱਗੇ ਹੋਰ ਕਿਰਸ ਕਰਦੇ ਕਹਿੰਦਿਆਂ ਜੀਵਨ ਬਸਰ ਕਰਨ ਨਾਲ ਦੂਰ ਕੀਤਾ ਜਾ ਸਕਦਾ ਹੈ। ਇਹ ਪਦਾਰਥਕ ਕਾਰਨ 'ਕੱਲਾ ਜ਼ਬਾਨੀ ਜਮ੍ਹਾਂ-ਖਰਚ ਕਰਨ ਨਾਲ ਦੂਰ ਨਹੀਂ ਕੀਤਾ ਜਾ ਸਕਦਾ। ਇਹ ਤਾਂ ਮੌਜੂਦਾ ਪੈਦਾਵਾਰ ਦੇ ਸਾਧਨਾਂ 'ਤੇ ਮਲਕੀਅਤ ਸਾਂਝੀ ਕਰਨ ਲਈ ਜੱਦੋਜਹਿਦ ਕਰਨੀ ਪਵੇਗੀ ਅਤੇ ਇਸ ਨੂੰ ਇਸਦੇ ਸਿੱਟੇ ਬਰਾਬਰੀ ਵਾਲਾ ਸਮਾਜ ਬਣਾਉਣ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ।

ਹੋਰ ਲਵੋ। ਅੱਜ ਕੱਲ ਆਮ ਹੀ ਨੌਜਵਾਨਾਂ ਦੇ ਬਾਹਰਲੇ ਦੇਸ਼ਾਂ 'ਚ ਪਰਵਾਸ ਕਰਨ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਇਹ ਠੀਕ ਹੈ ਇਸ ਵਰਤਾਰੇ ਕਾਰਨ ਸਾਡੇ ਦੇਸ਼ ਦੀ ਬੌਧਿਕ ਸ਼ਕਤੀ ਤੇ ਧਨ ਦੂਸਰੇ ਦੇਸ਼ਾਂ 'ਚ ਪਰਵਾਸ ਕਰ ਰਿਹਾ ਹੈ। ਇਹ ਦੇਸ਼ ਦੇ ਪੱਖ ਤੋਂ ਸੋਚਿਆਂ ਇੱਕ ਮਾੜਾ ਰੁਝਾਨ ਹੋ ਸਕਦਾ ਹੈ। ਪਰ ਕੀ ਇਸ ਵਾਸਤੇ ਨੌਜਵਾਨ ਹੀ ਕਸੂਰਵਾਰ ਹਨ ? ਹਕੂਮਤਾਂ ਨੇ ਕਦੇ ਇਸ ਤੱਥ ਵੱਲ ਧਿਆਨ ਦਿੱਤਾ ਹੈ ਕਿ ਪੜ੍ਹ-ਲਿਖਕੇ ਨੌਜਵਾਨ ਹੱਥਾਂ 'ਚ ਡਿਗਰੀਆਂ ਫੜੀ ਦਰ-ਦਰ ਦੇ ਧੱਕੇ ਖਾ ਖਾ ਕੇ ਥੱਕ-ਅੱਕ ਜਾਂਦੇ ਹਨ। ਅਜਿਹੀ ਹਾਲਤ 'ਚ ਹੀ ਉਹ ਆਖਰ ਨੂੰ ਘਰ ਦਾ ਸਾਰਾ ਕੁੱਝ ਵੇਚ-ਵੱਟਕੇ ਬਾਹਰ ਨੂੰ ਤੁਰਨ ਲਈ ਮਜ਼ਬੂਰ ਹੁੰਦੇ ਹਨ। ਹਕੂਮਤੀ ਗੱਦੀਆਂ 'ਤੇ ਬੈਠਿਆਂ ਨੂੰ ਕੋਈ ਪੁੱਛੇ ਕਿ ਤੁਸੀਂ ਤਾਂ ਦੇਸ਼ 'ਚ ਰਹਿੰਦੇ ਹੋਏ ਵੀ ਆਪਣੇ ਘਰਾਂ ਦੇ ਦਰਸ਼ਨ ਕਰਦੇ ਰਹਿੰਦੇ ਹੋ ਪਰ ਇਹ ਨੌਜਵਾਨ ਤਾਂ ਆਪਣੇ ਘਰਾਂ ਦੇ ਮੈਂਬਰਾਂ ਦੇ ਬਿਮਾਰ-ਠਿਮਾਰ ਹੋ ਜਾਣ 'ਤੇ ਵੀ ਨਹੀਂ ਆ ਸਕਦੇ। ਆਪ ਵੀ ਬਾਹਰਲੇ ਦੇਸ਼ਾਂ 'ਚ ਕੱਲੇ-ਕਹਿਰੇ ਇਕਲਾਪਾ ਕੱਟਦੇ ਹਨ। ਇਕਲਾਪਾ ਜੀਵਨ 'ਤੇ ਕੀ ਕਹਿਰ ਢਾਹੁੰਦਾ ਹੈ, ਇਹ ਉਹ ਹੀ ਜਾਣਦੇ ਹਨ ਜੋ ਝੱਲਦੇ ਹਨ। ਜੇ ਇਨ੍ਹਾਂ ਹੀ ਨੌਜਵਾਨਾਂ ਨੂੰ ਸਾਡੇ ਦੇਸ਼ ਅੰਦਰ ਮਾੜਾ-ਮੋਟਾ ਗੁਜ਼ਾਰੇ-ਜੋਗਾ ਵੀ ਰੁਜ਼ਗਾਰ ਮਿਲਦਾ ਹੋਵੇ ਤਾਂ ਉਹ ਕਦੇ ਵੀ ਬਾਹਰ ਨਾ ਜਾਣ ਤੇ ਨਾ ਹੀ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਅਜਿਹਾ ਕਰਨ ਦੇਣ। ਕਹਿਣ ਤੋਂ ਭਾਵ ਇਹ ਹੈ ਕਿ ਅਜਿਹੇ ਵਰਤਾਰੇ ਦਾ ਹੱਲ ਵੀ ਇਹ ਪਦਾਰਥਕ ਕਾਰਨ ਦੂਰ ਕਰਕੇ ਹੀ ਕੀਤਾ ਜਾ ਸਕਦਾ ਹੈ ਨਾ ਕਿ ਫੋਕੇ ਦੇਸ਼-ਭਗਤੀ ਦੇ ਉਪਦੇਸ਼ਾਂ ਨਾਲ। ਇਸ ਲਈ ਇਸ ਨੁਕਤੇ 'ਤੇ ਵੀ ਪਦਾਰਥਵਾਦ ਹੀ ਸਹੀ ਉਤਰਦਾ ਹੈ। ਬਾਕੀ ਵਿਚਾਰਧਾਰਾਵਾਂ ਕੀ ਕਹਿੰਦੀਆਂ ਹਨ ਇਹ ਸਾਡਾ ਵਿਸ਼ਾ ਨਹੀਂ।

-98769-53561


ਹਵਾਲੇ: 1. ਕਿਤਾਬ "ਅਫਲਾਤੂਨ ਤੋਂ ਲੈਨਿਨ ਤੱਕ" ਪ੍ਰਕਾਸ਼ਕ: ਪੰਜਾਬ ਬੁੱਕ ਸੈਂਟਰ, ਐਸ.ਸੀ.ਓ.1126-27, ਸੈਕਟਰ 22 ਬੀ, ਚੰਡੀਗੜ੍ਹ, ਸਫਾ 77

2. ਕਿਤਾਬ "ਵਿਕਾਸ ਦੀ ਰਾਜਨੀਤਿਕ ਆਰਥਿਕਤਾ" ਪ੍ਰਕਾਸ਼ਕ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਾਲ 2003, ਸਫਾ 166

3. ਕਿਤਾਬ "ਮੈਂ ਨਾਸਤਿਕ ਕਿਉਂ ਹਾਂ", ਤਰਕਸ਼ੀਲ ਪ੍ਰਕਾਸ਼ਨ, ਤੇਰਵਾਂ ਅਡੀਸ਼ਨ, ਅਕਤੂਬਰ, 2019

ਵਿਰਾਸਤ

ਦੇਸ਼ ਭਗਤ ਸੂਫ਼ੀ ਅੰਬਾ ਪ੍ਰਸਾਦ



- ਸੁਧੀਰ ਵਿਦਿਆਰਥੀ

ਮੁਰਾਦਾਬਾਦ ਸ਼ਹਿਰ ਦੇ ਕਾਇਸਥਾਨ ਮੁਹੱਲੇ ਵਿੱਚ ਮੈਂ ਉਸ ਘਰ ਦੇ ਸਾਹਮਣੇ ਖੜ੍ਹਾ ਹਾਂ ਜਿਸ ਵਿੱਚ ਦੇਸ਼ ਭਗਤ ਸੂਫ਼ੀ ਅੰਬਾ ਪ੍ਰਸਾਦ ਦੀ ਰਿਹਾਇਸ਼ ਅਤੇ ਉਹਨਾਂ ਦਾ ਛਾਪਾਖਾਨਾ ਸੀ। ਉਹ ਇੱਥੇ ਹੀ ਪੈਦਾ ਹੋਏ ਸੀ। ਜਨਮ ਤੋਂ ਹੀ ਉਹਨਾਂ ਦਾ ਸੱਜਾ ਹੱਥ ਗੁੱਟ ਤੋਂ ਗਾਇਬ ਸੀ। ਵੱਡੇ ਹੋਣ ’ਤੇ ਜਦ ਉਹ ਕ੍ਰਾਂਤੀਕਾਰੀ ਬਣੇ, ਤਾਂ ਸਭਾ ਵਿਚ ਕਿਹਾ ਕਰਦੇ ਸੀ ਕਿ ਮੈਂ ਸਤਵੰਜਾ ਦੇ ਸੰਗਰਾਮ ਵਿਚ ਸ਼ਾਮਲ ਸੀ, ਜਿਸ ਨਾਲ ਸੱਜਾ ਹੱਥ ਕੱਟ ਗਿਆ। ਉਹਨਾਂ ਦਾ ਜਨਮ “ਗ਼ਦਰ” ਤੋਂ ਪੂਰੇ ਇੱਕ ਸਾਲ ਬਾਅਦ ਹੋਇਆ ਸੀ। ਅੰਬਾ ਪ੍ਰਸਾਦ ਬੰਬ ਜਾਂ ਪਿਸਤੌਲ ਚਲਾਉਣ ਵਾਲੇ ਕ੍ਰਾਂਤੀਕਾਰੀ ਨਹੀਂ ਸਨ। ਉਹ ਵਕਾਲਤ ਦੀ ਉੱਚ ਸਿੱਖਿਆ ਪ੍ਰਾਪਤ ਕਰਕੇ ਪੱਤਰਕਾਰ ਦੇ ਰੂਪ ਵਿਚ ਰਾਜਨੀਤੀ ਵਿੱਚ ਆਏ ਅਤੇ ਆਪਣੀਆਂ ਲਿਖਤਾਂ ਦੇ ਜ਼ੋਰ ’ਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਦਾ ਸੰਚਾਰ ਕਰਦੇ ਰਹੇ। ਸਾਲ 1890 ਵਿੱਚ ਮੁਰਾਦਾਬਾਦ ਤੋਂ ਉਹਨਾਂ “ਜਾਮੁਲ ਈਲੂਮ” ਉਰਦੂ ਹਫ਼ਤਾਵਾਰੀ ਦਾ ਪ੍ਰਕਾਸ਼ਨ ਕੀਤਾ। ਉਹ ਗੁੱਜਰਾਂਵਾਲਾ ਤੋਂ ਪ੍ਰਕਾਸ਼ਿਤ ਹੋਣ ਵਾਲੇ “ਇੰਡੀਆ” ਅਤੇ ਪਿਸ਼ਾਵਰ ਤੋਂ ਛਪਣ ਵਾਲੇ “ਇਨਕਲਾਬ” ਅਖ਼ਬਾਰਾਂ ਲਈ ਆਪਣੇ ਲੇਖ ਲਿਖਿਆ ਕਰਦੇ ਸਨ, ਅਤੇ ਲਾਹੌਰ ਵਿੱਚ “ਹਿੰਦੁਸਤਾਨ” ਦੇ ਸਹਿ ਸੰਪਾਦਕ ਵੀ ਰਹੇ।





ਨਹੀਂ ਪਤਾ ਕਿ ਜ਼ਿੰਦਗੀ ਅਤੇ ਲੋਕਾਂ ਨੇ ਕਦੋਂ ਅੰਬਾ ਪ੍ਰਸਾਦ ਨੂੰ ਸੂਫ਼ੀ ਨਾਮ ਸੌਂਪ ਦਿੱਤਾ। ਪਰ ਅੱਗੇ ਚੱਲ ਕੇ ਉਹ “ਦੇਸ਼ ਭਗਤ ਆਕਾ ਸੂਫ਼ੀ” ਕਹੇ ਜਾਣ ਲੱਗੇ। ਹਿੰਦੂ ਮੁਸਲਿਮ ਏਕਤਾ ਦੇ ਸਮਰਥਕ ਸੂਫ਼ੀ ਜੀ ਜਦ ਬ੍ਰਿਟਿਸ਼ ਸਰਕਾਰ ਲਈ ਸਿਰਦਰਦੀ ਬਣ ਗਏ, ਤਾਂ ਉਹਨਾਂ ਨੂੰ ਕਈ ਵਾਰ ਲੰਬੀਆਂ ਲੰਬੀਆਂ ਸਜ਼ਾਵਾਂ ਦੇ ਕੇ ਜੇਲ੍ਹਾਂ ਵਿੱਚ ਸੁੱਟਿਆ ਗਿਆ। ਫ਼ਰਾਰੀ ਦੇ ਦਿਨਾਂ ਵਿੱਚ ਉਹਨਾਂ ਦੇ ਲੁਕ ਕੇ ਬਚ ਨਿਕਲਣ ਦੇ ਕਿੱਸੇ ਵੀ ਬਹੁਤ ਪ੍ਰਸਿੱਧ ਹਨ। ਉਹ “ਭਾਰਤ ਮਾਤਾ ਸੁਸਾਇਟੀ” ਦੇ ਪ੍ਰਮੁੱਖ ਮੈਂਬਰ ਸਨ, ਜਿਸ ਵਿਚ ਅਜੀਤ ਸਿੰਘ (ਪਗੜੀ ਸੰਭਾਲ ਜੱਟਾ), ਲਾਲ ਚੰਦ ਫਲਕ, ਈਸ਼ਰੀ ਪ੍ਰਸਾਦ ਅਤੇ ਅਮਰ ਨਾਥ ਪਾਰਾਸ਼ਰ ਵਰਗੇ ਲੋਕ ਸਨ।

ਸੂਫ਼ੀ ਜੀ ਸ਼ਹੀਦ ਭਗਤ ਸਿੰਘ ਦੇ ਚਾਚਾ ਕ੍ਰਾਂਤੀਕਾਰੀ ਅਜੀਤ ਸਿੰਘ ਅਤੇ ਲੋਕਮਾਨਯ ਤਿਲਕ ਤੋਂ ਬਹੁਤ ਪ੍ਰਭਾਵਿਤ ਸਨ। ਉਹਨਾਂ ਨੇ ਤਿਲਕ ਦੇ ਭਾਸ਼ਣਾਂ ਦਾ ਅਨੁਵਾਦ ਵੀ ਕਿਤਾਬ ਦੇ ਰੂਪ ਵਿੱਚ ਪ੍ਰਕਾਸ਼ਤ ਕੀਤਾ ਸੀ।

ਸੂਫ਼ੀ ਜੀ ਇੱਕ ਵਾਰ ਨੇਪਾਲ ਵਿੱਚ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦੇ ਗਏ, ਪਰ ਨਿਰਦੋਸ਼ ਸਿੱਧ ਹੋਣ ’ਤੇ ਉਹਨਾਂ ਨੂੰ ਛੱਡ ਦਿੱਤਾ ਗਿਆ। ਬਾਅਦ ਵਿੱਚ ਲਾਹੌਰ ਵਿੱਚ ਉਹਨਾਂ ਦੀਆਂ ਗਤੀਵਿਧੀਆਂ ਲਗਾਤਾਰ ਤੇਜ਼ ਹੁੰਦੀਆਂ ਚਲੀਆਂ ਗਈਆਂ। ਉਹਨਾਂ ਨੇ ਉੱਥੋਂ “ਪੇਸ਼ਵਾ” ਨਾਮ ਦੇ ਅਖਬਾਰ ਦਾ ਪ੍ਰਕਾਸ਼ਨ ਸ਼ੁਰੂ ਕੀਤਾ, ਤਾਂ ਸਰਕਾਰ ਬਹੁਤ ਚਿੰਤਤ ਹੋਈ। ਉਨ੍ਹਾਂ ਦਿਨਾਂ ਵਿੱਚ ਬੰਗਾਲ ਦੇ ਪ੍ਰਸਿੱਧ ਕ੍ਰਾਂਤੀਕਾਰੀ ਵਿਪਿਨ ਚੰਦਰ ਪਾਲ ਦੇ ਜੇਲ੍ਹੋਂ ਰਿਹਾਅ ਹੋਣ ’ਤੇ ਸੂਫ਼ੀ ਜੀ ਨੇ ਉਹਨਾਂ ਦੇ ਸਨਮਾਨ ਵਿੱਚ ਇੱਕ ਵਿਸ਼ਾਲ ਜਲਸੇ ਦਾ ਆਯੋਜਨ ਕੀਤਾ ਸੀ, ਜਿਸ ਵਿਚ ਉਹਨਾਂ ਨੇ ਪੰਜਾਬ ਦੀ ਜਨਤਾ ਨੂੰ ਕ੍ਰਾਂਤੀ ਲਈ ਉੱਠਣ ਦਾ ਹੋਕਾ ਦਿੱਤਾ ਸੀ। ਸਰਕਾਰ ਨੂੰ ਭੈਅ ਪੈਦਾ ਹੋ ਗਿਆ ਕਿ ਬੰਗਾਲ ਦੇ ਵਾਂਗ ਪੰਜਾਬ ਦੇ ਲੋਕ ਵੀ ਵਿਦਰੋਹ ਦੇ ਰਾਹ ’ਤੇ ਨਾ ਚੱਲ ਪੈਣ। ਸਰਕਾਰ ਨੇ ਸੂਫ਼ੀ ਜੀ ਨੂੰ ਹੱਥ ਪਾਉਣਾ ਸ਼ੁਰੂ ਕੀਤਾ, ਪਰ ਉਹ ਇਸ ਤੋਂ ਪਹਿਲਾਂ ਹੀ ਲਾਲਾ ਹਰਦਿਆਲ ਨਾਲ ਈਰਾਨ ਚਲੇ ਗਏ।

ਸੂਫ਼ੀ ਜੀ ਫ਼ਾਰਸੀ ਦੇ ਚੰਗੇ ਮਾਹਿਰ ਸਨ। ਈਰਾਨ ਪਹੁੰਚ ਕੇ ਵੀ ਅੰਗਰੇਜ਼ਾਂ ਦੇ ਵਿਰੁੱਧ ਉਹਨਾਂ ਨੇ ਆਪਣਾ ਪ੍ਰਚਾਰ ਜਾਰੀ ਰੱਖਿਆ। ਥੋੜ੍ਹੇ ਸਮੇਂ ਵਿਚ ਹੀ ਉਹਨਾਂ ਨੇ ਉੱਥੇ ਭਾਰਤ ਦੇ ਪੱਖ ਵਿੱਚ ਵਾਤਾਵਰਨ ਤਿਆਰ ਕਰ ਲਿਆ ਅਤੇ ਉਹ ਈਰਾਨ ਦੇ ਹਰਮਨ ਪਿਆਰੇ ਵਿਅਕਤੀ ਬਣ ਗਏ। ਉੱਥੇ ਰਹਿ ਕੇ ਸੂਫ਼ੀ ਜੀ ਨੇ “ਮੋਹਿਵਾਨੇ ਵਤਨ” ਕਿਤਾਬ ਲਿਖੀ, ਜਿਸ ਵਿੱਚ ਉਹਨਾਂ ਨੇ ਈਰਾਨ ਦੇ

ਕ੍ਰਾਂਤੀਕਾਰੀਆਂ ਦੀ ਕਹਾਣੀ ਬਿਆਨੀ। "ਆਬੇ ਹਯਾਤ" ਨਾਮ ਹੇਠ ਫ਼ਾਰਸੀ ਅਖਬਾਰ ਵੀ ਉਹਨਾਂ ਨੇ ਕੱਢਿਆ। ਉਦੋਂ ਤੱਕ ਉਹਨਾਂ ਦੀ ਗ੍ਰਿਫ਼ਤਾਰੀ ਦਾ ਜਾਲ ਬੁਣਿਆ ਜਾ ਚੁੱਕਾ ਸੀ। ਫੜ੍ਹੇ ਜਾਣ 'ਤੇ ਉਹਨਾਂ ਨੂੰ ਮੌਤ ਦੀ ਸਜ਼ਾ ਤਜਵੀਜ਼ ਕੀਤੀ ਗਈ ਪਰ ਅਗਲੇ ਦਿਨ ਜਦ ਕੋਠੜੀ ਖੋਲ੍ਹੀ ਗਈ ਤਾਂ ਸੂਫ਼ੀ ਜੀ ਮ੍ਰਿਤਕ ਪਾਏ ਗਏ। ਈਰਾਨ ਵਿੱਚ ਉਹਨਾਂ ਦੀ ਮੌਤ ਯਾਤਰਾ ਵਿੱਚ ਭਰੀਆਂ ਅੱਖਾਂ ਨਾਲ ਕਿੰਨੇ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ। ਸ਼ਿਰਾਜ ਵਿੱਚ ਉਹਨਾਂ ਦੀ ਕਬਰ ਅੱਜ ਵੀ ਮੌਜੂਦ ਹੈ, ਜਿੱਥੇ ਹਰ ਸਾਲ ਮੇਲਾ ਲੱਗਦਾ ਹੈ। ਉਹਨਾਂ ਦੀ ਸਮਾਰਕ 'ਤੇ ਲਿਖਿਆ ਹੋਇਆ ਹੈ-"ਦੇਸ਼ ਭਗਤ ਹਿੰਦੁਸਤਾਨੀ ਆਕਾ ਸੂਫ਼ੀ"।

ਸੂਫ਼ੀ ਜੀ ਦੀ ਕੁਰਬਾਨੀ ਭਰਪੂਰ ਪੱਤਰਕਾਰਤਾ ਤੋਂ ਪ੍ਰੇਰਣਾ ਲੈ ਕੇ ਬਾਅਦ ਵਿਚ ਸ਼ਾਂਤੀ ਨਾਰਾਇਣ ਭਟਨਾਗਰ ਨੇ ਸੰਯੁਕਤ ਪ੍ਰਾਂਤ (ਹੁਣ ਉੱਤਰ ਪ੍ਰਦੇਸ਼) ਵਿੱਚ ਉਰਦੂ ਹਫ਼ਤਾਵਾਰੀ "ਸਵਰਾਜ" ਦਾ ਪ੍ਰਕਾਸ਼ਨ ਸ਼ੁਰੂ ਕੀਤਾ, ਜਿਸ ਦੇ ਇੱਕ ਤੋਂ ਬਾਅਦ ਇੱਕ ਅੱਠ ਸੰਪਾਦਕ ਕਾਲੇਪਾਣੀ ਗਏ ਅਤੇ ਨੌਵੇਂ ਅਮੀਰ ਚੰਦ ਫ਼ਰਾਰ ਐਲਾਨੇ ਗਏ। ਇਸ ਅਖ਼ਬਾਰ ਦੇ ਸੰਪਾਦਕ ਲੱਧਾ ਰਾਮ ਨੇ ਇੱਕ ਸਮੇਂ ਸੂਫ਼ੀ ਜੀ ਦੀਆਂ ਯਾਦਾਂ ਨੂੰ ਲਿੱਪੀਬੱਧ ਕੀਤਾ ਸੀ। ਲਾਲਾ ਹਰਦਿਆਲ ਅਤੇ ਸੂਫ਼ੀ ਜੀ ਵਿੱਚ ਇਹ ਤੈਅ ਹੋਇਆ ਸੀ ਕਿ ਹਰਦਿਆਲ ਦੂਰ ਦੇਸ਼ਾਂ ਵਿੱਚ ਪੱਛਮ ਨੂੰ ਜਾਣ ਅਤੇ ਸੂਫ਼ੀ ਜੀ ਫ਼ਰਾਂਸ ਪਹੁੰਚ ਕੇ ਵਿਦੇਸ਼ਾਂ ਵਿੱਚ ਭਾਰਤ ਦੀ ਆਜ਼ਾਦੀ ਦੀ ਭਾਵਨਾ ਨੂੰ ਹਰਮਨ ਪਿਆਰੀ ਬਨਾਉਣ। ਹਰਦਿਆਲ ਯੂਰਪ ਰਵਾਨਾ ਹੋ ਗਏ ਅਤੇ ਸੂਫ਼ੀ ਜੀ ਅਜੀਤ ਸਿੰਘ ਜੀ ਦੇ ਨਾਲ ਹੋ ਗਏ। ਭਗਤ ਸਿੰਘ ਸੂਫ਼ੀ ਜੀ ਤੋਂ ਬਹੁਤ ਪ੍ਰਭਾਵਿਤ ਸਨ। ਉਹਨਾਂ ਦਾ ਚਿੱਤਰ ਉਹਨਾਂ ਦੇ ਘਰ ਵਿੱਚ ਸੀ। ਅੱਗੇ ਚੱਲ ਕੇ ਸ਼ਹੀਦ ਭਗਤ ਸਿੰਘ ਨੇ ਸੂਫ਼ੀ ਜੀ 'ਤੇ ਇੱਕ ਲੇਖ ਵੀ ਲਿਖਿਆ। ਸੂਫ਼ੀ ਜੀ ਇੱਕ ਪੁਲ ਸਨ, ਜੋ 1857 ਦੇ ਦੇਸ਼ ਪੱਧਰੇ ਵਿਸ਼ਾਲ ਪਹਿਲੇ ਸੰਗਰਾਮ ਅਤੇ ਸ਼ਹੀਦ ਭਗਤ ਸਿੰਘ ਦੇ "ਹਿੰਦੁਸਤਾਨੀ ਸਮਾਜਵਾਦੀ ਪਰਜਾਤੰਤਰ ਸੰਘ" ਦੇ ਸਮੇਂ ਦਰਮਿਆਨ ਮਜ਼ਬੂਤੀ ਨਾਲ ਖੜ੍ਹੇ ਵਿਖਾਈ ਦਿੰਦੇ ਸਨ।

ਸੂਫ਼ੀ ਅੰਬਾ ਪ੍ਰਸਾਦ ਸ਼ਹਾਦਤ ਦੇ ਰਾਹ ਚਲੇ ਗਏ, ਪਰ ਉਹਨਾਂ ਦੇ ਸਾਥੀ ਲੱਧਾ ਰਾਮ ਵਰਗੇ ਕ੍ਰਾਂਤੀਕਾਰੀ ਦੇਸ਼ ਦੀ ਆਜ਼ਾਦੀ ਦੇ ਬਾਅਦ ਤੱਕ ਜੀਵਤ ਰਹੇ। ਜਿਸ ਲੱਧਾ ਰਾਮ ਨੂੰ ਉਹਨਾਂ ਦੀ ਸਰਗਰਮ ਅਤੇ ਜੀਵੰਤ ਸ਼ਖ਼ਸੀਅਤ ਕਰਕੇ ਕ੍ਰਾਂਤੀਕਾਰੀਆਂ ਦੇ ਵਿੱਚ "ਫੀਲਡ ਮਾਰਸ਼ਲ" ਕਿਹਾ ਜਾਂਦਾ ਸੀ, ਉਹਨਾਂ ਨੇ ਬਾਅਦ ਵਿੱਚ ਆਪਣਾ ਸਮਾਂ ਬਹੁਤ ਬਦਹਾਲੀ ਵਿੱਚ ਕੱਟਿਆ। ਇਹ ਜਾਣ ਕੇ ਮਨ ਨੂੰ ਪੀੜ ਹੁੰਦੀ ਹੈ ਕਿ ਉਹਨਾਂ ਦੇ ਬੱਚਿਆਂ ਨੇ ਕਾਸਗੰਜ ਵਿੱਚ ਰਿਕਸ਼ੇ ਚਲਾਏ। ਪਿੱਤਲ ਨਗਰੀ ਕਹੇ ਜਾਣ ਵਾਲੇ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਸ਼ਹਿਰ ਵਿੱਚ "ਸੂਫ਼ੀ ਅੰਬਾ ਪ੍ਰਸਾਦ ਮਾਰਗ" ਨਾਂ ਦਾ ਇੱਕ ਪੱਥਰ ਲੱਗਿਆ ਸੀ, ਜਿਸ ਦਾ ਹੁਣ ਕੋਈ ਅਤਾ-ਪਤਾ ਨਹੀਂ। ਉਹਨਾਂ ਦੇ ਘਰ ਦੇ ਬਿਲਕੁਲ ਸਾਹਮਣੇ ਚਬੂਤਰੇ 'ਤੇ ਨਗਰ ਨਿਗਮ ਨੇ ਬਹੁਤ ਬੇਤੁਕੇ ਢੰਗ ਨਾਲ ਇੱਕ ਨਲ ਲਗਵਾ ਦਿੱਤਾ, ਜੋ ਪੂਰੇ ਆਲੇ-ਦੁਆਲੇ ਨੂੰ ਓਝਲ ਕਰਦਾ ਹੈ। ਉਹਨਾਂ ਦੇ ਘਰ ਦੇ ਮੁੱਖ ਦਰਵਾਜ਼ੇ 'ਤੇ ਬਣਿਆ ਉਹਨਾਂ ਦਾ ਇੱਕ ਧੁੰਦਲਾ ਜਿਹਾ ਚਿੱਤਰ ਉਹਨਾਂ ਨੂੰ ਅਣਗੌਲੇ ਕੀਤੇ ਜਾਣ ਦਾ ਹੀ ਸਬੂਤ ਹੈ। ਇਸ ਤੋਂ ਬਿਨ੍ਹਾਂ ਸ਼ਹਿਰ ਵਿੱਚ ਉਹਨਾਂ ਦੀ ਹੋਰ ਕੋਈ ਯਾਦਗਾਰ ਸਥਾਪਿਤ ਨਹੀਂ।

97608-75491

ਪੰਜਾਬੀ ਅਨੁਵਾਦ: ਅਦਾਰਾ

ਪ੍ਰਾਪਤ ਆਰਥਿਕ ਸਹਾਇਤਾ

ਮੈਗਜ਼ੀਨ ਸਹਾਇਤਾ

ਜਸਵੰਤ ਸਿੰਘ ਪੱਧਰੀ ਇਕਾਈ ਤਰਨਤਾਰਨ ਜ਼ੋਨ ਅੰਮ੍ਰਿਤਸਰ ਵੱਲੋਂ (ਆਪਣੇ ਬੇਟੇ ਗਗਨਦੀਪ ਸਿੰਘ ਦੇ ਵਿਆਹ ਦੀ ਖ਼ੁਸ਼ੀ ਵਿੱਚ) 5000-00

ਇਕਾਈ ਫਗਵਾੜਾ ਨੂੰ

ਮਾਸਟਰ ਸਤਪਾਲ ਸਿੰਘ ਖਟਕੜ 500-00

ਗੁਰਮੀਤ ਰਾਮ ਨੰਗਲ (ਫਗਵਾੜਾ) ਆਪਣੇ ਪੋਤਰੇ ਆਰਵ ਅਤੇ ਆਯੁਸ਼ ਦੀ ਲੋਹੜੀ ਸਮੇਂ 1000-00

ਦਰਸ਼ਨ ਸਿੰਘ ਲੇਹਲ (ਕਨੇਡਾ ਨਿਵਾਸੀ) ਵੱਲੋਂ ਆਪਣੀ ਜੀਵਨ ਸਾਥਨ ਮਰਹੂਮ ਮਲਕੀਤ ਕੌਰ ਜੀ ਦੇ ਸਦੀਵੀ ਵਿਛੋੜੇ 'ਤੇ ਉਹਨਾਂ ਦੀ ਯਾਦ ਵਿੱਚ 3000-00

ਕੁਲਵੰਤ ਸਿੰਘ ਬਾਸੀ, ਸ਼ਹੀਦ ਭਗਤ ਸਿੰਘ ਨਗਰ, ਫਗਵਾੜਾ 500-00

ਸੁਸਾਇਟੀ ਸਹਾਇਤਾ

ਰਾਮੇਸ਼ਵਰ ਦਾਸ ਰਿਟਾਇਰਡ ਏ.ਐੱਸ.ਆਈ. ਹਰਿਆਣਾ ਪੁਲਿਸ (ਰਿਟਾਇਰਮੈਂਟ 'ਤੇ) 6500-00

ਇਕਾਈ ਰਾਮਪੁਰਾ ਫੂਲ ਨੂੰ

ਪ੍ਰਿੰਸੀਪਲ ਮਿਹਰ ਚੰਦ ਬਾਹੀਆ 500-00

ਲੁਧਿਆਣਾ ਇਕਾਈ

1. ਪ੍ਰਿੰਸੀਪਲ ਗੁਰਚਰਨ ਸਿੰਘ 500-00
2. ਕੁਲਵੰਤ ਸਿੰਘ ਭੈਣੀ ਰੋੜਾ 500-00

ਲਾਈਫ ਮੈਂਬਰਸ਼ਿਪ (ਮੈਗਜ਼ੀਨ)

ਇੰਦਰਜੀਤ ਸਿੰਘ ਬਾਲਾ (ਸੇਵਾਮੁਕਤ ਲੈਕਚਰਾਰ) ਗੋਵਿੰਦ ਵੈਲ੍ਹੀ ਰੋਪੜ 1500-00

ਦਿਨ ਜੋ ਇਤਿਹਾਸ ਬਣੇ

2 ਮਾਰਚ : ਰੇਡੀਓ ਐਕਟੀਵਿਟੀ ਦੀ ਖੋਜ (1896)

2 ਮਾਰਚ : ਪਾਇਨੀਅਰ -10 (ਸੂਰਜ ਮੰਡਲ ਨੂੰ ਪਾਰ ਕਰਨ ਵਾਲਾ ਪਹਿਲਾ ਪੁਲਾੜੀ ਵਾਹਨ) ਦੀ ਉਡਾਣ (1972)

3 ਮਾਰਚ : ਟੈਲੀਫੋਨ ਦੇ ਖੋਜੀ ਗਰਾਹਮ ਬੈੱਲ ਦਾ ਜਨਮ (1847)

8 ਮਾਰਚ : ਕੌਮਾਂਤਰੀ ਔਰਤ ਦਿਵਸ

10 ਮਾਰਚ : ਮੌਤ (ਸਾਵਿਤ੍ਰੀ ਬਾਈ ਫੂਲੇ) (ਮਹਾਨ ਸਮਾਜ ਸੁਧਾਰਕ ਅਤੇ ਪਹਿਲੀ ਔਰਤ ਅਧਿਆਪਕ) (1897)

13 ਮਾਰਚ : ਸ਼ਹੀਦ ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਨੂੰ ਗੋਲੀ ਮਾਰੀ (1940)

14 ਮਾਰਚ : ਮਹਾਨ ਵਿਗਿਆਨੀ ਅਲਬਰਟ ਆਈਨਸਟਾਈਨ ਦਾ ਜਨਮ (1879)

15 ਮਾਰਚ : ਵਿਸ਼ਵ ਖਪਤਕਾਰ ਦਿਵਸ

18 ਮਾਰਚ : ਬਰਤਾਨਵੀ ਹਕੂਮਤ ਨੇ ਬਦਨਾਮ 'ਰੋਲਟ ਐਕਟ' ਪਾਸ ਕੀਤਾ (1919)

20 ਮਾਰਚ : ਆਈਨਸਟਾਈਨ ਨੇ 'ਸਾਪੇਖਤਾਵਾਦ' ਦਾ ਸਿਧਾਂਤ ਪੇਸ਼ ਕੀਤਾ (1916)

21 ਮਾਰਚ : ਨਸਲਵਾਦ ਵਿਰੋਧੀ ਦਿਵਸ

22 ਮਾਰਚ : ਵਿਸ਼ਵ ਪਾਣੀ ਦਿਵਸ

23 ਮਾਰਚ : ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਬਰਤਾਨਵੀ ਹਕੂਮਤ ਵੱਲੋਂ ਫਾਂਸੀ (1931)

23 ਮਾਰਚ : ਇਨਕਲਾਬੀ ਕਵੀ ਪਾਸ਼ ਦਾ ਫਿਰਕਾਪ੍ਰਸਤਾਂ ਵੱਲੋਂ ਕਤਲ (1988)

25 ਮਾਰਚ : ਸੂਰਜ ਗ੍ਰਹਿਣ ਦੀ ਪਹਿਲੀ ਫੋਟੋ ਖਿੱਚੀ ਗਈ (1857)

26 ਮਾਰਚ : ਡਾ. ਜੋਨਜ਼ ਸਾਕ ਨੇ ਪੋਲੀਓ ਬੂੰਦਾਂ ਦੀ ਖੋਜ ਕੀਤੀ (1953)

27 ਮਾਰਚ : ਵਿਸ਼ਵ ਰੰਗਮੰਚ ਦਿਵਸ

28 ਮਾਰਚ : ਜਨਮ ਦਿਨ ਰੂਸੀ ਲੇਖਕ ਮੈਕਸਿਮ ਗੋਰਕੀ (1868)

29 ਮਾਰਚ : ਮੰਗਲ ਪਾਂਡੇ ਵੱਲੋਂ ਅੰਗਰੇਜ਼ ਅਫ਼ਸਰ ਨੂੰ ਗੋਲੀ ਮਾਰਨ ਨਾਲ 1857 ਦੇ ਗ਼ਦਰ ਦੀ ਸ਼ੁਰੂਆਤ

7 ਅਪਰੈਲ : ਵਿਸ਼ਵ ਸਿਹਤ ਦਿਵਸ

8 ਅਪਰੈਲ : ਮੰਗਲ ਪਾਂਡੇ ਨੂੰ ਫਾਂਸੀ (1857)

8 ਅਪਰੈਲ : ਭਗਤ ਸਿੰਘ ਅਤੇ ਬੀ ਕੇ ਦੱਤ ਵੱਲੋਂ 'ਪਬਲਿਕ ਸੇਫਟੀ ਬਿਲ' ਅਤੇ 'ਇੰਡਸਟਰੀਅਲ ਡਿਸਪਊਟ ਬਿਲ' ਦੇ ਵਿਰੋਧ ਵਿੱਚ ਅਸੈਂਬਲੀ ਵਿਚ ਬੰਬ ਸੁੱਟਿਆ ਗਿਆ। (1929)

10 ਅਪਰੈਲ : ਡਾ. ਅਬਰਾਹਮ. ਟੀ. ਕਾਵੂਰ. (ਤਰਕਸ਼ੀਲ ਲਹਿਰ ਦੇ ਮੋਢੀ) ਦਾ ਜਨਮ (1898)

13 ਅਪਰੈਲ : ਜਲ੍ਹਿਆਂ ਵਾਲਾ ਬਾਗ ਗੋਲੀ ਕਾਂਡ (1919)

14 ਅਪਰੈਲ : ਜਨਮ (ਡਾ. ਬੀ.ਆਰ. ਅੰਬੇਦਕਰ) (ਜਾਤ ਪਾਤ ਖਿਲਾਫ਼ ਲੜ੍ਹਣ ਵਾਲੇ ਉੱਘੇ ਸਮਾਜਿਕ ਆਗੂ) (1891)

19 ਅਪਰੈਲ : ਭਾਰਤ ਦਾ ਪਹਿਲਾ ਪੁਲਾੜੀ ਉਪਗ੍ਰਹਿ 'ਆਰੀਆ ਭੱਟ' ਪੁਲਾੜ 'ਚ ਛੱਡਿਆ ਗਿਆ (1975)

20 ਅਪਰੈਲ : ਜਨਮ ਇਨਕਲਾਬੀ ਕਵੀ ਸੰਤ ਰਾਮ ਉਦਾਸੀ (1939)

22 ਅਪਰੈਲ : ਵਿਸ਼ਵ ਧਰਤ ਦਿਵਸ

22 ਅਪਰੈਲ : ਰੂਸੀ ਇਨਕਲਾਬ ਦੇ ਆਗੂ ਵੀ ਆਈ ਲੈਨਿਨ ਦਾ ਜਨਮ (1870)

23 ਅਪਰੈਲ : ਵਿਸ਼ਵ ਪੁਸਤਕ ਦਿਵਸ

ਸੁਸਾਇਟੀ ਸਹਾਇਤਾ

ਸੁਰਿੰਦਰ ਕੌਰ ਅਤੇ ਦਲਬੀਰ ਕਟਾਣੀ ਜੀ ਵੱਲੋਂ ਆਪਣੇ ਪਿਤਾ ਹਰਚੇਤਨ ਸਿੰਘ ਦੀ ਯਾਦ ਵਿੱਚ 5000 ਰੁ.

ਸਹਾਇਤਾ ਇਕਾਈ ਸ਼ਾਹਕੋਟ

1. ਹਰਪ੍ਰੀਤ ਸਿੰਘ ਮੂਲੇਵਾਲ ਅਰਾਈਆਂ USA 10,000 ਰੁ.
2. ਦਲਬਾਰਾ ਰੂਪੇਵਾਲ ਵੱਲੋਂ ਆਪਣੇ ਪੁੱਤਰ ਸਾਹਿਲ ਸਿੰਘ ਦੇ ਵਿਆਹ ਦੀ ਖੁਸ਼ੀ ਵਿੱਚ 10,000 ਰੁ.
3. ਡਾ. ਜਗਜੀਤ ਸਿੰਘ ਕਾਂਗਣਾ ਆਪਣੇ ਪਿਤਾ ਬਾਵਾ ਸਿੰਘ ਜੀ ਦੇ ਸਤਿਕਾਰ ਸਮਾਗਮ ਸਮੇਂ 10,000 ਰੁ.
4. ਪਰਮਜੀਤ ਸਿੰਘ (ਹੀਰਾ ਫਿਸ਼ ਫਾਰਮ) ਮਲਸੀਆਂ ਵੱਲੋਂ ਆਪਣੇ ਪੁੱਤਰ ਜੋਬਨਪ੍ਰੀਤ ਸਿੰਘ ਦੇ ਵਿਆਹ ਦੀ ਖੁਸ਼ੀ ਵਿੱਚ 5100 ਰੁ.
5. ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ 5000 ਰੁ.

ਔਕਸਫੈਮ ਇੰਟਰਨੈਸ਼ਨਲ ਰਿਪੋਰਟ

ਭਾਰਤ ਦੇ ਇੱਕ ਫ਼ੀਸਦੀ ਅਮੀਰਾਂ ਕੋਲ ਮੁਲਕ ਦੀ 40 ਫ਼ੀਸਦੀ ਦੌਲਤ


10 ਸਭ ਤੋਂ ਅਮੀਰ ਲੋਕਾਂ 'ਤੇ ਪੰਜ ਫੀਸਦੀ ਟੈਕਸ ਲਗਾਉਣ ਨਾਲ ਸਕੂਲ ਛੱਡ ਚੁੱਕੇ ਬੱਚਿਆਂ ਦੀ ਹੋ ਸਕਦੀ ਹੈ ਵਾਪਸੀ

ਭਾਰਤ ਵਿੱਚ ਸਭ ਤੋਂ ਅਮੀਰ ਇਕ ਫ਼ੀਸਦੀ ਲੋਕਾਂ ਕੋਲ ਹੁਣ ਦੇਸ਼ ਦੀ ਕੁੱਲ ਦੌਲਤ ਦਾ 40 ਫੀਸਦੀ ਤੋਂ ਵੱਧ ਹੈ। ਦੂਜੇ ਪਾਸੇ ਹੇਠਲੇ 50 ਫੀਸਦੀ ਲੋਕਾਂ ਕੋਲ ਕੁੱਲ ਦੌਲਤ ਦਾ ਸਿਰਫ਼ ਤਿੰਨ ਫੀਸਦੀ ਹੈ। ਔਕਸਫੈਮ ਇੰਟਰਨੈਸ਼ਨਲ ਨੇ ਵਿਸ਼ਵ ਆਰਥਿਕ ਫੋਰਮ (ਡਬਲਿਊ ਈ ਐੱਫ) ਦੀ ਮੀਟਿੰਗ ਵਿੱਚ ਆਪਣੀ ਸਲਾਨਾ ਅਸਮਾਨਤਾ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ। ਰਿਪੋਰਟ ਮੁਤਾਬਕ ਭਾਰਤ ਦੇ 10 ਸਭ ਤੋਂ ਅਮੀਰ ਲੋਕਾਂ 'ਤੇ ਪੰਜ ਫੀਸਦੀ ਟੈਕਸ ਲਗਾਉਣ ਨਾਲ ਸਕੂਲ ਛੱਡ ਚੁੱਕੇ ਬੱਚਿਆਂ ਨੂੰ ਵਾਪਸ ਲਿਆਉਣ ਲਈ ਸਾਰਾ ਪੈਸਾ ਮਿਲ ਸਕਦਾ ਹੈ। ਰਿਪੋਰਟ ਮੁਤਾਬਕ, "ਸਿਰਫ ਇਕ ਅਰਬਪਤੀ ਗੌਤਮ ਅਡਾਨੀ ਨੂੰ 2017-2021 ਦੌਰਾਨ ਮਿਲੇ ਪ੍ਰਾਪਤ ਲਾਭ 'ਤੇ ਯੱਕਮੁਸ਼ਤ ਟੈਕਸ ਲਗਾ ਕੇ 1.79 ਲੱਖ ਕਰੋੜ ਰੁਪਏ ਵਸੂਲੇ ਜਾ ਸਕਦੇ ਹਨ ਜੋ ਭਾਰਤੀ ਪ੍ਰਾਇਮਰੀ ਸਕੂਲਾਂ ਦੇ 50 ਲੱਖ ਤੋਂ ਜ਼ਿਆਦਾ ਅਧਿਆਪਕਾਂ ਨੂੰ ਇਕ ਸਾਲ ਲਈ ਰੁਜ਼ਗਾਰ ਦੇਣ ਵਾਸਤੇ ਕਾਫ਼ੀ ਹਨ।" ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਭਾਰਤ ਦੇ ਅਰਬਪਤੀਆਂ ਦੀ ਪੂਰੀ ਕਮਾਈ 'ਤੇ ਦੋ ਫ਼ੀਸਦੀ ਦੀ ਦਰ ਨਾਲ ਯੱਕਮੁਸ਼ਤ ਟੈਕਸ ਲਗਾਇਆ ਜਾਵੇ ਤਾਂ ਇਸ ਨਾਲ ਦੇਸ਼ 'ਚ ਅਗਲੇ ਤਿੰਨ ਸਾਲਾਂ ਤੱਕ ਕੁਪੋਸ਼ਿਤ ਲੋਕਾਂ ਦੇ ਪੋਸ਼ਨ ਲਈ 40,423 ਕਰੋੜ ਰੁਪਏ ਦੀ ਲੋੜ ਨੂੰ ਪੂਰਾ ਕੀਤਾ ਜਾ ਸਕਦਾ ਹੈ। 'ਦੇਸ਼ ਦੇ 10 ਸਭ ਤੋਂ ਅਮੀਰ ਅਰਬਪਤੀਆਂ 'ਤੇ ਪੰਜ ਫ਼ੀਸਦੀ ਦਾ ਯੱਕਮੁਸ਼ਤ ਟੈਕਸ (137 ਲੱਖ ਕਰੋੜ ਰੁਪਏ) ਲਗਾਉਣ ਨਾਲ ਮਿਲੀ ਰਕਮ 2022-23 ਲਈ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ (86,200 ਕਰੋੜ ਰੁਪਏ) ਅਤੇ ਆਯੁਸ਼ ਮੰਤਰਾਲੇ ਦੇ ਬਜਟ ਤੋਂ 15 ਗੁਣਾ ਵੱਧ ਹੈ।' ਲਿੰਗ ਅਸਮਾਨਤਾ ਬਾਰੇ ਰਿਪੋਰਟ 'ਚ ਕਿਹਾ ਗਿਆ ਹੈ ਕਿ ਮਹਿਲਾ ਵਰਕਰਾਂ ਨੂੰ ਇਕ ਪੁਰਸ਼ ਮੁਲਾਜ਼ਮ ਵੱਲੋਂ ਕਮਾਏ ਗਏ ਹਰੇਕ ਇੱਕ ਰੁਪਏ ਦੇ ਮੁਕਾਬਲੇ 'ਚ ਸਿਰਫ 63 ਪੈਸੇ ਹੀ ਮਿਲਦੇ ਹਨ। ਇਸੇ ਤਰ੍ਹਾਂ ਅਨੁਸੂਚਿਤ ਜਾਤਾਂ ਅਤੇ ਦਿਹਾਤੀ ਵਰਕਰਾਂ ਨੂੰ ਮਿਲਣ ਵਾਲੇ ਮਿਹਨਤਾਨੇ 'ਚ ਵੀ ਫਰਕ ਹੈ। ਉੱਚੇ ਸਮਾਜਿਕ ਵਰਗ ਨੂੰ ਮਿਲਣ ਵਾਲੇ ਮਿਹਨਤਾਨੇ ਦੇ ਮੁਕਾਬਲੇ 'ਚ ਅਨੁਸੂਚਿਤ ਜਾਤ ਨੂੰ 55 ਫੀਸਦੀ ਅਤੇ ਦਿਹਾਤੀ ਵਰਕਰ ਨੂੰ 50 ਫੀਸਦੀ ਤਨਖਾਹ ਮਿਲਦੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸਿਖਰਲੇ 100 ਭਾਰਤੀ ਅਰਬਪਤੀਆਂ 'ਤੇ 2.5 ਫੀਸਦੀ ਟੈਕਸ ਲਗਾਉਣ ਜਾਂ ਸਿਖਰਲੇ 10 ਭਾਰਤੀ ਅਰਬਪਤੀਆਂ 'ਤੇ ਪੰਜ ਫੀਸਦੀ ਟੈਕਸ ਲਗਾਉਣ ਨਾਲ ਬੱਚਿਆਂ ਨੂੰ ਸਕੂਲਾਂ 'ਚ ਵਾਪਸ ਲਿਆਉਣ ਲਈ ਲੋੜੀਂਦੀ ਰਕਮ ਮਿਲ ਜਾਵੇਗੀ। ਔਕਸਫੈਮ ਇੰਡੀਆ ਦੇ ਸੀ ਈ ਓ ਅਮਿਤਾਭ ਬੇਹਰ ਨੇ ਕਿਹਾ ਕਿ ਦੇਸ਼ ਦੇ ਹਾਸ਼ੀਏ 'ਤੇ ਧੱਕੇ ਲੋਕਾਂ, ਦਲਿਤਾਂ ਆਦਿਵਾਸੀਆਂ, ਮੁਸਲਮਾਨਾਂ, ਔਰਤਾਂ ਅਤੇ ਅਸੰਗਠਤ ਖੇਤਰ ਦੇ ਮਜ਼ਦੂਰ ਸਭ ਤੋਂ ਅਮੀਰ ਲੋਕਾਂ ਦੀ ਹੋਂਦ ਨੂੰ ਯਕੀਨੀ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਗਰੀਬ ਵਧੇਰੇ ਟੈਕਸਾਂ ਦਾ ਭੁਗਤਾਨ ਕਰ ਰਹੇ ਹਨ। ਅਮੀਰਾਂ ਦੇ ਮੁਕਾਬਲੇ 'ਚ ਉਹ ਲੋੜੀਂਦੀਆਂ ਵਸਤਾਂ ਅਤੇ ਸੇਵਾਵਾਂ 'ਤੇ ਹੀ ਵਧੇਰੇ ਖਰਚ ਕਰਦੇ ਹਨ। ਸਮਾਂ ਆ ਗਿਆ ਹੈ ਕਿ ਅਮੀਰਾਂ 'ਤੇ ਟੈਕਸ ਲਗਾਇਆ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਆਪਣੇ ਢੁੱਕਵੇਂ ਹਿੱਸੇ ਦਾ ਭੁਗਤਾਨ ਕਰਨ। ਬੇਹਰ ਨੇ ਕੇਂਦਰੀ ਵਿੱਤ ਮੰਤਰੀ ਨੂੰ ਪ੍ਰਗਤੀਸ਼ੀਲ ਟੈਕਸ ਉਪਾਅ ਲਾਗੂ ਕਰਨ ਦੀ ਬੇਨਤੀ ਕੀਤੀ ਹੈ। ਔਕਸਫੈਮ ਨੇ ਕਿਹਾ ਕਿ ਅਮਲੀ ਪੱਧਰ 'ਤੇ ਸਭ ਤੋਂ ਅਮੀਰ ਇਕ ਫੀਸਦੀ ਨੇ ਪਿਛਲੇ ਦੋ ਸਾਲਾਂ 'ਚ ਦੁਨੀਆਂ 'ਚ ਕਰੀਬ ਦੋ ਗੁਣੀ ਸੰਪਤੀ ਹਾਸਲ ਕੀਤੀ ਹੈ। ਰਿਪੋਰਟ ਅਨੁਸਾਰ ਅਰਬਪਤੀਆਂ ਦੀ ਸੰਪਤੀ ਰੋਜ਼ਾਨਾ 2.7 ਅਰਬ ਡਾਲਰ ਵਧ ਰਹੀ ਹੈ ਜਦ ਕਿ ਘੱਟ ਤੋਂ ਘੱਟ 1.7 ਅਰਬ ਵਰਕਰ ਹੁਣ ਉਨ੍ਹਾਂ ਦੇਸ਼ਾਂ 'ਚ ਰਹਿੰਦੇ ਹਨ ਜਿੱਥੇ ਮਹਿੰਗਾਈ ਦਰ ਤਨਖਾਹ 'ਚ ਵਾਧੇ ਨਾਲੋਂ ਜ਼ਿਆਦਾ ਹੈ। **-ਪੀ ਟੀ ਆਈ (ਸ੍ਰੋਤ-ਪੰਜਾਬੀ ਟ੍ਰਿਬਿਊਨ, 17.01.2023)**

> ਗੌਤਮ ਅਡਾਨੀ ਤੋਂ ਟੈਕਸ ਦੇ ਰੂਪ ਵਿੱਚ 1.79 ਲੱਖ ਕਰੋੜ ਰੁਪਏ ਵਸੂਲ ਕੇ ਪ੍ਰਾਇਮਰੀ ਸਕੂਲਾਂ ਦੇ 50 ਲੱਖ ਅਧਿਆਪਕਾਂ ਨੂੰ ਇੱਕ ਸਾਲ ਲਈ ਮਿਲ ਸਕਦਾ ਰੁਜ਼ਗਾਰ।

ਬਾਤਾਂ ਉਮਰ ਅਤੇ ਸਿਹਤਮੰਦ ਬੁਢਾਪੇ ਦੀਆਂ–14

ਵੱਡੀ ਉਮਰ ਵਿੱਚ ਕੁੱਝ ਸਿੱਖੋ, ਕੁੱਝ ਸਿਖਾਓ



ਡਾ. ਸ਼ੁਰੇਸ਼ ਰਤਨ

(ਡਾਕਟਰ ਸੁਰੇਸ਼ ਰਤਨ ਇਕ ਜੀਵ-ਵਿਗਿਆਨੀ ਹਨ ਜੋ ਮਨੁੱਖੀ ਉਮਰ ਤੇ ਬੁਢਾਪੇ ਬਾਰੇ ਆਪਣੀਆਂ ਵਿਗਿਆਨਕ ਖੋਜਾਂ ਕਰਕੇ ਸੰਸਾਰ ਪ੍ਰਸਿੱਧ ਹਨ। ਉਹ ਅੱਜਕੱਲ੍ਹ ਡੈਨਮਾਰਕ ਵਿਖੇ ਰਹਿ ਰਹੇ ਹਨ। ਇਹ ਲੇਖ ਉਨ੍ਹਾਂ ਦੇ ਕਰੋਨਾ ਵਾਇਰਸ ਕਰਕੇ ਲੌਕ-ਡਾਊਨ ਦਰਮਿਆਨ, ਅਪ੍ਰੈਲ-ਮਈ 2020 ਵਿਚ ਕੀਤੀ ਹੋਈ ਇਕ ਅਠੱਤੀ ਗੱਲਾਂਬਾਤਾਂ ਦੀ ਫੇਸਬੁੱਕ ਦੀ ਲੜੀ ਜੋ ਯੁਟਿਊਬ 'ਤੇ ਵੀ ਸੁਣੀ ਜਾ ਸਕਦੀ ਹੈ, ਦਾ ਲਿਖਤੀ ਰੁਪਾਂਤਰਣ ਹੈ, ਜਿਸਨੂੰ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਵਾਰ ਪੇਸ਼ ਹੈ ਲੜੀ ਨੰਬਰ 30–31)

ਅੱਜ ਦੀ ਗੱਲ ਆਪਾਂ ਪੰਜ 'ਵਿਕਾਰਾਂ' ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ ਹੌਰਮੈਟਿਕ ਵਿਆਖਿਆ ਨਾਲ ਅੱਗੇ ਵਧਾਉਂਦੇ ਹਾਂ। ਇਹ ਪੰਜ ਭਾਵਨਾਵਾਂ ਵਿਕਾਰ ਹੋਣ ਦੀ ਬਜਾਏ ਸਾਡੀ ਜ਼ਿੰਦਗੀ ਦੀਆਂ ਸਸ਼ਕਤ ਜ਼ਰੂਰਤਾਂ ਹਨ। ਕਾਮ ਸਾਡੀ ਨਸਲ ਅੱਗੇ ਤੋਰਨ ਲਈ ਹੀ ਨਹੀਂ, ਸਾਡੀ ਆਪਸੀ ਨੇੜਤਾ ਲਈ ਵੀ ਜ਼ਰੂਰੀ ਹੈ। ਸਾਡੇ ਮਾੜੇ ਪ੍ਰਬੰਧ 'ਤੇ ਸਾਨੂੰ ਗੁੱਸਾ ਕਿਉਂ ਨਾ ਆਵੇ? ਲੋਭ ਕਿਉਂ ਨਾ ਹੋਵੇ ਚੰਗੇ ਸੰਗੀਤ ਦਾ, ਗਿਆਨ ਹਾਸਲ ਕਰਨ ਦਾ, ਲੋਕਾਂ ਨੂੰ ਮਿਲਣ ਦਾ। ਸਵੈਮਾਣ ਜਦੋਂ ਤੱਕ ਤੁਸੀਂ ਦੂਜਿਆਂ ਨੂੰ ਹੀਣਾ ਨਾ ਸਮਝੋ ਹੰਕਾਰ ਨਹੀਂ ਹੁੰਦਾ। ਪਰ ਹੌਰਮੈਟਿਕ ਦੇ ਨਿਯਮ ਮੁਤਾਬਕ ਇਨ੍ਹਾਂ ਭਾਵਨਾਵਾਂ ਨੂੰ ਵਾਜਬ ਹੱਦ ਤੱਕ ਹੀ ਹੋਣਾ ਚਾਹੀਦਾ ਹੈ, ਅਤਿ ਨਹੀਂ ਹੋਣੀ ਚਾਹੀਦੀ। ਸਾਡੇ ਸਭਿਆਚਾਰ ਵਿੱਚ ਇਨ੍ਹਾਂ ਨੂੰ ਜ਼ਿੰਦਗੀ ਵਿੱਚੋਂ ਰੱਦ ਕਰ ਦੇਣ ਦੀ ਸਿੱਖਿਆ ਭਲਾਂ ਕਿਉਂ ਦਿੱਤੀ ਜਾਂਦੀ ਹੈ? ਮੈਂ ਦੱਸਣਾ ਚਾਹਾਂਗਾ ਕਿ ਇਸ ਸੰਕਲਪ ਨੂੰ ਦੋ ਤਰੀਕਿਆਂ ਨਾਲ ਸਮਝਿਆ ਜਾ ਸਕਦਾ ਹੈ। ਇੱਕ ਹੈ ਭਗਤੀ ਮਾਰਗ, ਇਹ ਸਾਥੋਂ ਹਾਂ ਜਾਂ ਨਾਂਹ ਵਿੱਚ ਜਵਾਬ ਮੰਗਦਾ ਹੈ। ਜਾਂ ਪੂਰਾ ਸਹੀ, ਜਾਂ ਪੂਰਾ ਗਲਤ। ਇਹ ਚੀਜਾਂ ਨੂੰ ਰੱਦਣ ਦਾ ਤਰੀਕਾ ਹੈ। ਇਸ ਦੇ ਪੈਰੋਕਾਰ ਇਸ ਸੰਸਾਰ ਨੂੰ ਝੂਠਾ ਗਿਣਦੇ ਹਨ। ਉਨ੍ਹਾਂ ਲਈ ਇਹ ਸੰਸਾਰ ਮਿੱਥ ਅਤੇ ਨਾਸਵਾਨ ਹੈ। ਜਿਵੇਂ ਇਨ੍ਹਾਂ ਕੋਲ ਕੋਈ ਹੋਰ ਸਾਡੇ ਨਾਲੋਂ ਉੱਤਮ ਬ੍ਰਹਿਮੰਡ ਉਪਲਬਧ ਹੋਵੇ। ਜਿੱਥੇ ਸਭ ਕੁੱਝ ਠੀਕ ਹੁੰਦਾ ਹੋਵੇਗਾ। ਸੱਚਾ ਅਤੇ ਅਸਲੀ। ਦੂਜਾ ਤਰੀਕਾ ਹੈ ਗਿਆਨ ਮਾਰਗ ਦਾ। ਇਹ ਸੰਭਾਵਨਾ ਭਰਪੂਰ ਅਤੇ ਵਿਗਿਆਨਕ ਤਰੀਕਾ ਹੈ। ਵਿਗਿਆਨੀ ਤਾਂ ਇਸੇ ਬ੍ਰਹਿਮੰਡ ਨੂੰ ਇੱਕੋ-ਇੱਕ ਅਤੇ ਆਪਣਾ ਮੰਨਦੇ ਹਨ। ਇਸੇ ਬ੍ਰਹਿਮੰਡ ਵਿੱਚ ਅਸੀਂ ਜ਼ਿੰਦਗੀ ਜਿਉਣੀ ਹੁੰਦੀ ਹੈ। ਇਸੇ ਨੂੰ ਖ਼ੂਬਸੂਰਤ ਬਨਾਉਣਾ ਹੁੰਦਾ ਹੈ। ਇਸੇ ਦੀਆਂ ਮੁਸਕਲਾਂ ਸੁਲਝਾਉਣੀਆਂ ਹੁੰਦੀਆਂ ਹਨ। ਇਸ ਤੋਂ ਅੱਗੇ ਕੋਈ ਬ੍ਰਹਿਮੰਡ ਨਹੀਂ ਹੈ। ਅਸੀਂ ਅਗਲੇ ਜੀਵਨ ਦੀ ਤਿਆਰੀ ਕਰਦੇ ਕਰਦੇ ਆਪਣੇ ਵਰਤਮਾਨ ਨੂੰ ਵੀ ਦਾਅ 'ਤੇ ਲਗਾ ਦੇਂਦੇ ਹਾਂ। ਵਿਗਿਆਨ ਨਹੀਂ ਕਹਿੰਦਾ ਕਿ ਤੁਸੀਂ ਇੰਝ ਕਰੋ। ਗਣਿਤ ਵਾਲੇ ਜਰੂਰ ਇਹ ਸੋਚਦੇ ਹਨ ਕਿ ਬ੍ਰਹਿਮੰਡ ਇਕ ਹੋਣ ਦੀ ਥਾਂ ਬਹੁਤੇ ਹੋ ਸਕਦੇ ਹਨ। ਮੈਨੂੰ ਇਹ ਗੱਲ ਤਰਕਹੀਣ ਲੱਗਦੀ ਹੈ ਕਿ ਅਸੀਂ ਜਿਸ ਜ਼ਿੰਦਗੀ ਨੂੰ ਜਿਉਣਾ ਹੁੰਦਾ ਉਸੇ ਨੂੰ ਮਿੱਥ ਜਾਂ ਝੂਠਾ ਕਹੀ ਜਾਂਦੇ ਹਾਂ। ਸਾਡੇ ਕਈ ਲੋਕਾਂ ਨੂੰ ਇਹ ਸਿੱਖਿਆ ਦਿੱਤੀ ਜਾਂਦੀ ਹੈ ਕਿ 'ਬਾਬਾ' ਜੀ ਦੀ ਕਹੀ ਗੱਲ ਸੁਣਨੀ ਅਤੇ ਗ੍ਰਹਿਣ ਕਰਨੀ ਹੁੰਦੀ ਹੈ। ਇਸ 'ਤੇ ਕੋਈ ਕਿੰਤੂ ਪ੍ਰੰਤੂ ਨਹੀਂ ਕਰੀਦਾ। ਪਰ ਇਹ ਰੁਝਾਨ ਸਰਾਸਰ ਗਲਤ ਹੈ। ਸਮਾਜਿਕ ਅਤੇ ਮਾਨਸਿਕ ਸਾਂਝ ਆਪਸੀ ਗੱਲਾਂ ਸੁਨਣ ਅਤੇ ਸੁਨਾਉਣ 'ਤੇ ਨਿਰਭਰ ਕਰਦੀ ਹੈ।

ਸਾਡੇ ਲੋਕਾਂ ਵਿੱਚ ਰੁਝਾਨ ਚੱਲ ਰਿਹਾ ਹੈ ਕਿ ਜੋ ਲੋਕ ਰੁਤਬੇ, ਸਮਾਜਿਕ ਜਾਂ ਗਿਆਨ ਦੇ ਪੱਧਰ 'ਤੇ ਉੱਚੇ ਮੁਕਾਮ 'ਤੇ ਹੁੰਦੇ ਹਨ, ਉਹ ਆਪਣੇ ਨਾਲੋਂ ਨੀਵੇਂ ਪੱਧਰ ਵਾਲਿਆਂ ਨੂੰ ਗੌਲਦੇ ਹੀ ਨਹੀਂ। ਪਰ ਇਹ ਆਦਤ ਸਮਾਜਿਕ ਅਤੇ ਮਾਨਸਿਕ ਸਾਂਝ ਦੇ ਰਾਹ ਵਿੱਚ ਅੜਿੱਕਾ ਬਣਦੀ ਹੈ। ਇਹ ਸਾਂਝ ਲਈ ਜਰੂਰੀ ਹੈ ਕਿ ਅਸੀਂ ਇਕ ਦੂਜੇ ਦੇ ਵਿਅਕਤਿਤਵ ਨੂੰ ਮੰਨ ਕੇ ਚੱਲੀਏ। ਵੱਡੀ ਉਮਰ ਵਿੱਚ ਅਤੀਤ ਦੇ ਰੁਤਬੇ, ਡਿਗਰੀਆਂ, ਸਮਾਜਿਕ ਆਹੁਦੇ ਨੂੰ ਪਿੱਛੇ ਰੱਖ ਕੇ ਇਕ ਦੂਜੇ ਨਾਲ ਸੰਵਾਦ ਰਚਾਈਏ। ਵਾਰਤਾਲਾਪ ਵਿੱਚ ਵਿਚਾਰ ਵਟਾਂਦਰਾ, ਬਹਿਸ ਅਤੇ ਵਿਰੋਧ ਵੀ ਹੋ ਸਕਦਾ ਹੈ। ਸਾਂਝ ਵਿੱਚ ਕਿਸੇ ਦਾ ਵਿਅਕਤੀਗਤ ਅਧਿਕਾਰ ਨਹੀਂ ਚੱਲਦਾ। ਤੁਸੀਂ ਦੂਜਿਆਂ ਨਾਲ ਓਹੀ ਵਿਹਾਰ ਕਰੋ ਜਿਹੋ ਜਿਹਾ ਤੁਸੀਂ ਲੋਕਾਂ ਕੋਲੋਂ ਆਪਣੇ ਨਾਲ ਕਰਨਾ ਮੰਗਦੇ ਹੋ।ਆਪਣੇ ਮਾੜੇ ਵਤੀਰੇ ਨੂੰ ਅਸੀਂ ਆਪ ਬੜੀਆਂ ਥਾਂਵਾਂ 'ਤੇ ਦੇਖ ਸਕਦੇ ਹਾਂ– ਰਿਕਸ਼ੇ ਵਾਲੇ ਨਾਲ ਅਸੀਂ ਹੌਲੀ ਜਾਂ ਤੇਜ ਚਲਾਉਣ 'ਤੇ ਔਖੇ ਭਾਰੇ ਹੋ ਜਾਂਦੇ ਹਾਂ। ਹੋਟਲ ਵਿੱਚ ਕੰਮ ਕਰਦੇ ਲੜਕੇ ਨੂੰ "ਓਏ ਛੋਟੂ ਓਏ ਛੋਟੂ" ਕਹਿੰਦੇ ਹਾਂ। ਗੰਦੇ ਸ਼ਬਦ ਬੋਲਦੇ ਹਾਂ।

ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਰਿਕਸ਼ੇ ਵਾਲਾ, ਹੋਟਲ ਦਾ ਬਹਿਰਾ, ਨੌਕਰ, ਸਭ ਤੁਹਾਡੇ ਵਰਗੇ ਹੀ ਇਨਸਾਨ ਹਨ ਜੋ ਤੁਹਾਡੇ ਤੋਂ ਬਰਾਬਰੀ ਵਾਲੇ ਵਿਹਾਰ ਦੀ ਆਸ ਰੱਖਦੇ ਹਨ। ਸਮਾਜਿਕ ਅਤੇ ਮਾਨਸਿਕ ਸਮੂਲੀਅਤ ਦੀ ਪਹਿਲੀ ਜ਼ਰੂਰਤ ਹੈ। ਸਤਿਕਾਰਯੋਗ ਵਿਹਾਰ ਦਾ ਆਦਾਨ ਪ੍ਰਦਾਨ।

ਵੱਡੀ ਉਮਰ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣਾ ਰੁਤਬਾ, ਆਪਣੀਆਂ ਆਦਤਾਂ ਦੂਜਿਆਂ 'ਤੇ ਨਾ ਥੋਪਣ। ਸਮਾਜਕ ਮੇਲਜੋਲ ਵੇਲੇ ਤੁਹਾਨੂੰ ਮਿਲਣ ਵਾਲੇ, ਸਵਾਲ ਪੁੱਛਣ ਵਾਲੇ ਮਨੁੱਖ ਵੱਖ ਵੱਖ ਤਰ੍ਹਾਂ ਦੇ ਹੋ ਸਕਦੇ ਹਨ। ਹੋ ਸਕਦਾ ਤੁਹਾਡੇ ਵਿਚਾਰਾਂ ਨਾਲ ਉਹ ਸਹਿਮਤ ਵੀ ਨਾ ਹੋਣ। ਤੁਹਾਡੀਆਂ ਗੱਲਾਂ ਉਨ੍ਹਾਂ ਨੂੰ ਚੰਗੀਆਂ ਨਾ ਵੀ ਲੱਗਣ। ਤੁਹਾਨੂੰ ਮਿਲਣ ਵਾਲਿਆਂ ਵਿੱਚੋਂ ਕੋਈ ਵੀ ਬੰਦਾ ਬੁਨਿਆਦੀ ਤੌਰ 'ਤੇ ਮਾੜਾ ਨਹੀਂ। ਕਈ ਵਾਰ ਅਸੀਂ ਵਿਹਾਰ ਵਿੱਚ ਪੱਖਪਾਤੀ ਹੋ ਜਾਂਦੇ ਹਾਂ। ਇਸ ਤਰ੍ਹਾਂ ਨਹੀਂ ਕਿ ਆਪਣਾ ਬੱਚਾ ਪੂਰਾ ਠੀਕ ਤੇ ਦੂਜਾ ਸਾਰਾ ਗਲਤ। ਹਾਲਾਂਕਿ ਮੇਰੇ ਬੱਚੇ ਕਈ ਵਾਰ ਇਤਰਾਜ਼ ਕਰਨਗੇ ਕਿ ਤੁਸੀਂ ਦੋਵੇਂ ਪਾਸੇ ਹੀ ਇੱਕੋ ਜਿਹਾ ਵਰਤਾਓ ਕਰਦੇ ਹੋ, ਤੁਹਾਨੂੰ ਠੀਕ ਪਾਸੇ ਦਾ ਹੀ ਪੱਖ ਲੈਣਾ ਚਾਹੀਦਾ ਹੈ। ਪਰ ਮੇਰੇ ਵਿੱਚ ਕਦੇ ਕਿਸੇ ਤੋਂ ਬਦਲਾ ਲੈਣ ਦੀ ਭਾਵਨਾ ਨਹੀਂ ਆਈ। ਮੇਰਾ ਇਕ ਦੂਰ ਦਾ ਰਿਸ਼ਤੇਦਾਰ ਮੇਰੀ ਉਮਰ ਭਰ ਦੀ ਕਮਾਈ ਮੈਨੂੰ ਧੋਖਾ ਦੇ ਕੇ ਹੜੱਪ ਕਰ ਗਿਆ। ਉਸਦਾ ਵੀ ਮਾੜਾ ਕਰਨ ਦਾ ਕਦੇ ਖਿਆਲ ਨਹੀ ਆਇਆ। ਮਨ ਵਿਚ ਬੱਸ ਏਹੀ ਆਇਆ ਕਿ ਕਿਵੇਂ ਮੈਂ ਉਸ ਕੋਲੋਂ ਪੈਸੇ ਵਾਪਸ ਲੈ ਸਕਾਂ, ਭਾਵੇਂ ਮਿਲੇ ਨਹੀਂ। ਮੈਂ ਨਹੀਂ ਕਹਿੰਦਾ ਕਿ ਮੈਂ ਕਰੋਧ ਵਿੱਚ ਨਹੀਂ ਆਉਂਦਾ। ਅਸਲ ਵਿੱਚ ਜਦੋਂ ਕਦੇ ਵੀ ਕੋਈ ਚੁਣੌਤੀ ਸਾਨੂੰ ਦਰਪੇਸ਼ ਹੁੰਦੀ ਹੈ, ਉਦੋਂ ਸਾਡੇ ਵਿਹਾਰ ਦੀ ਪ੍ਰੀਖਿਆ ਦੀ ਘੜੀ ਹੁੰਦੀ ਹੈ ਕਿ ਕਿਵੇਂ ਤੁਸੀਂ ਆਪਣੇ ਗੁੱਸੇ ਨੂੰ ਕਾਬੂ ਵਿੱਚ ਰੱਖਦੇ ਹੋ?

ਸਮਾਜਿਕ ਮਾਨਸਿਕ ਸਮੂਲੀਅਤ ਇਕ ਆਪਸੀ ਪ੍ਰਕਿਰਿਆ ਹੈ ਇਸ ਵਿਚ ਆਪਸੀ ਸਤਿਕਾਰ, ਆਪਸੀ ਸਹਿਮਤੀ ਅਤੇ ਵਿਹਾਰ ਵਿਚ ਇਮਾਨਦਾਰੀ ਜਰੂਰੀ ਹੈ। ਅਸੀਂ ਸਾਰੇ ਆਪਣੀ ਵੱਖਰੀ ਪਛਾਣ ਰੱਖਦੇ ਹਾਂ। ਇੱਕ ਅੰਗਰੇਜ਼ੀ ਫਿਲਮ ਦਾ ਡਾਇਲੌਗ ਹੈ ਕਿ ਦੋਸਤੀ ਦੀ ਨਿਸ਼ਾਨੀ ਇਹੀ ਹੈ ਕਿ ਆਪਣੇ ਦੋਸਤ ਵਿੱਚੋਂ ਉਸਦੇ ਸਭ ਤੋਂ ਉੱਤਮ [Best] ਨੂੰ ਵਿਗਸਣ ਦਾ ਮੌਕਾ ਦੇਈਏ। ਤੁਹਾਡੀ ਹਾਜ਼ਰੀ ਵਿੱਚ ਦੂਜਾ ਆਪਣੇ ਆਪ ਨੂੰ ਹੀਣਾ ਨਾ ਸਮਝੇ। ਪਰ ਇਹ ਤੁਸੀਂ ਤਾਂ ਹੀ ਸਿੱਖਦੇ ਹੋ ਜੇ ਵੱਡੀ ਪੱਧਰ 'ਤੇ ਵੱਖ ਵੱਖ ਤਰ੍ਹਾਂ ਦੇ ਲੋਕਾਂ ਵਿੱਚ ਵਿਚਰਦੇ ਹੋ। ਜ਼ਿੰਦਗੀ ਦੇ ਅਨੁਭਵਾਂ ਵਿੱਚੋਂ ਲੰਘਕੇ ਹੀ ਤੁਸੀਂ ਸਾਂਝ ਦੇ ਇਸ ਪੁਲ ਦੀ ਉਸਾਰੀ ਕਰ ਸਕਦੇ ਹੋ। ਇਸ ਵਿਚ ਦੁਨੀਆਂ ਦੀ ਯਾਤਰਾ ਕਰਨੀ ਬਹੁਤ ਕੁੱਝ ਸਿਖਾਉਂਦੀ ਹੈ। ਪਰ ਇਸ ਦੌਰਾਨ ਆਪਣੇ ਦਿਮਾਗ ਦੇ ਬੂਹੇ ਖੁੱਲੇ ਰੱਖਣੇ ਪੈਣਗੇ। ਫਿਰ ਤੁਸੀਂ ਇਹ ਜਾਣ ਜਾਂਦੇ ਹੋ ਕਿ ਜਿਉਣ ਦਾ ਕੋਈ ਇੱਕ 'ਸਭ ਤੋਂ ਚੰਗਾ' ਤਰੀਕਾ ਨਹੀਂ। ਇਹ ਵੀ ਹੋ ਸਕਦਾ ਹੈ ਕਿ ਤੁਹਾਨੂੰ ਜੋ ਹੁਣ ਠੀਕ ਲੱਗ ਰਿਹਾ ਹੈ, ਅਗਲੇ ਪਲਾਂ ਵਿੱਚ ਜਾਂ ਤੁਹਾਡੀ ਜ਼ਿੰਦਗੀ ਦੇ ਅਗਲੇ ਸਾਲਾਂ ਵਿੱਚ ਉਹ ਠੀਕ ਨਾ ਲੱਗੇ।

ਇਨ੍ਹਾਂ ਸਾਰੀਆਂ ਗੱਲਾਂ ਲਈ ਸਭ ਤੋਂ ਜ਼ਰੂਰੀ ਹੈ ਆਪਸੀ ਵਿਸ਼ਵਾਸ਼ [Trust]। ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੀ ਸਮਾਜਕ ਸਿਹਤ ਨੂੰ ਸਮਝਣ ਲਈ ਅੱਜਕੱਲ੍ਹ ਇਹ ਦੇਖਿਆ ਜਾਂਦਾ ਹੈ ਕਿ ਉਸ ਦੇਸ਼ ਦੇ ਲੋਕ ਇੱਕ ਦੂਜੇ 'ਤੇ ਕਿੰਨਾ ਭਰੋਸਾ ਕਰਦੇ ਹਨ। ਮੈਨੂੰ ਚਾਲੀ ਸਾਲ ਹੋ ਗਏ ਯੋਰਪ ਰਹਿੰਦਿਆਂ ਹਾਲੇ ਵੀ ਉਹ ਭਾਰਤੀ ਮਾਨਸਿਕਤਾ ਹੈ ਕਿ ਜੇਕਰ ਜ਼ਰਾ ਜਿਹਾ ਵੀ ਕੋਈ ਟੈਕਸੀ ਵਾਲਾ ਜਾਣੇ ਪਹਿਚਾਣੇ ਰਸਤੇ ਤੋਂ ਹਟ ਕੇ ਚਲਾ ਜਾਵੇ, ਉਦੋਂ ਹੀ ਘਬਰਾ ਜਾਈਦਾ ਕਿ ਲੱਗਾ ਮੈਨੂੰ ਧੋਖਾ ਦੇਣ। ਪ੍ਰਕਿਰਤੀ ਦੇ ਹਰ ਨਿੱਕੇ ਤੋਂ ਨਿੱਕੇ ਪ੍ਰਬੰਧ ਵਿੱਚ ਜੀਵ ਜੰਤੂ, ਜਾਨਵਰ ਅਤੇ ਪਰਿੰਦੇ ਸਾਰਿਆਂ ਦੇ ਆਪੋ ਵਿਚਕਾਰ ਵਿਸ਼ਵਾਸ ਦੀਆਂ ਡੂੰਘੀਆਂ ਤੰਦਾਂ ਸਹਿਜੇ ਹੀ ਦੇਖਣ ਨੂੰ ਮਿਲ ਜਾਂਦੀਆਂ ਹਨ। ਪਰ ਇਹ ਵੀ ਹੋ ਸਕਦਾ ਹੈ ਕਿ ਬਚਪਨ ਤੋਂ ਮਾਤਾ ਪਿਤਾ, ਅਧਿਆਪਕਾਂ, ਰਿਸ਼ਤੇਦਾਰਾਂ, ਦੋਸਤਾਂ, ਗਵਾਂਢੀਆਂ ਵੱਲੋਂ ਮਿਲੇ ਵਿਸਵਾਸਘਾਤ ਕਾਰਨ, ਅਸੀਂ ਕਿਸੇ ਦੂਜੇ ਨੂੰ ਵੀ ਬੇਭਰੋਸਗੀ ਦੀ ਅੱਖ ਨਾਲ ਦੇਖਦੇ ਹੋਈਏ। ਵਾਰ ਵਾਰ ਟੁੱਟਦੇ ਭਰੋਸੇ ਨੇ ਸਾਨੂੰ ਇਹ ਅਹਿਸਾਸ ਕਰਾ ਦਿੱਤਾ ਹੋਵੇ ਕਿ ਬਹੁਤੇ ਲੋਕ ਭਰੋਸੇ ਦੇ ਕਾਬਲ ਹੀ ਨਹੀਂ ਹੁੰਦੇ। ਚੰਗੇ ਮਾੜੇ ਤਜਰਬਿਆਂ ਵਿੱਚੋਂ ਹੀ ਵਤੀਰਾ ਉਪਜਦਾ ਹੈ। ਇਸ ਦੇ ਮੂਲ ਆਧਾਰ ਸਮਾਜਿਕ ਹੁੰਦਾ ਹੈ, ਅਨੁਵੰਸ਼ਕੀ ਨਹੀਂ।

ਬਜੁਰਗਾਂ ਦਾ ਕਿਸੇ ਨਾ ਕਿਸੇ ਸਰਗਰਮੀ ਵਿੱਚ ਸ਼ਾਮਲ ਹੋਣਾ ਸਮਾਜਿਕ ਅਤੇ ਮਾਨਸਿਕ ਸਿਹਤ ਲਈ ਮਹੱਤਵਪੂਰਨ ਹੁੰਦਾ ਹੈ।ਕੋਈ ਇਸ ਨੂੰ ਆਪਣੇ ਵੱਲੋਂ ਹਮਦਰਦੀ ਦੀ ਨਜਰ ਨਾਲ ਇਹ ਵੀ ਕਹਿ ਸਕਦਾ- ਐਥੇ ਤਾਂ ਬਜੁਰਗਾਂ ਨੂੰ ਵੀ ਕੰਮ ਲਾਈ ਰੱਖਦੇ ਨੇ। ਜਿਵੇਂ ਕਿ ਮੇਰੀ ਬਜੁਰਗ ਮਾਸੀ ਨੂੰ ਜਦੋਂ ਮੈਂ ਮਿਲਣ ਜਾਂਦਾ ਹਾਂ, ਉਹ ਬਿਸਤਰੇ ਤੋਂ ਉੱਠੇਗੀ ਅਤੇ ਮੇਰੇ ਪਸੰਦ ਦੀ ਪਰੌਂਠੀ ਨਾਲ ਮਾਂਹਾਂ ਦੀ ਦਾਲ, ਮੇਰੀ ਪਸੰਦ ਦਾ ਭੋਜਨ ਪਰੋਸਣਾ ਚਾਹੁੰਦੀ ਹੈ, ਪਰ ਘਰ ਵਿੱਚ ਸਾਰੇ ਮੈਂਬਰ ਉਸ ਨੂੰ ਵਰਜਦੇ ਹਨ, ਪਰ ਉਸ ਨੂੰ ਅਜਿਹਾ ਕਰਨ ਵਿੱਚ ਖੁਸ਼ੀ ਲੱਭਦੀ ਹੈ। ਇਹ ਗੱਲਾਂ ਨੂੰ ਸਮਝਣ ਦੀ ਲੋੜ ਹੈ। ਵੱਡਿਆਂ ਨੂੰ ਏਥੋਂ ਸ਼ੁਰੂ ਕਰਨਾ ਪਵੇਗਾ ਕਿ ਤੁਸੀਂ

ਸਮਾਜ ਨੂੰ ਕੀ ਦੇ ਸਕਦੇ ਹੋ? ਤੁਸੀਂ ਪਹਿਲੀ ਉਮਰੇ ਕਿਸੇ ਨਾ ਕਿਸੇ ਕੰਮ ਵਿਚ ਮੁਹਾਰਤ ਰੱਖਦੇ ਹੋਵੋਗੇ। ਕੀ ਤੁਸੀਂ ਕਿਸੇ ਲਈ ਉਹ ਕੰਮ ਬਿਨ੍ਹਾਂ ਪੈਸੇ ਦੀ ਤਵੱਕੋ ਦੇ ਕਰਨ ਲਈ ਤਿਆਰ ਹੋ? ਤੁਸੀਂ ਬੱਚਿਆਂ ਨੂੰ ਕੋਈ ਵਿਸ਼ਾ ਪੜ੍ਹਾਉਣ ਦੀ ਪੇਸ਼ਕਸ਼ ਕਰਦੇ ਹੋ, ਜੋ ਉਨ੍ਹਾਂ ਨੂੰ ਰੌਚਿਕਤਾ ਨਾਲ ਤੁਸੀਂ ਪੜ੍ਹਾ ਸਕਦੇ ਹੋ। ਬਦਲੇ ਵਿੱਚ ਬੱਚੇ ਤੁਹਾਨੂੰ ਕੰਪਿਊਟਰ ਦਾ ਕੋਈ ਫੰਕਸਨ ਸਮਝਾਉਣ ਲਈ ਸੌਖਿਆਂ ਹੀ ਤਿਆਰ ਹੋ ਜਾਂਦੇ ਹਨ। ਤੁਹਾਨੂੰ ਕੰਪਿਊਟਰ ਤੇ ਕਈ ਕੰਮ ਕਰਨੇ ਸਿਖਾ ਸਕਦੇ ਹਨ। ਇਸ ਤਰ੍ਹਾਂ ਹੁਨਰ ਦੇ ਆਪਸੀ ਵਟਾਂਦਰੇ ਨਾਲ ਤੁਸੀਂ ਬੱਚਿਆਂ ਨੂੰ ਕੁੱਝ ਦੇ ਵੀ ਦਿੰਦੇ ਹੋ ਅਤੇ ਉਨ੍ਹਾਂ ਕੋਲੋਂ ਕੁੱਝ ਲੈ ਵੀ ਲੈਂਦੇ ਹੋ। ਤੁਸੀਂ ਅਜਿਹਾ ਕਰਕੇ ਚੰਗਾ ਚੰਗਾ ਮਹਿਸੂਸ ਕਰਦੇ ਹੋ। ਹੁਣ ਡੈਨਮਾਰਕ ਵਿਚ ਅਜਿਹੀਆਂ ਥਾਵਾਂ ਬਣ ਗਈਆਂ ਹਨ ਜਿੱਥੇ ਅਜਿਹੇ ਲੋਕ ਇਕੱਠੇ ਹੁੰਦੇ ਹਨ ਕਿ ਮੈਂ ਇਹ ਕੰਮ ਤੁਹਾਡੇ ਲਈ ਕਰ ਸਕਦਾ ਹਾਂ ਅਤੇ ਬਦਲੇ ਵਿੱਚ ਤੁਸੀਂ ਮੈਨੂੰ ਫਲਾਣਾ ਕੰਮ ਸਿਖਾਓਗੇ। ਇਸ ਤਰ੍ਹਾਂ ਤੁਸੀਂ ਪੀੜ੍ਹੀ ਵਿਚਕਾਰਲੇ ਖੱਪੇ (Generation Gap) ਨੂੰ ਵੀ ਘੱਟ ਕਰ ਜਾਂਦੇ ਹੋ ਅਤੇ ਆਪਣਾਪਣ ਦੋਵੇਂ ਪਾਸਿਆਂ ਤੋਂ ਮਜਬੂਤ ਹੋ ਜਾਂਦਾ ਹੈ। ਇਹ ਸਰਗਰਮੀਆਂ ਸੰਗੀਤ ਸਿੱਖਣ, ਡਿਜੀਟਲ ਵਰਤਾਰਿਆਂ ਦੀ ਸਮਝ, ਰਸੋਈ ਦੀ ਕੋਈ ਡਿਸ ਬਨਾਉਣੀ ਸਿੱਖਣ ਆਦਿ ਵੀ ਹੋ ਸਕਦੀਆਂ ਹਨ। ਇਸ ਸਰਗਰਮੀ ਵਿੱਚ ਪੈਸੇ ਦਾ ਕੋਈ ਆਦਾਨ ਪ੍ਰਦਾਨ ਨਹੀਂ ਹੁੰਦਾ।ਬੱਸ ਹੁਨਰ ਦਾ ਆਪਸੀ ਅਤੇ ਭਾਈਚਾਰਕ ਲੈਣ ਦੇਣ ਹੁੰਦਾ ਹੈ।

ਸਮਾਜਿਕ ਕੰਮਾਂ ਵਿੱਚ ਵੱਡੀ ਉਮਰ ਦੇ ਲੋਕਾਂ ਦੀ ਆਪਣੀ ਵੀ ਇੱਕ ਡਿਊਟੀ ਬਣਦੀ ਹੈ ਕਿ ਉਹ ਆਪ ਇਸ ਸਾਂਝੀਵਾਲਤਾ ਦੀ ਸ਼ੁਰੂਆਤ ਕਰਨ। ਬਜੁਰਗਾਂ ਨੂੰ ਇਹ ਗੱਲ ਮਨ ਵਿੱਚ ਸਪਸ਼ਟ ਕਰ ਲੈਣੀ ਚਾਹੀਦੀ ਹੈ ਕਿ ਤੁਸੀਂ ਹੱਥ ਅੱਗੇ ਵਧਾਓਗੇ, ਲੋਕ ਵੀ ਹੱਥ ਵਧਾਉਣਗੇ। ਪਰ ਇਸ ਲਈ ਤੁਹਾਨੂੰ ਖੁਦ ਵੀ ਪਹਿਲਕਦਮੀ ਕਰਨੀ ਪਵੇਗੀ। ਨਹੀਂ ਤਾਂ ਤੁਹਾਡੇ ਨਜ਼ਦੀਕੀ ਇਕ ਦੋ ਵਾਰ ਕੋਸ਼ਿਸ਼ ਕਰਨਗੇ, ਹੋ ਸਕਦਾ ਹੈ ਤੁਹਾਡੇ ਪ੍ਰਵਾਰ ਵਾਲੇ ਤੁਹਾਡੇ ਨਾਲ ਮੇਲਜੋਲ ਲਈ ਵਾਰ ਵਾਰ ਕੋਸ਼ਿਸ਼ ਕਰਨ ਪਰ ਜੇ ਤੁਸੀਂ ਇਹ ਸੋਚ ਲਿਆ ਹੈ ਕਿ ਮੈਨੂੰ ਕੋਈ ਪਸੰਦ ਨਹੀਂ ਕਰਦਾ ਤੇ ਤੁਸੀਂ ਸਾਰਿਆਂ ਨੂੰ ਪਰ੍ਹੇ ਧੱਕ ਦਿੰਦੇ ਹੋ ਤਾਂ ਫਿਰ ਇੱਕ ਦਿਨ ਉਹ ਸਾਰੇ ਧੱਕੇ ਜਾਣਗੇ। ਫਿਰ ਸਮਾਜਕ ਤੇ ਮਾਨਸਿਕ ਰਾਬਤਾ ਟੁੱਟ ਜਾਂਦਾ ਹੈ। ਇਸ ਲਈ ਵੱਡੀ ਉਮਰ ਵਿੱਚ ਇਹ ਰਾਬਤਾ ਬਣਾਈ ਰੱਖਣ ਲਈ ਤੁਹਾਨੂੰ ਵਧੇਰੇ ਯਤਨ ਕਰਨੇ ਹੋਣਗੇ। ਖਾਸ ਕਰਕੇ ਕੁੱਝ ਨਵਾਂ ਸਿੱਖਣ ਦੀ ਕੋਸ਼ਿਸ਼ ਕਰੋ। ਜੇ ਕੋਈ ਸੰਗੀਤ ਵਾਲਾ ਯੰਤਰ ਜਿਵੇਂ ਤਬਲਾ, ਬੰਸਰੀ, ਗਿਟਾਰ, ਹਰਮੋਨੀਅਮ ਸਿੱਖਣਾ ਸ਼ੁਰੂ ਕਰੋ ਤਾਂ ਇਹ ਤੁਹਾਡੇ ਦਿਮਾਗ ਤੇ ਸਰੀਰ ਦਾ ਸਹੀ ਤਾਲਮੇਲ ਮੰਗਦਾ ਹੈ। ਵੈਸੇ ਤਾਂ ਹਰ ਉਮਰ ਵਿੱਚ ਹੀ ਪਰ ਇਸ ਉਮਰ ਵਿੱਚ ਖਾਸ ਕਰਕੇ ਗਾਉਣ ਨਾਲੋਂ ਵੀ ਵੱਧ ਸੰਗੀਤ ਵਜਾਉਣਾ ਵਧੇਰੇ ਫਾਇਦੇਮੰਦ ਹੁੰਦਾ ਹੈ। ਇਸ ਵਿੱਚ ਮਾਨਸਿਕ ਇਕਾਗਰਤਾ, ਸਕੂਨ, ਲੁਤਫ਼, ਊਰਜਾ, ਸ਼ਾਂਤੀ, ਆਪਸੀ ਸੰਪਰਕ, ਸਮਾਜਿਕ ਮੇਲ ਜੋਲ ਸਭ ਆ ਜਾਂਦੇ ਹਨ ਜੋ ਬੁਢਾਪੇ ਦੀ ਉਮਰ ਨੂੰ ਖੁਸ਼ਗਵਾਰ ਬਣਾਉਂਦੇ ਹਨ। ਬਜੁਰਗ ਲੋਕਾਂ ਨਾਲ ਜੁੜੇ ਮਹਿਸੂਸ ਕਰਦੇ ਹਨ, ਅਲੱਗ ਥਲੱਗ ਨਹੀਂ। ਮੈਂ ਖੁਦ ਤਬਲਾ ਬਚਪਨ ਤੋਂ ਹੀ ਵਜਾਉਂਦਾ ਹਾਂ।ਤੁਸੀਂ ਸਮਾਜਿਕ, ਮਾਨਸਿਕ ਰੁਝੇਵਿਆਂ ਵਿੱਚ ਸਮੂਲੀਅਤ ਬਣਾਈ ਰੱਖੋਗੇ ਤਾਂ ਤੁਹਾਨੂੰ ਚੇਤੇ ਹੀ ਨਹੀਂ ਰਹਿਣਾ ਕਿ ਅਸੀਂ ਬਜੁਰਗ ਹਾਂ। ਰੁੱਝੇ ਬੰਦੇ ਕੋਲ ਤਾਂ ਬਿਮਾਰੀ ਵੀ ਸੋਚ ਕੇ ਹੀ ਆਉਂਦੀ ਹੈ।

ਅੱਗੇ ਗੱਲ ਤੋਰਨ ਤੋਂ ਪਹਿਲਾਂ ਮੈਂ ਤੁਹਾਡੇ ਤੋਂ ਇੱਕ ਸੁਆਲ ਪੁੱਛਣਾ ਚਾਹਨਾ ਕਿ ਜੇਕਰ ਸਾਇੰਸ ਕੋਲ ਤੁਹਾਡੇ ਸਰੀਰ ਦੇ ਕਿਸੇ ਇਕ ਅੰਗ ਨੂੰ ਸੰਪੂਰਨ ਸ਼ਕਤੀਸ਼ਾਲੀ ਬਨਾਉਣ ਦੀ ਸ਼ਕਤੀ ਹੋਵੇ ਤਾਂ ਤੁਸੀਂ ਪਹਿਲੇ ਨੰਬਰ ’ਤੇ ਕਿਹੜਾ ਅੰਗ ਸੰਪੂਰਨ ਤੰਦਰੁਸਤ ਰੱਖਣਾ ਚਾਹੋਗੇ। ਆਜ ਕੀ ਮੁਲਾਕਾਤ ਬੱਸ ਇਤਨੀ।


ਸ਼ਬਦੀ ਰੂਪ: ਹਰੀਕ੍ਰਿਸ਼ਨ ਮਾਇਰ\ਜਸਵੰਤ ਮੋਹਾਲੀ

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਨਵਾਂਸ਼ਹਿਰ ਦੇ ਆਗੂ ਮਾਸਟਰ ਜਗਦੀਸ਼ ਰਾਏਪੁਰ ਡੱਬਾ ਦੀ ਜੀਵਨ ਸਾਥਣ ਸਰੀਰ ਪ੍ਰਦਾਨੀ ਮਰਹੂਮ ਜਸਵੀਰ ਕੌਰ ਜੀ, ਇਕਾਈ ਫਗਵਾੜਾ ਦੇ ਆਗੂ ਦਰਸ਼ਨ ਸਿੰਘ ਲੇਹਲ ਜੀ ਦੀ ਜੀਵਨ ਸਾਥਣ, ਇਕਾਈ ਧਾਰੀਵਾਲ ਭੋਜਾ ਦੇ ਸਰਗਰਮ ਆਗੂ ਭੂਪਿੰਦਰ ਸਿੰਘ ਕਾਲਾ ਬਾਲਾ ਦੇ ਮਾਤਾ ਗਿਆਨ ਕੌਰ ਜੀ, ਇਕਾਈ ਜਲੰਧਰ ਦੇ ਪ੍ਰਧਾਨ ਨਸੀਬ ਚੰਦ ਬੱਬੀ ਦੇ ਵੱਡੇ ਭਰਾ ਤਾਰੀ ਰਾਮ ਜੀ, ਇਕਾਈ ਮੈਂਬਰ ਮਦਨ ਬੰਗੜ ਪੱਤਰਕਾਰ ਅਲਾਵਲਪੁਰ (ਜਲੰਧਰ) ਦੇ ਮਾਤਾ ਚਰਨ ਕੌਰ ਜੀ, ਸਰੀਰ ਪ੍ਰਦਾਨੀ ਬਾਪੂ ਸੁਲੱਖਣ ਸਿੰਘ ਦੀ ਬੇਵਕਤ ਮੌਤ ’ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਨਸ਼ਤਰਾਂ

ਅਸੀਂ ਧੱਕੀ ਜਾਂਦੇ ਜ਼ਿੰਦਗੀ ਦੇ ਪੰਧ ਨੂੰ
ਪੀੜਾਂ ਪੱਲੇ ਪਾਈਆਂ ਹਾਕਮਾਂ।
ਸਾਡੇ ਮੁਹੱਲੇ ਚ ਕਲੀਨਿਕ ਖੁੱਲ੍ਹਿਆ,
ਆ ਜੋ ਜੀਹਨੇ ਪਾਰ ਲੰਘਣਾ।



ਜਗਸੀਰ ਜੀਦਾ
(94173-33203)


ਪੈੜਾਂ

ਚਿਰਾਗ਼ਾਂ ਨੂੰ ਬੁਝਾ ਦਿੱਤਾ ਜੇ ਨ੍ਹੇਰੀ ਨੇ ਤਾਂ ਕੀ ਹੋਇਆ

ਯਾਦ ਸਦੀਵੀ:

ਸ਼ਹੀਦ ਏ ਆਜ਼ਮ

ਭਗਤ ਸਿੰਘ ਪੰਜਾਬ ਦਾ ਪਹਿਲਾ ਵਿਚਾਰਕ ਸੀ ਜਿਸ ਨੇ ਸਮਾਜ ਦੀ ਬਣਤਰ ਬਾਰੇ ਵਿਗਿਆਨਕ ਢੰਗ ਨਾਲ ਵਿਚਾਰ ਕੀਤਾ ਸੀ।



ਪਹਿਲਾ ਬੁੱਧੀਮਾਨ ਸੀ ਜਿਸ ਨੇ ਦੁੱਖਾਂ ਅਤੇ ਸਮਾਜਕ ਸਮੱਸਿਆਵਾਂ ਦੀ ਧੁਰ ਡੂੰਘਿਆਈ ਤੱਕ ਪਈਆਂ ਉਲਝਣਾਂ ਦੀ ਪਹਿਚਾਣ ਕੀਤੀ ਸੀ।

ਉਹ ਪਹਿਲਾ ਦੇਸ਼ਭਗਤ ਸੀ, ਜਿਸ ਦੇ ਮਨ ਵਿਚ ਸਮਾਜ ਸੁਧਾਰ ਦਾ ਇੱਕ ਨਿਸ਼ਚਿਤ ਦ੍ਰਿਸ਼ਟੀਕੋਣ ਸੀ।

ਉਹ ਪਹਿਲਾ ਪੰਜਾਬੀ ਮਹਾਂਪੁਰਸ਼ ਸੀ ਜਿਸ ਨੇ ਭਾਵਨਾਵਾਂ ਅਤੇ ਸੋਝੀ ਦੇ ਸੁਮੇਲ ਲਈ ਧੁੰਦਲੀਆਂ ਮਾਨਤਾਵਾਂ ਦਾ ਸਹਾਰਾ ਨਹੀਂ ਸੀ ਲਿਆ।

ਉਹ ਪਹਿਲਾ ਪੰਜਾਬੀ ਸੀ, ਜੋ ਦੇਸ਼-ਭਗਤੀ ਦੇ ਪ੍ਰਦਰਸ਼ਨਕਾਰੀ ਵਿਚਾਰਾਂ ਤੋਂ ਮੁਕਤ ਹੋ ਸਕਿਆ ਸੀ।

ਉਹ ਪਹਿਲਾ ਪੰਜਾਬੀ ਸੀ ਜਿਸ ਨੇ ਗਾਂਧੀਵਾਦ ਦੇ ਥੋਥੇ ਅਤੇ ਖੋਖਲੇ ਮਾਨਵਤਾਵਾਦ ਅਤੇ ਆਦਰਸ਼ਵਾਦ ਨੂੰ ਵੰਗਾਰਿਆ ਸੀ।

ਪੰਜਾਬ ਦੀ ਵਿਚਾਰਧਾਰਾ ਨੂੰ ਉਸ ਦੀ ਦੇਣ ਸਾਂਡਰਸ ਦੀ ਹੱਤਿਆ, ਅਸੈਂਬਲੀ ਵਿਚ ਬੰਬ ਸੁੱਟਣ, ਫਾਂਸੀ ਦੇ ਫੰਦੇ 'ਤੇ ਲਟਕ ਜਾਣ ਤੋਂ ਕਿਤੇ ਜਿਆਦਾ ਹੈ।

ਭਗਤ ਸਿੰਘ ਨੇ ਪਹਿਲੀ ਵਾਰ ਪੰਜਾਬ ਨੂੰ ਪਹਿਲਵਾਨੀ ਅਤੇ ਜਹਾਲਤ ਤੋਂ ਬੁੱਧੀਵਾਦ ਵੱਲ ਮੋੜਿਆ ਸੀ।

- ਪਾਸ਼

'ਹਰ ਮਨੁੱਖ ਜੋ ਪ੍ਰਗਤੀ ਦਾ ਹਾਮੀ ਹੈ, ਉਸਨੂੰ ਪਰੰਪਰਕ ਵਿਸ਼ਵਾਸਾਂ ਦੇ ਹਰ ਪੱਖ ਦੀ ਬੇਕਿਰਕ ਆਲੋਚਨਾ ਕਰਨੀ ਚਾਹੀਦੀ ਹੈ ਤੇ ਉਹਨਾਂ ਉਪਰ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਪ੍ਰਚਲਿਤ ਮਨੌਤਾਂ ਦੇ ਹਰ ਪੱਖ ਨੂੰ ਤਰਕ ਦੀ ਕਸੌਟੀ 'ਤੇ ਪਰਖਣਾ ਚਾਹੀਦਾ ਹੈ।'

ਸ਼ਹੀਦ ਭਗਤ ਸਿੰਘ

ਪਾਸ਼ ਤੇ ਕਵਿਤਾ

ਪਾਸ਼ ਸਾਡੇ ਸਮਿਆਂ ਦਾ ਵੱਡਾ ਕਵੀ ਹੈ। ਦੇਸ਼ ਦੁਨੀਆਂ ਵਿੱਚ ਆਪਣੀ ਕਵਿਤਾ ਦੇ ਬੁਲੰਦ ਬੋਲਾਂ ਨਾਲ ਜਾਣਿਆ ਜਾਂਦਾ ਹੈ। ਉਹ ਆਪਣੀ ਕਵਿਤਾ ਨਾਲ ਇੱਕ ਮਿੱਕ ਹੋ ਗਿਆ ਹੈ। ਇੱਕ ਪ੍ਰਸ਼ਾਸਨਿਕ ਅਧਿਕਾਰੀ ਆਪਣੀ ਟ੍ਰੇਨਿੰਗ ਦੌਰਾਨ ਗੁਜ਼ਰੇ ਪਲਾਂ ਨੂੰ ਯਾਦ ਕਰਦਿਆਂ ਦਸਦਾ ਹੈ ਕਿ ਦੁਨੀਆਂ ਦੀਆਂ 10 ਪ੍ਰਮੁੱਖ ਯੂਨੀਵਰਸਿਟੀਆਂ ਚੋਂ ਇੱਕ ਜਵਾਹਰ ਲਾਲ ਯੂਨੀਵਰਸਿਟੀ ਦਿੱਲੀ ਦੇ ਮੁੱਖ ਗੇਟ 'ਤੇ ਯੁੱਗ ਪਾਸ਼ ਦੀ ਲਿਖੀ ਕਵਿਤਾ ਹਰੇਕ ਪੰਜਾਬੀ ਪਿਆਰੇ ਲਈ ਮਾਣ ਮੱਤੀ ਗੱਲ ਹੈ। ਰਾਜਧਾਨੀ ਦੇ ਉੱਘੇ ਚਿੰਤਕ ਪ੍ਰੋ. ਅਪੂਰਵਾਨੰਦ ਇਹ ਦੱਸਦਿਆਂ ਕਿ ਇਸ ਯੂਨੀਵਰਸਿਟੀ ਦੇ ਹਰ ਵਿਭਾਗ ਦੀਆਂ ਕੰਧਾਂ ਪਾਸ਼ ਦੀਆਂ ਕਵਿਤਾਵਾਂ ਦੀਆਂ ਟੂਕਾਂ ਨਾਲ ਭਰੀਆਂ ਪਈਆਂ ਹਨ, ਇਸ ਮਾਣ ਨੂੰ ਦੂਣਾ ਚੌਣਾ ਕਰਦੇ ਹਨ। ਉਹਨਾਂ ਅਨੁਸਾਰ ਪਾਸ਼ ਦਾ ਹਿੰਦੀ ਵਿੱਚ ਬਹੁਤ ਵੱਡਾ ਪਾਠਕ ਵਰਗ ਹੈ। ਜਿਹੜਾ ਪਾਸ਼ ਨੂੰ ਆਪਣਾ ਕਵੀ ਸਮਝਦਾ ਹੈ। ਏਸ਼ੀਆ ਦੇ ਵੱਕਾਰੀ ਪੁਰਸਕਾਰ ਜੇਤੂ ਨਾਮਵਰ ਨਿਡਰ, ਬੇਬਾਕ ਪੱਤਰਕਾਰ ਰਵੀਸ਼ ਕੁਮਾਰ ਪਾਸ਼ ਦੀ "ਸਭ ਤੋਂ ਖਤਰਨਾਕ" ਨਾਂ ਦੀ ਪ੍ਰਸਿੱਧ ਕਵਿਤਾ ਨੂੰ ਸੀ.ਬੀ.ਐੱਸ.ਈ. ਦੇ ਸਿਲੇਬਸ ਚੋਂ ਕੱਢੇ ਜਾਣ ਤੇ ਟਿੱਪਣੀ ਕਰਦੇ ਆਖਦੇ ਹਨ, ਕਿ ਪਾਸ਼ ਦੀ ਕਵਿਤਾ ਤੋਂ ਸਰਕਾਰ ਨੂੰ ਇਸ ਲਈ ਡਰ ਲਗਦਾ ਹੈ ਕਿਉਂਕਿ ਉਹ ਜਗਾਉਂਦੀ ਹੈ, ਰਾਹ ਵਿਖਾਉਂਦੀ ਹੈ। ਪਾਸ਼ ਦੀ ਕਵਿਤਾ ਵਿੱਚ ਸੁਪਨੇ ਹਨ, ਪ੍ਰਵਾਜ਼ ਹੈ, ਉੱਠਣ ਲਈ ਪ੍ਰੇਰਨਾ ਹੈ ਤੇ ਜ਼ਿੰਦਗੀ/ਸਮਾਜ ਨੂੰ ਬਦਲਣ ਵਾਲੀ ਚੇਤਨਾ ਦਾ ਚਾਨਣ ਹੈ। ਇਹੋ ਕਲਾ ਦਾ ਧਰਮ ਹੈ।




'ਭਗਤ ਸਿੰਘ ਅੱਜ ਇਕ ਵਿਅਕਤੀ ਨਹੀਂ ਸਗੋਂ ਇਕ ਚਿੰਨ੍ਹ ਬਣ ਗਿਆ ਹੈ। ਉਹ ਇਨਕਲਾਬੀ ਭਾਵਨਾ ਦਾ ਚਿੰਨ੍ਹ ਹੈ, ਜਿਹੜੀ ਸਾਰੇ ਦੇਸ਼ ਵਿੱਚ ਛਾ ਗਈ ਹੈ।'

ਸੁਭਾਸ਼ ਚੰਦਰ ਬੋਸ (ਆਜ਼ਾਦ ਹਿੰਦ ਫੌਜ ਦੇ ਮੁਖੀ)

ਮੇਰੇ ਅੰਦਰ ਅਜੇ ਵੀ ਚਮਕਦੇ ਜੁਗਨੂੰ ਉਮੰਗਾਂ ਦੇ। .... ਅਜੈ ਤਨਵੀਰ

ਯਾਦ ਕਰਦਿਆਂ

'ਕਰਾਮਾਤ'



ਬਾਬੇ ਵੱਲੋਂ ਪੰਜ ਏਕੜ ਸ਼ਾਮਲਾਟ 'ਤੇ ਕਬਜ਼ਾ ਕਰਕੇ ਰਾਹ ਬੰਦ ਕਰਨ ਤੋਂ ਦੁਖੀ ਪਿੰਡ ਦੇ ਮੈਂਬਰ ਪੰਚਾਇਤ ਨੇ ਝਿਜਕਦਿਆਂ ਆਖਿਆ, ਬਾਬਾ ਜੀ, ਹੁਣ ਤੁਸੀਂ ਲੋਕਾਂ ਦੇ ਲੰਘਣ ਲਈ ਬਣੀ ਸੜਕ 'ਤੇ ਵੀ ਕਬਜ਼ਾ ਕਰੀ ਜਾ ਰਹੇ ਓ.. ਲੋਕੀਂ ਭਲਾ ਕਿੱਧਰ ਦੀ ਲੰਘਣ ?

ਭਾਈ ਭਗਤਾ, ਕੇਹੀ ਸ਼ਾਮਲਾਟ, ਕੇਹੀਆਂ ਸੜਕਾਂ.... ਜੇ ਤੂੰ ਸੱਚ ਪੁੱਛੇਂ ਤਾਂ ਇਹ ਸਾਰੀ ਧਰਤੀ ਹੀ ਸਾਡੀ ਐ। ਜਿੱਥੇ ਸਾਡਾ ਦਿਲ ਕਰੂ, ਅਸੀਂ ਉੱਥੇ ਹੀ ਕਬਜ਼ਾ ਕਰ ਲਵਾਂਗੇ। ਕੋਈ ਐਸਾ ਮਾਈ ਦਾ ਲਾਲ ਨੀਂ ਜੰਮਿਆ, ਜਿਹੜਾ ਸਾਨੂੰ ਰੋਕੇ। ਹਰ ਐਤਵਾਰ, ਇੱਕ ਨਹੀਂ, ਅਨੇਕਾਂ ਮੰਤਰੀ ਸਾਡੇ ਚਰਨਾਂ ਵਿੱਚ ਸੀਸ ਝੁਕਾਉਣ ਲਈ ਆਉਂਦੇ ਨੇ। ਵੀਹ ਵੀਹ ਗੱਡੀਆਂ ਦਾ ਕਾਫਲਾ ਹੁੰਦੈ ਉਨ੍ਹਾਂ ਦਾ। ਸੜਕ ਬਾਰੇ ਉਨ੍ਹਾਂ ਨੇ ਤਾਂ ਸਾਨੂੰ ਕਦੀ ਕਿਹਾ ਨਹੀਂ ਤੇ ਤੂੰ ਐਵੇਂ ਬੁੜ੍ਹਕੀ ਜਾਨੈਂ... ਅਖੇ ਤੂੰ ਕੌਣ, ਮੈਂ ਖਾਹ ਮਖਾਹ। ਤੂੰ ਸਾਡੀ ਪਾਵਰ ਬਾਰੇ ਨੀਂ ਜਾਣਦਾ। ਜਾਹ ਜਾ ਕੇ ਆਵਦਾ ਕੰਮ ਕਰ। ਸੰਤਾਂ ਦੀ ਲੀਲ੍ਹਾ ਬਾਰੇ ਐਵੇਂ ਬਾਹਲਾ ਨੀਂ ਬੋਲੀਦਾ।

ਅਜਿਹੇ ਅਖੌਤੀ ਬਾਬੇ ਹਰ ਪਿੰਡ, ਕਸਬੇ ਵਿੱਚ ਬਿਰਾਜਮਾਨ ਹਨ। ਜਿੱਥੇ ਮਨ ਕਰੇ, ਉੱਥੇ ਜਾ ਝੰਡਾ ਗੱਡਦੇ ਹਨ। ਕੋਈ ਰੋਕ ਟੋਕ ਨਹੀਂ। ਹੈ ਨਾ ਸਾਡੇ ਲੋਕਤੰਤਰ ਦੀ ਕਰਾਮਾਤ ..? ਨਾਲ਼ੇ ਤੁਹਾਨੂੰ ਇਨ੍ਹਾਂ ਦੇ ਪਿੱਛੇ ਮੌਜੂਦ ਹੱਥ ਦਾ ਤਾਂ ਪਤਾ ਲੱਗ ਹੀ ਗਿਆ ਹੋਊ...... ਮੰਤਰੀ ਘਰ ਦਾ ਹੈ।

ਪ੍ਰਿੰਸੀਪਲ ਬਲਦੇਵ ਸਿੰਘ ਆਜ਼ਾਦ

("ਗੋਡੇ ਘੁੱਟ ਤੇ ਮੌਜਾਂ ਲੁੱਟ" ਪੁਸਤਕ 'ਚੋਂ)


*****

ਮਾਲਾ ਮਣਕੇ

ਚੇਤਨਾ ਦੇ ਸੂਹੇ ਫੁੱਲ ਖਿੜਾਉਣ ਵਾਲ਼ੀਆਂ ਪੁਸਤਕਾਂ ਹੀ ਤਾਂ ਹਨ। ਜਦ ਕੋਈ ਨੌਜੁਆਨ ਆਪਣੇ ਮਹਿਬੂਬ ਨਾਇਕ ਸ਼ਹੀਦ ਏ ਆਜ਼ਮ ਦੀ ਜੇਲ੍ਹ ਡਾਇਰੀ ਦੇ ਪੰਨੇ ਪਲਟਦਾ ਹੈ ਤਾਂ ਹੱਕਾਂ ਹਿਤਾਂ ਤੇ ਜੀਣ ਥੀਣ ਦੇ ਸੁਪਨੇ ਉਗਮਦੇ ਹਨ। ਪੜ੍ਹਦਿਆਂ ਸਵੈ ਵਿਕਾਸ ਦਾ ਮਾਰਗ ਨਜ਼ਰ ਆਉਂਦਾ ਹੈ ਤਾਂ ਇਤਿਹਾਸ, ਵਿਗਿਆਨ ਤੇ ਕਲਾ ਸੰਗ ਤੁਰਦੀ ਜ਼ਿੰਦਗੀ ਨਵੀਂ ਦਿਸ਼ਾ ਵੱਲ ਅਹੁਲਦੀ ਹੈ। ਮੈਨੂੰ ਪੁਸਤਕਾਂ ਜ਼ਿੰਦਗੀ ਰੂਪੀ ਹਾਰ ਦੇ ਮਾਲਾ ਮਣਕੇ ਜਾਪਦੀਆਂ ਹਨ। ਜਿੰਨ੍ਹਾਂ ਦੀ ਕਦੇ ਨਾ ਫਿੱਕੀ ਪੈਣ ਵਾਲੀ ਚਮਕ ਗਿਆਨ ਤੇ ਚੇਤਨਾ ਦਾ ਨੂਰ ਹੈ। ਸਾਂਝ, ਸਨੇਹ ਤੇ ਹੋਰਨਾਂ ਲਈ ਜਿਉਣ ਦਾ ਸਬਕ ਹੈ।

*****

ਸਾਡਾ ਨੁਕਸ



ਸਾਡੇ ਮੁਲਕ ਚ ਨੁਕਸ ਹੈ ਕਿ ਅਸੀਂ ਤੰਦਰੁਸਤੀ ਬਾਰੇ ਆਪਣਾ ਗਿਆਨ ਨਹੀਂ ਵਧਾਉਂਦੇ। ਅਸੀਂ ਤੰਦਰੁਸਤੀ ਮੱਥੇ ਟੇਕਿਆਂ ਲੱਭਦੇ ਹਾਂ। ਰੱਬ ਕੋਲ਼ੋਂ ਮੰਗਦੇ ਹਾਂ, ਸੰਤਾਂ ਦੀ ਕਿਰਪਾ ਸਮਝਦੇ ਹਾਂ, ਤਵੀਤਾਂ ਤੇ ਰਸਮਾਂ ਦੇ ਅਧੀਨ ਖਿਆਲ ਕਰਦੇ ਹਾਂ। ਤੰਦਰੁਸਤੀ ਸਿਆਣੀਆਂ ਆਦਤਾਂ ਤੇ ਸਿਆਣੀ ਤਰ੍ਹਾਂ ਖਾਧੀ ਖ਼ੁਰਾਕ ਉੱਤੇ ਨਿਰਭਰ ਕਰਦੀ ਹੈ।

ਗੁਰਬਖਸ਼ ਸਿੰਘ ਪ੍ਰੀਤਲੜੀ

('ਪ੍ਰਸ਼ੰਨ ਲੰਮੀ ਉਮਰ' 'ਚੋਂ)

*****

ਫਿਰਕਾਪ੍ਰਸਤੀ ਦਾ ਚਿਹਰਾ

ਕੇਡਾ ਦੁਖਾਂਤ ਹੈ ਇਸ ਦੇਸ਼ ਦਾ!

ਫਿਰਕਾਪ੍ਰਸਤੀ ਨੇ ਆਪਣਾ ਬਦਸੂਰਤ ਚਿਹਰਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ, ਬਹੁਤ ਬੇਸ਼ਰਮੀ ਨਾਲ। ਦੱਬੇ-ਕੁਚਲੇ, ਗ਼ਰੀਬ-ਗੁਰਬੇ, ਮਜ਼ਲੂਮ ਤੇ ਨਿਤਾਣੇ ਲੋਕ ਆਜ਼ਾਦੀ ਲਈ ਸਹਿਕ ਰਹੇ ਹਨ। ਪਰ ਹਿੰਦੂ ਬਹੁ-ਗਿਣਤੀ ਹਿੰਦੂ ਰਾਜ ਦੀ ਸਥਾਪਨਾ ਲਈ ਆਵਾਜ਼ ਬੁਲੰਦ ਕਰ ਰਹੀ ਹੈ। ਕਿੰਨੇ ਫ਼ਜ਼ੂਲ... ਘਟੀਆ ਤੇ ਖੋਖਲੇ ਵਿਚਾਰ ਹਨ ਉਹਨਾਂ ਦੇ ! ਕੀ ਅਜਿਹੀਆਂ ਫਿਰਕੂ ਸੰਸਥਾਵਾਂ ਕਿਰਤੀ ਸ਼੍ਰੇਣੀ ਦੀਆਂ ਸਮੱਸਿਆਵਾਂ ਦਾ ਹੱਲ ਕਰ ਸਕਣਗੀਆਂ ਕਦੇ ? ਕੀ ਉਹਨਾਂ ਕੋਲ ਗ਼ਰੀਬੀ ਤੇ ਬੇਰੁਜ਼ਗਾਰੀ ਦਾ ਕੋਈ ਹੱਲ ਹੈ ? ਸਾਵਰਕਰ ਦੇ ਵਿਚਾਰ ਅਤੇ ਹਿੰਦੂ ਮਹਾਂ ਸਭਾ ਦਾ ਮੁਸਲਿਮ ਵਿਰੋਧੀ ਕੂੜ-ਪ੍ਰਾਚਾਰ ਅਸਲ ਵਿੱਚ ਬਰਤਾਨਵੀ ਹਕੂਮਤ ਨਾਲ ਗੁੱਝਾ ਸਮਝੌਤਾ ਹੈ! ਲਾਹਣਤ ਹੈ ਇਹੋ ਜਿਹੇ ਸਮਝੌਤੇ ਉੱਤੇ !


(ਸੁਭਾਸ਼ ਚੰਦਰ ਬੋਸ ਦੀਆਂ ਸੰਪੂਰਨ ਰਚਨਾਵਾਂ ਦੀ ਤੀਸਰੀ ਜਿਲਦ ਵਿੱਚੋਂ)

ਪੇਸ਼ਕਸ਼ : ਬਖਸ਼ੀਸ਼ ਜੌਹਲ


ਪੜ੍ਹਨਯੋਗ ਪੁਸਤਕਾਂ-9

ਬਾਰ੍ਹਵੀਂ ਫ਼ੇਲ੍ਹ

ਰਾਜਪਾਲ ਸਿੰਘ



ਅਕਸਰ ਇਹ ਕਿਹਾ ਜਾਂਦਾ ਹੈ ਕਿ ਪੰਜਾਬੀ ਨੌਜਵਾਨ ਸਾਹਿਤ ਬਹੁਤ ਘੱਟ ਪੜ੍ਹਦੇ ਹਨ। ਇਹ ਗੱਲ ਕਾਫੀ ਹੱਦ ਤੀਕ ਠੀਕ ਵੀ ਹੈ, ਪਰ ਇਸ ਪਿੱਛੇ ਬਹੁਤ ਸਾਰੇ ਕਾਰਣ ਗਿਣਾਏ ਜਾ ਸਕਦੇ ਹਨ ਜਿਨ੍ਹਾਂ ਵਿਚੋਂ ਇੱਕ ਵੱਡਾ ਕਾਰਣ ਇਹ ਵੀ ਹੈ ਕਿ ਪੰਜਾਬੀ ਵਿੱਚ ਨੌਜਵਾਨਾਂ ਦੀ ਰੁਚੀ ਵਾਲਾ ਸਾਹਿਤ ਬਹੁਤ ਘੱਟ ਰਚਿਆ ਜਾ ਰਿਹਾ ਹੈ। ਅਜਿਹੇ ਸਾਹਿਤ ਦੀ ਬਹੁਤ ਘਾਟ ਹੈ ਜੋ ਨੌਜਵਾਨਾਂ ਦੀਆਂ ਸਮੱਸਿਆਵਾਂ, ਭਾਵਨਾਵਾਂ, ਇੱਛਾਵਾਂ ਆਦਿ ਨੂੰ ਪ੍ਰਗਟ ਕਰਦਾ ਹੋਵੇ, ਉਨ੍ਹਾਂ ਨੂੰ ਚੰਗੇਰੀ ਜ਼ਿੰਦਗੀ ਲਈ ਸੰਘਰਸ਼ ਵਾਸਤੇ ਪ੍ਰੇਰਦਾ ਹੋਵੇ, ਉਨ੍ਹਾਂ ਵਿੱਚ ਲਗਨ, ਸਮਰਪਣ, ਮਿਹਨਤ ਅਤੇ ਸਮਾਜਿਕ ਸੂਝ-ਬੂਝ ਰੱਖਣ ਵਾਲੇ ਗੁਣਾਂ ਨੂੰ ਉਤਸ਼ਾਹਿਤ ਕਰਦਾ ਹੋਵੇ। ਪੰਜਾਬੀ ਨਾਵਲਕਾਰੀ ਵਿੱਚ ਤਾਂ ਇਹ ਘਾਟ ਵਿਸ਼ੇਸ਼ ਤੌਰ ’ਤੇ ਰੜਕਦੀ ਹੈ। ਇਹ ਘਾਟ ਪੂਰੀ ਕਰਨ ਲਈ ਹੁਣ ਦੂਸਰੀਆਂ ਭਾਸ਼ਾਵਾਂ ਵਿੱਚੋਂ ਕੁੱਝ ਲਿਖਤਾਂ ਦਾ ਅਨੁਵਾਦ ਕੀਤਾ ਜਾ ਰਿਹਾ ਹੈ।ਅਜਿਹਾ ਹੀ ਇੱਕ ਨਾਵਲ ਹੈ ‘ਟਵੈਲੱਥ ਫ਼ੇਲ੍ਹ’ ਭਾਵ ਬਾਰ੍ਹਵੀਂ ਫ਼ੇਲ੍ਹ।



ਇਹ ਨਾਵਲ ਲੇਖਕ ਅਨੁਰਾਗ ਪਾਠਕ ਵੱਲੋਂ ਮੂਲ ਰੂਪ ਵਿੱਚ ਹਿੰਦੀ ਵਿੱਚ ਲਿਖਿਆ ਗਿਆ ਹੈ ਜਿਸਦਾ ਪੰਜਾਬੀ ਵਿੱਚ ਬਹੁਤ ਵਧੀਆ ਅਨੁਵਾਦ ਗੁਰਜਿੰਦਰ ਸਿੰਘ ਬੜਾਣਾ ਨੇ ਕੀਤਾ ਹੈ। ਇਹ ਨਾਵਲ ਇੱਕ ਗਰੀਬ ਪਰਿਵਾਰ ਵਿਚੋਂ ਉੱਠ ਕੇ ਆਈ.ਪੀ.ਐੱਸ. ਅਧਿਕਾਰੀ ਬਣਨ ਵਾਲੇ ਮਨੋਜ ਕੁਮਾਰ ਦੇ ਅਸਲ ਜੀਵਨ ਸੰਘਰਸ਼ ਉੱਤੇ ਆਧਾਰਿਤ ਹੈ। ਮਨੋਜ ਬਿਹਾਰ ਦੇ ਇੱਕ ਪਛੜੇ ਇਲਾਕੇ ਵਿੱਚ ਪੈਦਾ ਹੋਇਆ। ਉਹ ਜਿਸ ਸਕੂਲ ਵਿੱਚ ਪੜ੍ਹਦਾ ਹੈ ਉੱਥੇ ਪਾਸ ਹੋਣ ਲਈ ਮਿਹਨਤ ਦੀ ਬਜਾਏ ਨਕਲ ਉੱਤੇ ਵੱਧ ਟੇਕ ਰੱਖੀ ਜਾਂਦੀ ਹੈ। ਮਨੋਜ ਵੀ ਆਪਣੇ ਨਾਲ ਦੇ ਹੋਰ ਮੁੰਡਿਆਂ ਦੀ ਤਰ੍ਹਾਂ ਪੜ੍ਹਾਈ ਵੱਲ ਕੋਈ ਖਾਸ ਤਵੱਜੋਂ ਨਹੀਂ ਦਿੰਦਾ, ਪੜ੍ਹਨ ਦਾ ਦਿਖਾਵਾ ਵੱਧ ਕਰਦਾ ਹੈ। ਘਰ ਦੀ ਆਰਥਿਕ ਹਾਲਤ ਵੀ ਬਹੁਤੀ ਚੰਗੀ ਨਹੀਂ ਕਿਉਂਕਿ ਉਸਦਾ ਪਿਤਾ ਅਧਿਕਾਰੀਆਂ ਦੇ ਗਲਤ ਕੰਮਾਂ ਦਾ ਵਿਰੋਧ ਕਰਦਾ ਹੋਇਆ ਅਕਸਰ ਬਦਲੀਆਂ ਜਾਂ ਮੁਅੱਤਲੀਆਂ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਜਿਸ ਸਾਲ ਮਨੋਜ ਨੇ ਬਾਰ੍ਹਵੀਂ ਜਮਾਤ ਦੇ ਪੇਪਰ ਦੇਣੇ ਹੁੰਦੇ ਹਨ, ਸਕੂਲ ਵਾਲਿਆਂ ਨੇ ਨਕਲ ਕਰਵਾਉਣ ਦੇ ਪੂਰੇ ਪ੍ਰਬੰਧ ਕੀਤੇ ਹੁੰਦੇ ਹਨ ਪਰ ਉਸ ਸਾਲ ਉਸ ਸ਼ਹਿਰ ਵਿੱਚ ਦੁਸ਼ਯੰਤ ਸਿੰਘ ਐੱਸ.ਡੀ.ਐੱਮ. ਵਜੋਂ ਆ ਜਾਂਦਾ ਹੈ ਜੋ ਬਹੁਤ ਅਸੂਲੀ ਆਦਮੀ ਹੈ। ਉਹ ਅਜਿਹੀ ਸਖਤੀ ਕਰਦਾ ਹੈ ਕਿ ਇਮਤਿਹਾਨਾਂ ਵਿੱਚ ਨਕਲ ਨਹੀਂ ਹੋ ਪਾਉਂਦੀ ਜਿਸ ਦੇ ਸਿੱਟੇ ਵਜੋਂ ਹੋਰ ਵਿਦਿਆਰਥੀਆਂ ਦੇ ਨਾਲ ਮਨੋਜ ਵੀ ਫੇਲ੍ਹ ਹੋ ਜਾਂਦਾ ਹੈ।

ਬਾਰ੍ਹਵੀਂ ਵਿੱਚੋਂ ਫੇਲ੍ਹ ਹੋ ਕੇ ਮਨੋਜ ਰੁਜ਼ਗਾਰ ਲਈ ਇੱਕ ਟੈਂਪੂ ਲੈ ਕੇ ਸਵਾਰੀਆਂ ਢੋਣ ਦਾ ਕੰਮ ਸ਼ੁਰੂ ਕਰਦਾ ਹੈ। ਇਸ ਲਈ ਉਸਦੀ ਮਾਤਾ ਆਪਣੇ ਗਹਿਣੇ ਕਿਸੇ ਕੋਲ ਰੱਖ ਕੇ ਪੈਸੇ ਉਧਾਰ ਲੈ ਕੇ ਦਿੰਦੀ ਹੈ। ਉਸ ਦਾ ਸਵਾਰੀਆਂ ਵਾਲਾ ਕੰਮ ਕੁਝ ਦਿਨ ਹੀ ਚਲਦਾ ਹੈ ਕਿਉਂਕਿ ਉਸ ਰੂਟ ਉੱਤੇ ਚੱਲਣ ਵਾਲੀ ਬੱਸ ਦੇ ਮਾਲਕ ਉਸ ਉੱਤੇ ਝੂਠਾ ਕੇਸ ਪੁਆ

ਕੇ ਟੈਂਪੂ ਥਾਣੇ ਬੰਦ ਕਰਵਾ ਦਿੰਦੇ ਹਨ। ਸਰਮਾਏਦਾਰ ਲੋਕ ਆਪਣਾ ਮੁਨਾਫ਼ਾ ਘਟਦਾ ਦੇਖ ਕੇ ਕਿਸ ਤਰ੍ਹਾਂ ਦੀਆਂ ਸਾਜਿਸ਼ਾਂ ਘੜ੍ਹ ਲੈਂਦੇ ਹਨ ਅਤੇ ਪੁਲੀਸ ਵਾਲੇ ਅਤੇ ਹੋਰ ਮਹਿਕਮੇ ਕਿਵੇਂ ਉਨ੍ਹਾਂ ਦਾ ਪੱਖ ਪੂਰਦੇ ਹਨ, ਇਸਦਾ ਬੜਾ ਸਜੀਵ ਵਰਣਨ ਹੈ। ਟੈਂਪੂ ਛੁਡਵਾਉਣ ਲਈ ਮਨੋਜ ਅਤੇ ਉਸਦਾ ਭਰਾ, ਉਸੇ ਐੱਸ.ਡੀ.ਐੱਮ. ਦੁਸ਼ਯੰਤ ਸਿੰਘ ਕੋਲ ਪੇਸ਼ ਹੋਣ ਲਈ ਜਾਂਦੇ ਹਨ ਪਰ ਮਨੋਜ ਉੱਥੇ ਦੁਸ਼ਯੰਤ ਸਿੰਘ ਦੀ ਸ਼ਖਸੀਅਤ ਤੋਂ ਐਨਾ ਪ੍ਰਭਾਵਿਤ ਹੁੰਦਾ ਹੈ ਕਿ ਉਹ ਟੈਂਪੂ ਦੀ ਗੱਲ ਕਰਨ ਦੀ ਬਜਾਏ ਉਸ ਪਾਸੋਂ ਪੜ੍ਹਾਈ ਕਰਕੇ ਕੁੱਝ ਬਣਨ ਦੀ ਪ੍ਰੇਰਨਾ ਲੈ ਕੇ ਵਾਪਸ ਆ ਜਾਂਦਾ ਹੈ।

ਇਸ ਤੋਂ ਬਾਅਦ ਉਹ ਮੁੜ ਪੜ੍ਹਾਈ ਸ਼ੁਰੂ ਕਰਦਾ ਹੈ ਅਤੇ ਬੀ.ਏ. ਕਰਨ ਤੋਂ ਬਾਅਦ ਉਸਦਾ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਅਸਲ ਸੰਘਰਸ਼ ਸ਼ੁਰੂ ਹੁੰਦਾ ਹੈ ਜਿਸ ਵਿੱਚ ਉਹ ਸਫਲ ਵੀ ਹੁੰਦਾ ਹੈ। ਪਰ ਇਹ ਸਫਲਤਾ ਦਾ ਰਾਹ ਐਡਾ ਆਸਾਨ ਨਹੀਂ ਹੁੰਦਾ। ਜਦ ਉਹ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰੀ ਕਰਨ ਲਈ ਦਿੱਲੀ ਜਾਂਦਾ ਹੈ ਤਾਂ ਉੱਥੇ ਉਸ ਨੂੰ ਤਰ੍ਹਾਂ ਤਰ੍ਹਾਂ ਦੇ ਸਾਥੀ ਮਿਲਦੇ ਹਨ, ਜਿਨ੍ਹਾਂ ਵਿਚੋਂ ਕੁੱਝ ਇੱਕ ਦੂਜੇ ਦੀ ਸਹਾਇਤਾ ਕਰਨ ਵਾਲੇ ਹੁੰਦੇ ਹਨ ਅਤੇ ਕੁਝ ਠਿੱਬੀ ਲਾਉਣ ਵਾਲੇ, ਕੁਝ ਮਖੌਲ ਉਡਾਉਣ ਵਾਲੇ ਹੁੰਦੇ ਹਨ।ਉਸਦੀ ਪੜ੍ਹਾਈ ਦਾ ਸਾਧਾਰਣ ਪਿਛੋਕੜ ਅਤੇ ਮਾੜੀ ਆਰਥਿਕ ਹਾਲਤ ਕਦਮ ਕਦਮ ’ਤੇ ਉਸ ਅੱਗੇ ਚੁਣੌਤੀਆਂ ਪੇਸ਼ ਕਰਦੇ ਹਨ। ਪਰ ਉਹ ਇਨ੍ਹਾਂ ਮੁਸ਼ਕਿਲ ਹਾਲਤਾਂ ਨਾਲ ਜੂਝਦਾ ਹੋਇਆ ਅੱਗੇ ਵਧਦਾ ਹੈ, ਕੁਝ ਅਸਫਲਤਾਵਾਂ ਤੋਂ ਬਾਅਦ ਆਖਰ ਸਫਲਤਾ ਦਾ ਝੰਡਾ ਗੱਡਦਾ ਹੈ।

ਇਸ ਉਮਰ ਵਿੱਚ ਪਿਆਰ ਮੁਹੱਬਤ ਹੋਣਾ ਵੀ ਸੁਭਾਵਿਕ ਹੀ ਹੁੰਦਾ ਹੈ ਜੋ ਨੌਜਵਾਨਾਂ ਲਈ ਪ੍ਰੇਰਣਾ ਵੀ ਬਣ ਸਕਦਾ ਹੁੰਦਾ ਹੈ ਅਤੇ ਰਸਤੇ ਤੋਂ ਭਟਕਾਉਣ ਵਾਲਾ ਵੀ। ਨੌਜਵਾਨ ਉਮਰ ਦੇ ਇਹ ਸਾਰੇ ਪੱਖ ਨਾਵਲ ਵਿੱਚ ਬਹੁਤ ਹੀ ਖ਼ੂਬਸੂਰਤ ਅਤੇ ਰੌਚਿਕ ਢੰਗ ਨਾਲ ਪੇਸ਼ ਕੀਤੇ ਗਏ ਹਨ। ਉਸ ਦੀ ਸੂਝ ਦਾ ਵੀ ਵਿਕਾਸ ਹੁੰਦਾ ਜਾਂਦਾ ਹੈ। ਜਦ ਉਹ ਪਹਿਲੀ ਵਾਰ ਬਾਰ੍ਹਵੀਂ ਦੀ ਪ੍ਰੀਖਿਆ ਦੇਣ ਜਾਂਦਾ ਹੈ ਤਾਂ ਉਹ ਹਨੂੰਮਾਨ ਦੀ ਮੂਰਤੀ ਅੱਗੇ ਜਾ ਕੇ ਪ੍ਰਾਰਥਨਾ ਕਰਦਾ ਹੈ ‘ਹੇ ਹਨੂੰਮਾਨ ਜੀ ! ਗਣਿਤ ਵਿਚੋਂ ਬੇੜੀ ਪਾਰ ਲੰਘਾ ਦਿਓ, ਤੁਹਾਡਾ ਹੀ ਆਸਰਾ ਹੈ।’ ਪਰ ਬਾਅਦ ਵਿੱਚ, ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਦੌਰਾਨ ਉਹ ਮੰਦਰ ਵਿੱਚ ਪ੍ਰਾਰਥਨਾ ਕਰਨ ਦੀ ਬਜਾਏ ਸੰਕਲਪ ਲੈਂਦਾ ਹੈ ਕਿ ‘ਭਾਵੇਂ ਕਿਹੋ ਜਿਹੀ ਵੀ ਹਾਲਤ ਆਵੇ ਮੈਂ ਆਪਣਾ ਸੰਘਰਸ਼ ਜਾਰੀ ਰੱਖਾਂਗਾ।’

ਆਲੋਚਨਾਤਮਿਕ ਪੱਖ ਤੋਂ ਕਿਹਾ ਜਾ ਸਕਦਾ ਹੈ ਕਿ ਉਸਦਾ ਸਾਰਾ ਸੰਘਰਸ਼ ਨਿੱਜੀ ਪ੍ਰਾਪਤੀ ਲਈ ਹੁੰਦਾ ਹੈ, ਬਿਹਤਰ ਸਮਾਜ ਲਈ ਨਹੀਂ ਹੁੰਦਾ। ਪਰ ਆਮ ਨੌਜਵਾਨ ਆਪਣੀਆਂ ਪ੍ਰਸਥਿਤੀਆਂ ਤੋਂ ਬਾਹਰ ਨਹੀਂ ਜਾ ਸਕਦਾ ਹੁੰਦਾ। ਨਾਵਲ ਵਿੱਚ ਉਸ ਦੇ ਪਿੰਡ ਅਤੇ ਆਲੇ ਦੁਆਲੇ ਕੋਈ ਅਜਿਹਾ ਸੰਘਰਸ਼ ਨਹੀਂ ਚੱਲ ਰਿਹਾ ਸੀ ਜਿਸ ਤੋਂ ਪਾਸਾ ਵੱਟ ਕੇ ਉਹ ਆਪਣੇ ਨਿੱਜੀ ਜੀਵਨ ਵੱਲ ਮੁੜਿਆ ਹੋਵੇ। ਫਿਰ ਵੀ ਉਸ ਨੂੰ ਜਿੱਥੇ ਵੀ ਕੋਈ ਬੇਇਨਸਾਫ਼ੀ ਖ਼ਿਲਾਫ ਲੜਾਈ ਕਰ ਰਿਹਾ ਦਿਸਦਾ ਹੈ ਉਹ ਉਸ ਦੇ ਹੱਕ ਵਿੱਚ ਹੁੰਦਾ ਹੈ। ਉਸ ਦੀਆਂ ਆਰਥਿਕ ਮੁਸ਼ਕਿਲਾਂ ਦਾ ਕਾਰਣ ਉਸ ਦੇ ਪਿਤਾ ਦਾ ਆਪਣੇ ਮਹਿਕਮੇ ਵਿੱਚ ਹੁੰਦੇ ਭ੍ਰਿਸ਼ਟਾਚਾਰ ਖਿਲਾਫ ਉੱਚ ਅਧਿਕਾਰੀਆਂ ਨਾਲ ਲੜਨ ਕਾਰਣ ਵਾਰ ਵਾਰ ਨੌਕਰੀ ਤੋਂ ਮੁਅੱਤਲ ਹੋਣਾ ਹੁੰਦਾ ਹੈ। ਪਰ ਉਹ ਪੈਸੇ ਵੱਲੋਂ ਬਹੁਤ ਔਖਾ ਹੋਣ ਦੇ ਬਾਵਜੂਦ ਆਪਣੇ ਸੰਕਲਪ ਵਿੱਚ ਕਹਿੰਦਾ ਹੈ ‘ਮੈਨੂੰ ਸਫਲਤਾ ਮਿਲੇ ਨਾ ਮਿਲੇ, ਮੈਂ ਇਮਾਨਦਾਰੀ ਦਾ ਰਾਹ ਕਦੇ ਨਹੀਂ ਛੱਡਾਂਗਾ, ਮੈਂ ਆਪਣੇ ਪਿਤਾ ਜੀ ਦੇ ਸਿਧਾਂਤ ’ਤੇ ਚੱਲਾਂਗਾ।’ ਅਤੇ ਉਸਦਾ ਅਫ਼ਸਰ ਬਣਨ ਦਾ ਸੁਪਨਾ ਵੀ ਇੱਕ ਇਮਾਨਦਾਰ ਅਧਿਕਾਰੀ ਦੁਸ਼ਯੰਤ ਸਿੰਘ ਤੋਂ ਪ੍ਰੇਰਿਤ ਹੋ ਕੇ ਉਸ ਵਾਂਗ ਚੰਗਾ ਕੰਮ ਕਰਨ ਤੋਂ ਪੈਦਾ ਹੋਇਆ ਹੁੰਦਾ ਹੈ।

ਨਾਵਲ ਦਾ ਨਾਇਕ ਜਦ ਅਸਫਲ ਹੁੰਦਾ ਹੈ ਤਾਂ ਉਹ ਆਪਣੀ ਅਸਫਲਤਾ ਨੂੰ ਮਾੜੀ ਕਿਸਮਤ ਦੇ ਸਿਰ ਮੜ੍ਹ ਕੇ ਹਥਿਆਰ ਨਹੀਂ ਸੁੱਟ ਦਿੰਦਾ ਸਗੋਂ ਆਪਣੀਆਂ ਕਮੀਆਂ ਪਛਾਣ ਕੇ ਮੁੜ ਕੋਸ਼ਿਸ਼ ਕਰਦਾ ਹੈ। ਉਹ ਅਸਫਲ ਹੋ ਕੇ ਨਸ਼ਿਆਂ ਦੇ ਰਾਹ ਨਹੀਂ ਪੈਂਦਾ ਅਤੇ ਨਾ ਹੀ ਦੂਸਰਿਆਂ ਨੂੰ ਦੋਸ਼ ਦੇ ਕੇ ਕੋਈ ਬਹਾਨੇਬਾਜੀ ਕਰਦਾ ਹੈ। ਇਸੇ ਥੀਮ ਉੱਤੇ ਜੋਰ ਦੇਣ ਲਈ ਪੁਸਤਕ ਦੇ ਟਾਈਟਲ ਉੱਤੇ ਹੀ ਇੱਕ ਸਤਰ ਲਿਖੀ ਹੋਈ ਹੈ ‘ਹਾਰਿਆ ਉਹ ਜੋ ਲੜ੍ਹਿਆ ਨਹੀਂ’। ਇਸ ਨਾਵਲ ਬਾਰੇ ਪ੍ਰਸਿੱਧ ਫਿਲਮ ਨਿਰਦੇਸ਼ਕ ਅਨੁਰਾਗ ਕਸ਼ਯਪ ਟਿੱਪਣੀ ਕਰਦਾ ਹੈ ‘ਇਹ ਨਾਵਲ ਵਿਸ਼ਵਾਸ ਦਿਵਾਉਂਦਾ ਹੈ ਕਿ ਜੇਕਰ ਤੁਸੀਂ ਸੱਚੀਂ ਕੁਝ ਕਰਨਾ ਚਾਹੁੰਦੇ ਹੋ ਤਾਂ ਜਰੂਰ ਕਰ ਸਕਦੇ ਹੋ।’ ਸੋ ਇਹ ਨਾਵਲ ਹਰ ਵਿਦਿਆਰਥੀ ਲਈ ਬਹੁਤ ਹੀ ਪ੍ਰੇਰਨਾ ਦੇਣ ਵਾਲਾ ਹੈ। ਹਰ ਸੂਝਵਾਨ ਮਾਪੇ ਲਈ ਆਪਣੇ ਬੱਚੇ ਨੂੰ ਪੜ੍ਹਾਉਣ ਵਾਲੀ ਲਿਖਤ ਹੈ। ਇਸ ਨੂੰ ਪ੍ਰਕਾਸ਼ਕ ਪੀਪਲਜ਼ ਫੋਰਮ ਪਾਸੋਂ ਜਾਂ ਤਰਕਸ਼ੀਲ ਸਾਹਿਤ ਵੈਨ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

98767-10809

ਤਰਕ ਦੇ ਮੋਤੀ

ਗੁਰਚਰਨ ਸਿੰਘ ਨੂਰਪੁਰ



ਜ਼ਿੰਦ.ਗੀ ਇੱਕ ਸੰਘਰਸ਼ ਹੈ। ਮੰਜ਼ਿਲ ਦੇ ਮਾਰਗ 'ਤੇ ਤੁਰਦਿਆਂ ਔਕੜਾਂ ਰਾਹ ਰੋਕਦੀਆਂ ਹਨ। ਗਿਆਨ, ਚੇਤਨਾ ਤੇ ਸੂਝ ਮਨੁੱਖ ਨੂੰ ਸਾਬਤ ਕਦਮੀਂ ਤੋਰਦੇ ਹਨ। ਜ਼ਿੰਦਗੀ ਦੀ ਮਾਲਾ ਵਿੱਚ ਸੁਹਜ ਸਿਆਣਪ ਦੇ ਮੋਤੀ ਜੜ੍ਹਨ ਲਈ ਇਹ ਨਵਾਂ ਕਾਲਮ ਸ਼ੁਰੂ ਕਰ ਰਹੇ ਹਾਂ। ਜਿਹੜਾ ਉਤਸ਼ਾਹ, ਜਜ਼ਬੇ ਤੇ ਸੁਪਨਿਆਂ ਨੂੰ ਨਵੀਂ ਦਿਸ਼ਾ ਦੇਵੇਗਾ।
...ਅਦਾਰਾ

ਦੁਨੀਆਂ ਦੇ ਜਿਹੜੇ ਖਿੱਤਿਆਂ ਵਿੱਚ ਧਰਮ-ਕਰਮ ਦੇ ਕਰਮਕਾਂਡ ਜਿਆਦਾ ਹੁੰਦੇ ਹਨ ਉੱਥੇ ਗਰੀਬੀ ਜਹਾਲਤ ਅਤੇ ਮੰਦਹਾਲੀ ਵੀ ਵਧੇਰੇ ਹੁੰਦੀ ਹੈ।

ਵਿਸ਼ਵਾਸ਼ ਨਾਮ ਦੇ ਇੱਕੋ ਇੱਕ ਸ਼ਬਦ ਵਿੱਚ ਦੁਨੀਆਂ ਭਰ ਦੇ ਧਰਮਾਂ ਨੂੰ ਚਲਦਾ ਰੱਖਣ ਦਾ ਰਹੱਸ ਛੁਪਿਆ ਹੋਇਆ ਹੈ।

ਸਰੀਰਕ ਸੁਖ ਅਸੀਂ ਪੈਸਿਆਂ ਨਾਲ ਖਰੀਦਦੇ ਹਾਂ ਪਰ ਇਹਨਾਂ ਨਾਲ ਮਾਨਸਿਕ ਪਰੇਸ਼ਾਨੀਆਂ ਮੁਫ਼ਤ ਵਿੱਚ ਮਿਲ ਜਾਂਦੀਆਂ ਹਨ।

ਜੇਕਰ ਤੁਸੀਂ ਗਲਤ ਨੂੰ ਗਲਤ ਅਤੇ ਠੀਕ ਨੂੰ ਠੀਕ ਕਹਿਣ ਦੀ ਜੁਅੱਰਤ ਨਹੀਂ ਰੱਖਦੇ ਤਾਂ ਇਹਦਾ ਮਤਲਬ ਹੈ ਕਿ ਤੁਸੀਂ ਉਦੇਸ਼ਹੀਣ ਜ਼ਿੰਦਗੀ ਜੀਅ ਰਹੇ ਹੋ।

ਹਰ ਮਨੁੱਖ ਨੂੰ ਹਰ ਉਮਰ ਵਿੱਚ ਹੋਰ ਗਿਆਨਵਾਨ ਹੋਣ ਦੀ ਜਰੂਰਤ ਰਹਿੰਦੀ ਹੈ।

ਗਲਤੀਆਂ ਨੇਤਾ ਕਰਦੇ ਹਨ ਪਰ ਇਹਦਾ ਖਮਿਆਜਾ ਜਨਤਾ ਭੁਗਤਦੀ ਹੈ ਇਸ ਨਾਮੁਰਾਦ ਵਰਤਾਰੇ ਦਾ ਨਾਮ ਰਾਜਨੀਤੀ ਹੈ।

ਗ੍ਰੰਥਾਂ ਸ਼ਾਸ਼ਤਰਾਂ ਅਨੁਸਾਰ ਸਰੀਰ ਨਾਸ਼ਵਾਨ ਹੈ, ਆਤਮਾ ਅਮਰ ਹੈ, ਤਾਂ ਫਿਰ ਮੁਕਤੀ ਕਿਸ ਗੱਲ ਦੀ? ਯੱਗ ਹਵਨ ਪਾਠ ਪੂਜਾ ਦਾ ਕੀ ਅਰਥ?

ਕਾਮ, ਕਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗਣ ਦੀਆਂ ਅਰਦਾਸਾਂ ਮਨੁੱਖ ਸੈਕੜੇ ਸਾਲਾਂ ਤੋਂ ਕਰ ਰਿਹਾ ਪਰ ਇਹਦੇ ਵਿੱਚ ਸਫਲਤਾ ਹਾਸਲ ਨਹੀਂ ਕੀਤੀ ਜਾ ਸਕੀ ਅਤੇ ਨਾ ਹੀ ਕਦੇ ਕੀਤੀ ਜਾ ਸਕੇਗੀ।

ਮਨੁੱਖ ਜ਼ਿਹਨੀ ਤੌਰ 'ਤੇ ਬਦਲ ਰਿਹਾ ਹੈ, ਇਸ ਦੇ ਅੰਦਰੋਂ ਸਹਿਜਤਾ ਹੌਲੀ-ਹੌਲੀ ਖਤਮ ਹੋ ਰਹੀ ਹੈ, ਸ਼ਾਜਸ਼ੀ ਪ੍ਰਵਿਰਤੀ ਭਾਰੂ ਹੋ ਰਹੀ ਹੈ।

ਕੁਝ ਕਿਤਾਬਾਂ ਇੰਨੀਆਂ ਵਧੀਆ ਹੁੰਦੀਆਂ ਹਨ ਕਿ ਤੁਸੀਂ ਆਪਣੇ ਹਰ ਦੋਸਤ ਨੂੰ ਪੜਾਉਣਾ ਚਾਹੁੰਦੇ ਹੋ ਪਰ ਕੁਝ ਕਿਤਾਬਾਂ ਅਜਿਹੀਆਂ ਵੀ ਹੁੰਦੀਆਂ ਹਨ ਜੋ ਪੜ੍ਹਨ ਪਿਛੋਂ ਛੁਪਾ ਲੈਣ ਨੂੰ ਜੀ ਕਰਦਾ ਹੈ ਕਿਤੇ ਕੋਈ ਮੰਗ ਨਾ ਲਵੇ।

ਧਰਤੀ ਦਾ ਹਰ ਜਰ੍ਹਾ ਵਿਕਾਸ ਕਰ ਰਿਹਾ ਹੈ, ਮਨੁੱਖ ਕਾਹਲੀ-ਕਾਹਲੀ ਵਿਕਾਸ ਦੀ ਪੌੜੀਆਂ ਚੜ੍ਹ ਰਿਹਾ ਹੈ ਫਿਰ ਵਿਚਾਰਾਂ ਦਾ ਵਿਕਾਸ ਕਿਉਂ ਨਹੀਂ!

ਜਦੋਂ ਗਲੈਲੀਓ ਨੇ ਕਿਹਾ ਕਿ ਸੂਰਜ ਨਹੀਂ ਬਲਕਿ ਧਰਤੀ ਘੁੰਮ ਰਹੀ ਹੈ ਤਾਂ ਸਮੇਂ ਦੇ ਮਜਹਬੀ ਆਗੂਆਂ ਨੇ ਕਿਹਾ "ਮੂਰਖ! ਧਰਮ ਗ੍ਰੰਥਾਂ ਵਿੱਚ ਲਿਖੀਆਂ ਗੱਲਾਂ ਵੀ ਗਲਤ ਹੋਈਆਂ ਨੇ ਕਦੇ?" ਉਹਨਾਂ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਸੱਚ ਦੇਰ ਸਵੇਰ ਜਰੂਰ ਪ੍ਰਗਟ ਹੁੰਦਾ ਹੈ। ਸੱਚ ਨੂੰ ਬਹੁਤੀ ਦੇਰ ਤਕ ਦਬਾਇਆ ਨਹੀਂ ਜਾ ਸਕਦਾ।

ਤੁਸੀਂ ਜਿੱਥੇ 90-100 ਦੀ ਸਪੀਡ 'ਤੇ ਗੱਡੀ ਚਲਾ ਰਹੇ ਹੋ ਕਿਆਸ ਕਰਨਾ ਕਿਸੇ ਸਮੇਂ ਇੱਥੇ ਸੜਕ ਨਹੀਂ ਸਿਰਫ ਰਾਹ ਸੀ ਅਤੇ ਉਸ ਤੋਂ ਕੁੱਝ ਸਮਾਂ ਪਹਿਲਾਂ ਰਾਹ ਵਾਲੀ ਥਾਂ 'ਤੇ ਸਿਰਫ ਡੰਡੀ ਹੁੰਦੀ ਸੀ।

ਅੰਧਵਿਸ਼ਵਾਸ਼ ਇੱਕ ਸਮਾਜਿਕ ਰੋਗ ਹੈ ਜੋ ਛੂਤ ਦੇ ਰੋਗਾਂ ਵਾਂਗ ਫੈਲਦਾ ਹੈ। ਅਰਦਾਸਾਂ ਰਾਹੀਂ ਰੱਬ ਦੁਆਰਾ ਕੀਤੇ ਅਤੇ ਨਾ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਉਹਨੂੰ ਯਾਦ ਕਰਾਇਆ ਜਾਂਦਾ ਹੈ।

ਬਾਕੀ ਪੰਨਾ 34 'ਤੇ

ਵਿਸ਼ੇਸ਼ ਰਿਪੋਰਟ

ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਰੋਹ :2023

ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 21ਵੀਂ ਬਰਸੀ 'ਤੇ ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਰੋਹ 12 ਫਰਵਰੀ 2023 ਨੂੰ ਤਰਕਸ਼ੀਲ ਭਵਨ ਵਿਖੇ ਹੋਇਆ ਜਿਸ ਵਿੱਚ ਰਾਜ ਭਰ ਦੀਆਂ ਤਰਕਸ਼ੀਲ ਇਕਾਈਆਂ ਦੇ ਕਾਰਕੁੰਨ ਸ਼ਾਮਲ ਹੋਏ। ਇਸ ਮੌਕੇ ਤਰਕਸ਼ੀਲ ਕਾਫ਼ਲੇ 'ਚੋਂ ਵਿਛੜੇ ਹੋਰ ਤਰਕਸ਼ੀਲ ਆਗੂ ਸਾਥੀਆਂ ਨੂੰ ਵੀ ਯਾਦ ਕੀਤਾ ਗਿਆ।

ਆਮਦ:

ਸਵੇਰ ਤੋਂ ਹੀ ਸਮਾਰੋਹ ਵਿੱਚ ਤਰਕਸ਼ੀਲ ਸਨੇਹੀਆਂ ਦੀ ਆਮਦ ਸ਼ੁਰੂ ਹੋ ਗਈ। ਚਾਹ ਪਾਣੀ ਪੀਂਦੇ ਤਰਕਸ਼ੀਲ ਸਨੇਹੀ ਭਵਨ ਦੇ ਵਿਹੜੇ ਵਿੱਚ ਖੜੀ ਤਰਕਸ਼ੀਲ ਸਾਹਿਤ ਵੈਨ ਵਿਚਲੀਆਂ ਪੁਸਤਕਾਂ ਵਾਚਦੇ ਨਜ਼ਰ ਆਏ। ਦੋ ਦਹਾਕਿਆਂ ਤੋਂ ਆਪਣੇ ਮਰਹੂਮ ਨਾਇਕ ਦੀ ਯਾਦ ਵਿੱਚ ਜੁੜਦੇ, ਮਿਲ ਬੈਠਦੇ ਤੇ ਵਿਚਾਰ ਚਰਚਾ ਕਰਦੇ ਸੁਹਿਰਦ ਤਰਕਸ਼ੀਲ ਕਾਮਿਆਂ ਦਾ ਇਹ ਉੱਦਮ ਮੰਜ਼ਿਲ ਵੱਲ ਤੁਰਦੇ ਰਹਿਣ ਦਾ ਪ੍ਰਤੀਕ ਬਣਿਆ ਜਾਪ ਰਿਹਾ ਸੀ।

ਪਹਿਲਾ ਸ਼ੈਸ਼ਨ:

ਸੈਮੀਨਾਰ ਹਾਲ ਵਿੱਚ ਮਿਥੇ ਸਮੇਂ 'ਤੇ ਸਮਾਰੋਹ ਆਰੰਭ ਹੋਇਆ। ਮੰਚ ਤੋਂ ਕ੍ਰਿਸ਼ਨ ਬਰਗਾੜੀ ਦੀ ਜੀਵਨ ਘਾਲਣਾ ਤੇ ਤਰਕਸ਼ੀਲ ਲਹਿਰ ਪ੍ਰਤੀ ਪ੍ਰਤੀਬੱਧਤਾ ਦਾ ਜ਼ਿਕਰ ਹੋਇਆ। ਉਨ੍ਹਾਂ ਵੱਲੋਂ ਆਪਣੇ ਜੀਵਨ ਦੇ ਛੋਟੇ ਕਾਰਜਕਾਲ ਵਿੱਚ ਕੀਤੇ ਵੱਡੇ ਕਾਰਜਾਂ ਤੇ ਪਾਈਆਂ ਪੈੜਾਂ ਦੀ ਚਰਚਾ ਹੋਈ। ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਕੱਤਰ ਬਲਦੇਵ ਰਹਿਪਾ ਨੇ ਸਮਾਰੋਹ ਵਿੱਚ ਬੋਲਦਿਆਂ ਆਖਿਆ ਕਿ ਆਪਣਾ ਸਮੁੱਚਾ ਜੀਵਨ ਵਿਗਿਆਨਕ ਚੇਤਨਾ ਦੇ ਲੇਖੇ ਲਾਉਣ ਵਾਲੇ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ ਜੀਵਨ ਘਾਲਣਾ ਚੇਤਨਾ ਤੇ ਪ੍ਰੇਰਨਾ ਦਾ ਸੋਮਾ ਹੈ ਜਿਸ 'ਤੇ ਚਲਦਿਆਂ ਭਰਮ ਮੁਕਤ ਸਮਾਜ ਤੇ ਸਾਵੇਂ ਸੁਖਾਵੇਂ ਸਮਾਜ ਦੀ ਸਿਰਜਣਾ ਸੰਭਵ ਹੈ। ਉਨ੍ਹਾਂ ਆਖਿਆ ਕਿ ਕ੍ਰਿਸ਼ਨ ਵੱਲੋਂ ਸਦਾ ਲਈ ਤੁਰ ਜਾਣ ਤੋਂ ਪਹਿਲਾਂ ਆਪਣੇ ਸਰੀਰ ਦੀ ਖ਼ੋਜ ਕਾਰਜਾਂ ਲਈ ਕੀਤੀ ਵਸੀਅਤ ਹੁਣ ਸਮਾਜ ਦੇ ਭਲੇ ਦੀ ਪਿਰਤ ਬਣ ਗਈ ਹੈ। ਉਨ੍ਹਾਂ ਕਿਹਾ ਕਿ ਚੇਤਨਾ ਦਾ ਚਾਨਣ ਵੰਡਣਾ ਕ੍ਰਿਸ਼ਨ ਬਰਗਾੜੀ ਦੀ ਵਿਰਾਸਤ ਹੈ। ਸਮਾਰੋਹ ਵਿੱਚ ਬੋਲਦਿਆਂ ਕੈਨੇਡੀਅਨ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਬਾਈ ਅਵਤਾਰ ਗਿੱਲ ਨੇ ਆਖਿਆ ਕਿ ਕ੍ਰਿਸ਼ਨ ਦਾ ਜੀਵਨ ਲੋਕਾਂ ਨੂੰ ਸਮਰਪਿਤ ਜ਼ਿੰਦਗੀ ਦੀ ਉੱਤਮ ਮਿਸਾਲ ਹੈ। ਜਿਸ ਵਿੱਚ ਉਸ ਦੀ ਮਿਸਾਲੀ ਪ੍ਰਤੀਬੱਧਤਾ ਤੇ ਉਚੇਰੇ ਆਦਰਸ਼ ਸ਼ਾਮਲ ਹਨ। ਉਨ੍ਹਾਂ ਕੈਨੇਡਾ ਵਿੱਚ ਕੀਤੀਆਂ ਜਾਂਦੀਆਂ ਤਰਕਸ਼ੀਲ ਸਰਗਰਮੀਆਂ ਤੇ ਪ੍ਰਾਪਤੀਆਂ ਦਾ ਜ਼ਿਕਰ ਵੀ ਕੀਤਾ।



ਯਾਦਗਾਰੀ ਸਨਮਾਨ :

ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਉੱਘੇ ਸਮਾਜਿਕ ਕਾਰਕੁੰਨ ਤੇ ਚੇਤਨਾ ਨੂੰ ਪ੍ਰਣਾਈ ਸ਼ਖਸ਼ੀਅਤ ਨਿਰਮਲ ਸਿੰਘ ਸੰਘਾ ਨੇ ਹਾਸਲ ਕਰਨਾ ਸੀ। ਉਨ੍ਹਾਂ ਦੀਆਂ ਲੋਕ ਪੱਖੀ ਸਰਗਰਮੀਆਂ ਤੇ ਸਾਹਿਤਕ ਦੇਣ ਦਾ ਜ਼ਿਕਰ ਸੁਖਵਿੰਦਰ ਬਾਗਪੁਰ ਨੇ ਕੀਤਾ। ਉਨ੍ਹਾਂ ਇਸ ਅਜ਼ੀਮ ਸ਼ਖਸ਼ੀਅਤ ਦੀ ਆਪਣੀ ਜੰਮਣ ਭੋਇੰ, ਆਪਣੇ ਪੰਜਾਬ, ਵਾਤਾਵਰਣ ਤੇ ਸੱਭਿਆਚਾਰ ਨਾਲ ਦਿਲੀ ਸਾਂਝ ਤੇ ਸਮਰਪਣ ਭਾਵਨਾ 'ਤੇ ਚਰਚਾ ਛੇੜੀ। ਨਿਰਮਲ ਸਿੰਘ ਸੰਘਾ ਦੀ ਗ਼ੈਰ ਮੌਜੂਦਗੀ ਉਨ੍ਹਾਂ ਦੇ ਪਰਿਵਾਰਕ ਸਨੇਹੀ ਡਾ.ਰਾਮ ਮੂਰਤੀ ਨੇ ਸਨਮਾਨ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਤਰੰਨਮ ਵਿੱਚ ਆਪਣੀ ਖ਼ੂਬਸੂਰਤ ਗਜ਼ਲ "**ਜੰਮ ਗਈ ਧੂੜ ਕਿਤਾਬਾਂ ਉੱਤੇ**" ਵੀ ਪੇਸ਼ ਕੀਤੀ।

ਇਸ ਮੌਕੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਵੈੱਬਸਾਈਟ ਤਿਆਰ ਕਰਨ ਵਾਲੀ ਦਸਵੀਂ ਕਲਾਸ ਦੀ ਹੋਣਹਾਰ ਵਿਦਿਆਰਥਣ ਅੰਸ਼ਿਕਾ ਰਾਮਪੁਰਾ(ਪੁੱਤਰੀ ਗਗਨ ਤੇ ਚਾਂਦ ਬਾਲਾ ਰਾਮਪੁਰਾ)ਦਾ ਸਨਮਾਨ ਕੀਤਾ ਗਿਆ।ਚੇਤਨਾ ਪ੍ਰੀਖਿਆ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵੈੱਬ ਸਾਈਟ ਦਾ ਅਹਿਮ ਰੋਲ ਰਿਹਾ। ਇਸ ਮੌਕੇ ਬੋਲਦਿਆਂ ਅੰਸ਼ਿਕਾ ਨੇ ਆਪਣੇ ਤਜਰਬੇ ਸਾਂਝੇ ਕੀਤੇ ਤੇ ਭਵਿੱਖ ਵਿੱਚ ਤਰਕਸ਼ੀਲ ਚੇਤਨਾ ਦੇ ਪ੍ਰਚਾਰ ਪਾਸਾਰ ਲਈ ਕੰਮ ਕਰਦੇ ਰਹਿਣ ਦਾ ਵਿਸ਼ਵਾਸ ਦਿਵਾਇਆ।

ਦੂਸਰਾ ਸ਼ੈਸ਼ਨ: ਵਿਚਾਰ ਚਰਚਾ:

ਸਮਾਰੋਹ ਦੇ ਦੂਸਰੇ ਸ਼ੈਸ਼ਨ ਵਿੱਚ ਉੱਘੇ ਜਰਨਲਿਸਟ

ਹਮੀਰ ਸਿੰਘ ਨੇ ਅਜੋਕੇ ਦੌਰ ਵਿੱਚ ਮੀਡੀਆ ਦੇ ਰੋਲ ਬਾਰੇ ਭਾਵਪੂਰਤ ਤੇ ਮੁੱਲਵਾਨ ਚਰਚਾ ਕੀਤੀ। ਉਨ੍ਹਾਂ ਆਖਿਆ ਕਿ ਮੀਡੀਆ ਤੇ ਰਾਜ ’ਤੇ ਕਾਰਪੋਰੇਟ ਦਾ ਹੋਇਆ ਕਬਜ਼ਾ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹੈ। ਉਨ੍ਹਾਂ ਦੇਸ਼ ਦੇ ਮੀਡੀਏ ਉੱਪਰ ਕੇਂਦਰੀ ਹਕੂਮਤ ਵੱਲੋਂ ਬਣਾਈ ਜਕੜ ਤੇ ਤੱਥਾਂ ਸਮੇਤ ਚਰਚਾ ਕੀਤੀ। ਉਨ੍ਹਾਂ ਚੌਥੇ ਥੰਮ ਨੂੰ ਬਚਾਉਣ ਲਈ ਸਮਾਜ ਦਾ ਭਲਾ ਲੋਚਦੇ ਲੋਕਾਂ ਨੂੰ ਸਿਰ ਜੋੜ ਕੇ ਬੈਠਣਾ ਚਾਹੀਦਾ ਹੈ। ਇਸ ਮੁੱਦੇ ’ਤੇ ਸਾਹਿਤ ਵਿਭਾਗ ਦੇ ਮੁਖੀ ਰਾਜਪਾਲ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਉਨ੍ਹਾਂ ਆਖਿਆ ਕਿ ਉਠਾਏ ਗਏ ਮੁੱਦੇ ਗੰਭੀਰ ਸੁਆਲ ਖੜ੍ਹੇ ਕਰਦੇ ਹਨ। ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਹੇਮ ਰਾਜ ਸਟੈਨੋ ਨੇ ਸਮਾਰੋਹ ਦੀ ਸਫਲਤਾ ਲਈ ਰਾਜ ਭਰ ਤੋਂ ਆਏ ਤਰਕਸ਼ੀਲ ਕਾਰਕੁਨਾਂ ਦਾ ਧੰਨਵਾਦ ਕੀਤਾ। ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਰਾਜਿੰਦਰ ਭਦੌੜ, ਬਲਬੀਰ ਲੌਂਗੋਵਾਲ, ਗੁਰਪ੍ਰੀਤ ਸ਼ਹਿਣਾ, ਡਾ.ਮਜ਼ੀਦ ਆਜ਼ਾਦ, ਰਾਜੇਸ਼ ਅਕਲੀਆ, ਜੁਝਾਰ ਲੌਂਗੋਵਾਲ ਆਦਿ ਸੂਬਾਈ ਆਗੂਆਂ ਤੋਂ ਇਲਾਵਾ ਪ੍ਰੇਮ ਸਮਾਲਸਰ, ਇਕੱਤਰ ਸੋਢੀ ਯੂ.ਐੱਸ.ਏ. ਮਾਸਟਰ ਰਾਮ ਕੁਮਾਰ ਭਦੌੜ, ਰਾਜਿੰਦਰ ਕੌਰ ਬਰਗਾੜੀ, ਜਰਨੈਲ ਕ੍ਰਾਂਤੀ, ਗੁਰਮੀਤ ਖਰੜ, ਅਸ਼ੋਕ ਕੁਮਾਰ ਰੋਪੜ, ਰਾਮ ਸਿੰਘ ਨਿਰਮਾਣ, ਮਨਜੀਤ ਸਿੰਘ ਮਲਸੀਆਂ, ਜੋਗਿੰਦਰ ਕੁੱਲੇਵਾਲ ਆਦਿ ਤਰਕਸ਼ੀਲ ਆਗੂ ਵੀ ਮੌਜੂਦ ਸਨ। ਸਮਾਰੋਹ ਦੌਰਾਨ ਤਰਕਸ਼ੀਲ ਟੀ.ਵੀ. ਤੇ ਸ਼ੋਸ਼ਲ ਮੀਡੀਆ ਲਈ ਕਵਰੇਜ ਦੀ ਜ਼ਿੰਮੇਵਾਰੀ ਡਾ. ਮਜ਼ੀਦ ਆਜ਼ਾਦ ਨੇ ਨਿਭਾਈ ਤੇ ਮੰਚ ਸੰਚਾਲਨ ਰਾਮ ਸਵਰਨ ਲੱਖੇਵਾਲੀ ਨੇ ਕੀਤਾ।

ਪੰਨਾ 32 ਦਾ ਬਾਕੀ (ਤਰਕ ਦੇ ਮੋਤੀ)

ਅਸੀਂ ਸਰੀਰਕ ਮਿਹਨਤ ਦੇ ਨਾਲ ਨਾਲ ਹੁਣ ਦਿਮਾਗੀ ਮਿਹਨਤ ਕਰਨੀ ਵੀ ਛੱਡ ਰਹੇ ਹਾਂ, ਇਸੇ ਕਰਕੇ ਸੈਲਫਾਂ ’ਤੇ ਪਈਆਂ ਕਿਤਾਬਾਂ ਉਦਾਸ ਹਨ। ਅਸੀਂ ਵਿਕਾਸ ਕਰ ਰਹੇ ਹਾਂ ਪਰ ਸਮੱਸਿਆਵਾਂ, ਮੁਸੀਬਤਾਂ, ਮਾਨਸਿਕ ਵਿਕਾਰ ਵੱਧ ਰਹੇ ਹਨ।

ਮਨੁੱਖ ਦਾ ਭੂਤਕਾਲ ਕੋਈ ਬਾਹਲਾ ਮਾਣ ਕਰਨਯੋਗ ਨਹੀਂ ਹੈ ਵਰਤਮਾਨ ਮੁਸ਼ਕਲਾਂ ਭਰਿਆ ਹੈ ਭਵਿੱਖ ਬਾਰੇ ਅਕਸਰ ਭਵਿੱਖਬਾਣੀਆਂ ਹੁੰਦੀਆਂ ਹਨ ਕਿ ਉਹ ਬੜਾ ਖਤਰਨਾਕ ਹੈ।

ਵਿਕਾਸ ਦੇ ਇਸ ਦੌਰ ਦੀ ਸਿਤਮਜ਼ਰੀਫੀ ਦੇਖੋ– ਕਈ ਅਜਿਹੇ ਪੰਛੀ ਹਨ ਜਿਹਨਾਂ ਲਈ ਘਰ ਬਣਾਉਣ ਦਾ ਸਮਾਨ ਹੀ ਨਹੀਂ ਬਚਿਆ। **-98550-51099**

ਮਾਘੀ ਮੇਲਾ ਮੁਕਤਸਰ 2023 ਦਾ ਤਿੰਨ ਰੋਜ਼ਾ ਤਰਕਸ਼ੀਲ ਨਾਟ ਮੇਲਾ

ਮਾਘੀ ਮੇਲੇ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ, ਜ਼ੋਨ ਮੁਕਤਸਰ ਫਾਜ਼ਿਲਕਾ ਵੱਲੋਂ 14, 15, 16 ਜਨਵਰੀ ਨੂੰ ਕਰਵਾਏ ਗਏ ਲੋਕ ਨਾਟ ਮੇਲੇ ਵਿੱਚ ਤਿੰਨੇ ਦਿਨ ਪ੍ਰਸਿੱਧ ਅਦਾਕਾਰ, ਨਾਟਕਕਾਰ ਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਤੇ ਰੰਗਕਰਮੀ ਇਕੱਤਰ ਸਿੰਘ ਵੱਲੋਂ ਖੇਡੇ ਨਾਟਕ ਚਾਨਣ ਬਣ ਬਿਖਰੇ। **“ਧੰਨ ਲੇਖਾਰੀ ਨਾਨਕਾ”**, **“ਲੱਛੂ ਕਬਾੜੀਆ”** ਤੇ **“ਛਿਪਣ ਤੋਂ ਪਹਿਲਾਂ”** ਨਾਟਕਾਂ ਦੇ ਸਫ਼ਲ ਮੰਚਨ ਹੋਏ। ਸਮਾਜ ਵਿੱਚ ਦਰਪੇਸ਼ ਚੁਣੌਤੀਆਂ ਨੂੰ ਕਲਾ ਦੇ ਉੱਚੇ ਮਿਆਰ ਨਾਲ ਲੋਕਾਂ ਸਾਹਵੇਂ ਪੇਸ਼ ਕੀਤਾ ਗਿਆ। ਨਾਟਕਕਾਰ ਨੇ ਸੱਚ ਬੋਲਦੇ ਵਿਦਿਆਰਥੀਆਂ ਤੇ ਜੇਲ੍ਹਾਂ ਵਿੱਚ ਡੱਕੇ ਬੁੱਧੀਜੀਵੀਆਂ ਦਾ ਮੁੱਦਾ ਉਠਾਇਆ। ਨਾਟਕ ਦੀ ਬੁਣਤ ਵਿੱਚ ਏਨੇ ਲੋਕ ਮੁੱਦੇ ਸਮੋਏ ਹੋਏ ਸਨ, ਜਿਹੜੇ ਦਰਸ਼ਕਾਂ ਦਾ ਮਨ ਮਸਤਕ ਰੌਸ਼ਨ ਕਰ ਗਏ। ਜਲ੍ਹਿਆਂ ਵਾਲਾ ਬਾਗ਼, ਦਿੱਲੀ ਦੰਗੇ, ਕੋਵਿਡ ਤੇ ਰਾਜ ਨੇਤਾਵਾਂ ਦੀ ਬਦਨੀਤੀ ਦੇ ਨਾਟਕ ਦੀ ਮਾਲ਼ਾ ਦੇ ਮਣਕੇ ਬਣੇ। ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਜਗਸੀਰ ਜੀਦਾ ਦੀ ਅਗਵਾਈ ਵਿੱਚ ਲੋਕ ਪੱਖੀ ਬੋਲੀਆਂ ਨਾਲ਼ ਹਾਜਰੀ ਲਗਵਾਈ। ਉਨ੍ਹਾਂ ਭਗਤ, ਸਰਾਭਿਆਂ ਤੇ ਦੁੱਲੇ ਭੱਟੀ ਵਾਲ਼ੇ ਪੰਜਾਬ ਦੇ ਜੁਝਾਰੂ ਵਿਰਸੇ ਨੂੰ ਗੀਤਾਂ ਵਿੱਚ ਪਰੋਇਆ ਪਿੰਡਾਲ ਵਿੱਚ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆ ਸੁਸਾਇਟੀ ਦੇ ਸੂਬਾਈ ਆਗੂ ਰਾਜਿੰਦਰ ਭਦੌੜ ਨੇ ਆਖਿਆ ਕਿ ਵਿਗਿਆਨਕ ਚੇਤਨਾ ਵਕਤ ਦੀ ਲੋੜ ਹੈ। ਮੇਲੇ ਵਿੱਚ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਵੀ ਮੇਲੀਆਂ ਨੂੰ ਸੰਬੋਧਨ ਕੀਤਾ। ਸੁਖਦੇਵ ਮਲੂਕਪੁਰੀ ਨੇ ਮੇਲੇ ਵਿੱਚ ਜਾਦੂ ਕਲਾ ਦੀ ਭਾਵਪੂਰਤ ਪੇਸ਼ਕਾਰੀ ਕੀਤੀ। ਲੋਕ ਕਲਾ ਮੰਚ ਜੋਧਪੁਰ ਦੇ ਕਲਾਕਾਰਾਂ ਨੇ ਗੁਰਤੇਜ ਜੋਧਪੁਰ ਦੀ ਨਿਰਦੇਸ਼ਨਾ ਹੇਠ ਕਵੀਸ਼ਰੀ ਤੇ ਕੋਰੀਓਗ੍ਰਾਫੀਆਂ ਦੇ ਰੰਗ ਪੇਸ਼ ਕੀਤੇ। ਮੇਲੇ ਦੀ ਸਫ਼ਲਤਾ ਲਈ ਬਲਦੇਵ ਸਿੰਘ ਲੱਧੂਵਾਲਾ, ਤਜਿੰਦਰ ਸਿੰਘ, ਪਰਮਿੰਦਰ ਖੋਖਰ, ਭੁਪਿੰਦਰ ਵੜਿੰਗ, ਸੰਜੇ ਕੁਮਾਰ, ਜਸਵੰਤ ਸਿੰਘ, ਪ੍ਰਵੀਨ ਜੰਡਵਾਲਾ, ਸੁਰਿੰਦਰ ਗੰਜੂਆਣਾ ਤੇ ਸ਼ਿਵਰਾਜ ਖੁੰਡੇ ਹਲਾਲ ਨੇ ਭਰਵਾਂ ਯੋਗਦਾਨ ਦਿੱਤਾ। ਮੇਲੇ ਵਿੱਚ ਜ਼ੋਨ ਮੁਖੀ ਕੁਲਜੀਤ ਡੰਗਰ ਖੇੜਾ ਤਿੰਨੇ ਦਿਨ ਹਾਜ਼ਰ ਰਹੇ। ਮੰਚ ਸੰਚਾਲਨ ਤੇ ਪੁਸਤਕ ਸਟਾਲ ’ਤੇ ਜਿੰਮੇਵਾਰੀ ਨਿਭਾਈ। ਸੁਰਿੰਦਰ ਗੰਜੂਆਣਾ, ਓਂਕਾਰ ਨਾਥ ਫਾਜ਼ਿਲਕਾ, ਗਣਪਤ ਰਾਮ ਅਬੋਹਰ, ਵਿਨੋਦ ਬਾਰੇਕਾ, ਭਗਤ ਸਿੰਘ ਚਿਮਨੇਵਾਲਾ, ਜਗਦੀਸ਼ ਕਿੱਕਰ ਖੇੜਾ ਆਦਿ ਆਗੂ ਵੀ ਮੇਲੇ ਵਿੱਚ ਹਾਜ਼ਰ ਰਹੇ।

- ਪ੍ਰਵੀਨ ਜੰਡਵਾਲਾ




ਬਾਲ ਪੰਨਾ

-ਬੂਟਾ ਸਿੰਘ ਵਾਕਫ਼



ਐਮਾਜ਼ੋਨ ਵਰਖਾ ਵਣ

ਰੁੱਖ ਜੀਵਨ ਦਾ ਆਧਾਰ ਹਨ। ਅਸੀਂ ਇਸ ਗੱਲ ਤੋਂ ਵੀ ਭਲੀਭਾਂਤ ਜਾਣਦੇ ਹਾਂ ਕਿ ਰੁੱਖ ਧਰਤੀ ਦੇ ਤਾਪਮਾਨ ਦੇ ਅਨੁਕੂਲਣ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹਨ। ਰੁੱਖਾਂ ਕਰਕੇ ਹੀ ਸਾਡੀ ਧਰਤੀ ਹਰੀ ਭਰੀ ਜਾਪਦੀ ਹੈ। ਵਿਸ਼ਾਲ ਜੰਗਲ ਇਸ ਗੱਲ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਐਮਾਜ਼ੋਨ ਜੰਗਲ ਧਰਤੀ ਤੇ ਵਿਸ਼ਾਲ ਖੇਤਰ ਵਿਚ ਫੈਲੇ ਹੋਏ ਜੰਗਲ ਹਨ। ਇਸ ਜੰਗਲ ਨੂੰ ਅਸੀਂ ਵੰਨ ਸੁਵੰਨੇ ਰੁੱਖਾਂ ਦਾ ਘਰ ਵੀ ਆਖਦੇ ਹਾਂ।



ਐਮਾਜ਼ੋਨ ਸੰਸਾਰ ਪ੍ਰਸਿੱਧ ਨਦੀ ਹੈ। ਇਸ ਨਦੀ ਅਤੇ ਇਸ ਦੀਆਂ ਸਹਾਇਕ ਨਦੀਆਂ ਦੁਆਰਾ ਘੇਰੇ ਗਏ ਭੂ-ਭਾਗ ਨੂੰ ਐਮਾਜ਼ੋਨ ਘਾਟੀ ਕਿਹਾ ਜਾਂਦਾ ਹੈ। ਇਹ ਘਾਟੀ ਤਕਰੀਬਨ 70 ਲੱਖ ਵਰਗ ਕਿਲੋਮੀਟਰ ਖੇਤਰ ਵਿਚ ਫੈਲੀ ਹੋਈ ਹੈ। ਇਸ ਪ੍ਰਕਾਰ ਇਹ ਦੱਖਣੀ ਅਮਰੀਕਾ ਮਹਾਂਦੀਪ ਦਾ ਕਰੀਬ 40 ਫੀਸਦੀ ਹਿੱਸਾ ਬਣਦੀ ਹੈ। ਇਸੇ ਖੇਤਰ ਵਿਚ ਪਾਏ ਜਾਣ ਵਾਲੇ ਰੁੱਖਾਂ ਨੂੰ ਐਮਾਜ਼ੋਨ ਵਰਖਾ ਵਣਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਵਰਖਾ ਵਣ ਖੇਤਰ ਐਮਾਜ਼ੋਨ ਘਾਟੀ ਦੇ ਆਲੇ ਦੁਆਲੇ ਫੈਲਿਆ ਹੋਇਆ ਹਰਾ ਭਰਾ ਵਿਸ਼ਾਲ ਵਣ ਖੇਤਰ ਹੈ। ਐਮਾਜ਼ੋਨ ਘਾਟੀ ਦੇ ਕਰੀਬ 55 ਲੱਖ ਵਰਗ ਕਿਲੋਮੀਟਰ ਦੇ ਰਕਬੇ ਵਿਚ ਕੇਵਲ ਵਰਖਾ ਵਣ ਹੀ ਪਾਏ ਜਾਂਦੇ ਹਨ। ਇਸ ਖੇਤਰ ਵਿਚ ਜ਼ਿਆਦਾਤਰ ਚੌੜੇ ਪੱਤਿਆਂ ਵਾਲੇ ਅਤੇ ਨਮੀ ਨੂੰ ਸਾਂਭ ਕੇ ਰੱਖਣ ਵਾਲੇ ਵਣ/ਰੁੱਖ ਮਿਲਦੇ ਹਨ। ਇਹ ਵਣ ਵਰਖਾ ਲਿਆਉਣ ਵਿਚ ਸਹਾਈ ਹੁੰਦੇ ਹਨ। ਇਸੇ ਕਰਕੇ ਇਨ੍ਹਾਂ ਨੂੰ ਵਰਖਾ ਵਣ ਆਖਦੇ ਹਨ।

ਖੇਤਰ ਅਤੇ ਦੇਸ਼ : ਇਸ ਵਣ ਖੇਤਰ ਨੇ ਬਰਾਜ਼ੀਲ ਦਾ ਕਰੀਬ 60 ਪ੍ਰਤੀਸ਼ਤ ਭੂ-ਭਾਗ ਮੱਲਿਆ ਹੋਇਆ ਹੈ ਜਦ ਕਿ ਨਾਲ ਲਗਦੇ 8 ਦੇਸ਼ਾਂ ਪੇਰੂ, ਕੋਲੰਬੀਆ, ਵੈਨਜ਼ੁਏਲਾ, ਬੋਲੀਵੀਆ, ਗੁਆਨਾ, ਐਕਾਡੋਰ, ਸਰੀਨੇਮ ਤੇ ਫਰਾਂਸ ਗੁਆਨਾ ਵਿਚ ਵੀ ਇਸ ਵਣ ਖੇਤਰ ਦਾ ਵਿਸਥਾਰ ਹੈ। ਸੰਸਾਰ ਦੇ ਕੁੱਲ ਵਰਖਾ ਵਣਾਂ ਦਾ ਕਰੀਬ ਅੱਧਾ ਹਿੱਸਾ ਵਰਖਾ ਵਣ ਇਸੇ ਖੇਤਰ ਵਿਚ ਪਾਏ ਜਾਂਦੇ ਹਨ।

ਵਣ ਖੇਤਰ ਦਾ ਨਿਰਮਾਣ : ਇਸ ਵਣ ਖੇਤਰ ਦਾ ਨਿਰਮਾਣ ਕਰੀਬ 55 ਮੀਲੀਅਨ ਸਾਲ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ। ਉਸ ਸਮੇਂ ਦੱਖਣੀ ਅਮਰੀਕਨ ਪਲੇਟ ਅਤੇ ਨਾਜ਼ਾਕਾ ਪਲੇਟ ਦੇ ਆਪਸੀ ਟਕਰਾਓ ਕਾਰਣ ਐਡੀਂਜ ਪਰਬਤਾਂ ਦਾ ਨਿਰਮਾਣ ਹੋਇਆ। ਐਡੀਂਜ ਪਰਬਤਾਂ ਦੇ ਨਿਰਮਾਣ ਅਤੇ ਬਰਾਜ਼ੀਲੀਅਨ ਤੇ ਗੁਆਨਾ ਬੈਂਡਰਾਕ ਸ਼ੀਟ ਦੇ ਆਪਸੀ ਮੇਲ ਕਾਰਣ ਐਮਾਜ਼ੋਨ ਘਾਟੀ ਦਾ ਨਿਰਮਾਣ ਹੋਇਆ। ਇਸ ਪ੍ਰਕਾਰ ਘਾਟੀ ਦੇ ਨਿਰਮਾਣ ਦੀ ਇਹ ਪ੍ਰਕਿਰਿਆ ਪੂਰੀ ਹੋਣ ਤੇ ਲੱਖਾਂ ਸਾਲ ਲੱਗੇ। ਇੱਥੇ ਸੰਸਾਰ ਵਿਚ ਮਿਲਣ ਵਾਲੀਆਂ ਪ੍ਰਜਾਤੀਆਂ ਵਿਚੋਂ ਸਭ ਤੋਂ ਵੱਧ ਪ੍ਰਜਾਤੀਆਂ ਦੇ ਪੇੜ ਪੌਦੇ ਪਾਏ ਜਾਂਦੇ ਹਨ।



ਜੈਵਿਕ ਵਿਭਿੰਨਤਾ : ਜੇਕਰ ਐਮਾਜ਼ੋਨ ਵਰਖਾ ਵਣ ਖੇਤਰ ਦੀ ਜੈਵਿਕ ਵਿਭਿੰਨਤਾ ਦੀ ਗੱਲ ਕਰੀਏ ਤਾਂ ਇੱਥੇ 2.5 ਮੀਲੀਅਨ ਤੋਂ ਵਧੇਰੇ ਕੀਟ ਪਤੰਗਿਆਂ ਤੇ ਜੀਵ ਜੰਤੂਆਂ ਦੀਆਂ ਪ੍ਰਜਾਤੀਆਂ ਮਿਲਦੀਆਂ ਹਨ। ਦਸ ਹਜ਼ਾਰ ਤੋਂ ਵਧੇਰੇ ਰੁੱਖਾਂ ਦੀਆਂ ਪ੍ਰਜਾਤੀਆਂ ਮਿਲਦੀਆਂ ਹਨ। ਇਹ ਵਣ ਖੇਤਰ ਦੋ ਹਜ਼ਾਰ ਦੇ ਕਰੀਬ ਪੰਛੀਆਂ ਤੇ ਜਾਨਵਰਾਂ ਦੀਆਂ ਪ੍ਰਜਾਤੀਆਂ ਦਾ ਰੈਣ ਬਸੇਰਾ ਹੈ। ਇੱਥੇ ਵਗਦੀਆਂ ਨਦੀਆਂ ਵਿਚ ਵੀ ਦੋ ਹਜ਼ਾਰ ਦੇ ਕਰੀਬ ਮੱਛੀਆਂ ਦੀਆਂ ਪ੍ਰਜਾਤੀਆਂ ਵੀ ਮਿਲਦੀਆਂ ਹਨ। ਇੱਥੇ ਸਧਾਰਨ ਜਾਨਵਰਾਂ ਤੋਂ ਇਲਾਵਾ ਭਾਂਤ-ਭਾਂਤ ਦੇ ਰੰਗ-ਬਿਰੰਗੇ ਪੰਛੀ, ਬਹੁਤ ਸਾਰੇ ਖੂੰਖਾਰ, ਹਮਲਾਵਰ ਤੇ ਜ਼ਹਿਰੀਲੇ ਜਾਨਵਰ ਵੀ ਪਾਏ ਜਾਂਦੇ ਹਨ।



ਜਲਵਾਯੂ : ਭੂਮੱਧ ਰੇਖਾ ਦੇ ਨੇੜੇ ਹੋਣ ਕਰਕੇ ਇਸ ਖੇਤਰ ਵਿਚ ਸੂਰਜ ਦੀ ਰੌਸ਼ਨੀ ਸਾਰਾ ਸਾਲ ਲਗਭਗ ਸਿੱਧੀ ਪੈਂਦੀ ਹੈ ਜਿਸ ਕਾਰਣ ਇਸ ਖੇਤਰ ਦਾ ਤਾਪਮਾਨ ਦੂਸਰੇ ਊਸ਼ਣ ਕਟੀਬੰਧ ਖੇਤਰਾਂ ਵਾਂਗ ਗਰਮ ਤੇ ਨਮੀ ਭਰਪੂਰ ਹੈ। ਇਹ



ਸੂਰਜੀ ਰੌਸ਼ਨੀ ਤੇ ਵਰਖਾ ਸਾਰਾ ਸਾਲ ਇਸ ਖੇਤਰ ਦੇ ਪੌਦਿਆਂ ਦੇ ਵਾਧੇ ਤੇ ਵਿਕਾਸ ਲਈ ਲਾਹੇਵੰਦ ਸਾਬਤ ਹੁੰਦੀ ਹੈ। ਸਲਾਨਾ ਔਸਤ ਤਾਪਮਾਨ 28 ਡਿਗਰੀ ਸੈਲਸੀਅਸ ਹੈ। ਵਰਖਾ ਦੀ ਮਾਤਰਾ 2 ਹਜ਼ਾਰ ਮਿਲੀਮੀਟਰ ਤੋਂ 10920 ਮਿਲੀਮੀਟਰ ਤੱਕ ਹੈ। ਸਾਲ ਦੇ ਇੱਕ ਦੋ ਮਹੀਨੇ ਮੌਸਮ ਖੁਸ਼ਕ ਵੀ ਰਹਿੰਦਾ ਹੈ।

ਰੁਜ਼ਗਾਰ ਦਾ ਸਾਧਨ : ਇਹ ਵਣ ਖੇਤਰ ਇੱਥੇ ਵਸਣ ਵਾਲੇ ਲੋਕਾਂ ਲਈ ਸਦੀਆਂ ਤੋਂ ਰੁਜ਼ਗਾਰ ਦਾ ਸਾਧਨ ਹੈ। ਇੱਥੇ ਰਬੜ ਤੋਂ ਇਲਾਵਾ ਪਾਮ ਫਲ, ਬਰਾਜ਼ੀਲੀ ਅਖਰੋਟ ਤੇ ਗੰਭੀਰ ਮਨੁੱਖੀ ਬਿਮਾਰੀਆਂ ਦਾ ਇਲਾਜ ਕਰਨ ਲਈ ਬੇਸ਼ੁਮਾਰ ਦਵਾਈਆਂ ਵਾਲੇ ਪੌਦੇ ਪਾਏ ਜਾਂਦੇ ਹਨ। ਵਰਖਾ ਲਿਆਉਣ ਵਿਚ ਸਹਾਈ ਹੋਣ ਕਰਕੇ, 90 ਤੋਂ 140 ਮੀਲੀਅਨ ਟਨ ਕਾਰਬਨ ਨੂੰ ਸਾਂਭਣ ਵਾਲੇ ਅਤੇ ਕੁੱਲ ਦੁਨੀਆਂ ਦਾ 20 ਫੀਸਦੀ ਆਕਸੀਜਨ ਦੇਣ ਵਾਲੇ ਇਸ ਖੇਤਰ ਨੂੰ ਧਰਤੀ ਦੇ ਫੇਫੜੇ ਕਹਿ ਕੇ ਨਿਵਾਜਿਆ ਜਾਂਦਾ ਹੈ।

ਵਣ ਖੇਤਰ ਦਾ ਉਜਾੜਾ : ਆਰਥਿਕ ਦ੍ਰਿਸ਼ਟੀ ਤੋਂ ਇਹ ਵਣ ਖੇਤਰ ਵਪਾਰੀਆਂ ਤੇ ਆਮ ਲੋਕਾਂ ਲਈ ਲਾਹੇਵੰਦ ਹੋਣ ਕਰਕੇ ਇਸ ਖੇਤਰ ਦਾ ਉਜਾੜਾ ਲਗਾਤਾਰ ਜਾਰੀ ਹੈ। ਪਿਛਲੇ 40 ਸਾਲਾਂ ਵਿਚ ਹੀ ਇਸ ਇਸ ਵਣ ਖੇਤਰ ਦਾ ਕਰੀਬ 20 ਪ੍ਰਤੀਸ਼ਤ ਹਿੱਸਾ ਉਜਾੜਿਆ ਜਾ ਚੁੱਕਾ ਹੈ। ਸਾਲ 2003 ਵਿਚ ਇਨ੍ਹਾਂ ਵਣਾਂ ਦਾ 9 ਹਜ਼ਾਰ ਵਰਗ ਮੀਲ ਤੋਂ ਵਧੇਰੇ ਖੇਤਰ ਕੱਟਿਆ ਜਾ ਚੁੱਕਾ ਹੈ। ਇਕੱਲੇ ਬਰਾਜ਼ੀਲ ਵਿਚ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਲਈ ਯੂਰਪੀਅਨ ਨਿਵੇਸ਼ਵਾਦੀਆਂ ਨੇ ਹੁਣ ਤੱਕ 90 ਹਜ਼ਾਰ ਤੋਂ ਵਧੇਰੇ ਵਣ ਪ੍ਰਜਾਤੀਆਂ ਦਾ ਸਫ਼ਾਇਆ ਕਰ ਦਿੱਤਾ ਹੈ। ਇੱਥੇ ਰਬੜ ਦੇ ਰੁੱਖ ਕਾਫੀ ਵੱਡੀ ਮਾਤਰਾ ਵਿਚ ਪਾਏ ਜਾਂਦੇ ਹਨ। ਇਹ ਰੁੱਖ, ਰਬੜ ਦਾ ਵਪਾਰ ਕਰਨ ਵਾਲੇ ਵਪਾਰੀਆਂ ਦੇ ਨਿਸ਼ਾਨੇ 'ਤੇ ਹਨ। ਹਰ ਸਾਲ ਲੱਖਾਂ ਰੁੱਖ ਇਨ੍ਹਾਂ ਲੋਕਾਂ ਦੀ ਬਲੀ ਚੜ੍ਹਦੇ ਹਨ। ਇਸ ਤੋਂ ਇਲਾਵਾ ਖੇਤੀ ਤੇ ਰਿਹਾਇਸ਼ ਲਈ ਜ਼ਮੀਨ ਦੀ ਵਰਤੋਂ ਵੀ ਇਨ੍ਹਾਂ ਰੁੱਖਾਂ ਦੇ ਉਜਾੜੇ ਦਾ ਕਾਰਣ ਬਣ ਰਹੀ ਹੈ। ਇਹ ਉਜਾੜਾ ਇਸ ਖੇਤਰ ਦੀ ਜੈਵਿਕ ਵਿਭਿੰਨਤਾ ਲਈ ਖਤਰੇ ਦਾ ਸੰਕੇਤ ਬਣਦਾ ਜਾ ਰਿਹਾ ਹੈ।



ਵਣ ਖੇਤਰ ਵਿਚ ਅੱਗ ਫੈਲਣ ਦੇ ਕਾਰਣ : ਪਿਛਲੇ ਕਈ ਸਾਲਾਂ ਤੋਂ ਇਸ ਖੇਤਰ ਵਿਚ ਲਗਾਤਰ ਅੱਗਾਂ ਲਗਦੀਆਂ ਆ ਰਹੀਆਂ ਹਨ। ਦੋ ਤਿੰਨ ਸਾਲ ਪਹਿਲਾਂ ਇਨ੍ਹਾਂ ਜੰਗਲਾਂ ਵਿਚ ਭਿਆਨਕ ਅੱਗਾਂ ਲੱਗੀਆਂ ਰਹੀਆਂ ਸਨ। ਹੁਣ ਵੀ ਇਸ ਖੇਤਰ ਵਿਚ ਕਿਧਰੇ ਅੱਗ ਲੱਗਣ ਦਾ ਸਮਾਚਾਰ ਮਿਲਦਾ ਰਹਿੰਦਾ ਹੈ। ਭਾਵੇਂ ਇਨ੍ਹਾਂ ਅੱਗਾਂ ਲੱਗਣ ਦਾ ਕਾਰਣ ਅਕਸਰ ਖੁਸ਼ਕ ਮੌਸਮ ਦੱਸਿਆ ਜਾਂਦਾ ਰਿਹਾ ਹੈ ਪ੍ਰੰਤੂ ਇਨ੍ਹਾਂ ਅੱਗਾਂ ਪਿੱਛੇ ਸਿਆਸੀ ਮੁਫ਼ਾਦਾਂ ਦੀ ਪੂਰਤੀ ਵਾਲੇ ਅਤੇ ਲਾਲਚੀ ਲੋਕਾਂ ਦਾ ਹੱਥ ਹੋਣ ਤੋਂ ਇਨਕਾਰੀ ਨਹੀਂ ਕੀਤਾ ਜਾ ਸਕਦਾ।





ਪਿਛਲੇ ਸਮੇਂ ਦੌਰਾਨ ਇਹ ਵੀ ਵੇਖਣ ਵਿਚ ਆਇਆ ਕਿ ਜਦ ਵਣ ਖੇਤਰ ਵਿਚ ਅੱਗ ਲੱਗੀ ਹੋਈ ਸੀ ਤਾਂ ਖੁਦ ਬਰਾਜ਼ੀਲ ਵਰਗਾ ਦੇਸ਼ ਇਨ੍ਹਾਂ ਅੱਗਾਂ ਨੂੰ ਬੁਝਾਉਣ ਤੋਂ ਕਿਨਾਰਾ ਵੱਟਦਾ ਰਿਹਾ ਹੈ। ਇਸ ਵਣ ਖੇਤਰ ਨੂੰ ਵਾਰ ਵਾਰ ਅੱਗਾਂ ਲੱਗਣ ਦਾ ਇਹ ਮਸਲਾ ਅੱਜ ਵਿਸ਼ਵ ਪੱਧਰ ਦਾ ਮਸਲਾ ਬਣ ਚੁੱਕਾ ਹੈ। ਅੱਗਾਂ ਕਾਰਣ ਜੰਗਲ ਏਨੇ ਵੱਡੇ ਪੱਧਰ 'ਤੇ ਜਲ ਰਿਹਾ ਹੁੰਦਾ ਹੈ ਕਿ ਇਸ ਅੱਗ 'ਤੇ ਕਾਬੂ ਪਾਉਣਾ ਕਈ ਵਾਰ ਬੇਹੱਦ ਮੁਸ਼ਕਿਲ ਜਾਪਦਾ ਰਿਹਾ ਹੈ।

ਇਨ੍ਹਾਂ ਅੱਗਾਂ ਕਾਰਣ ਹੀ ਇਸ ਵਣ ਖੇਤਰ ਵਿਚ ਰਹਿਣ ਵਾਲੇ ਬਹੁਤ ਸਾਰੇ ਜੰਗਲੀ ਜੀਵਾਂ, ਪੰਛੀਆਂ, ਕੀਟ ਪਤੰਗਿਆਂ ਦਾ ਉਜਾੜਾ ਵੀ ਨਾਲ ਹੀ ਹੋ ਰਿਹਾ ਹੈ। ਅੱਗਾਂ ਕਾਰਣ ਬਹੁਤ ਸਾਰੀਆਂ ਪ੍ਰਜਾਤੀਆਂ ਦੇ ਰੁੱਖਾਂ ਤੇ ਜੀਵਾਂ ਆਦਿ ਦਾ ਵਿਨਾਸ਼ ਸਦਾ ਲਈ ਹੋ ਸਕਦਾ ਹੈ। ਇਸ ਕਾਰਣ ਇਹ ਅਨਮੋਲ ਪ੍ਰਜਾਤੀਆਂ ਧਰਤੀ ਤੋਂ ਸਦਾ ਲਈ ਅਲੋਪ ਹੋ ਸਕਦੀਆਂ ਹਨ। ਹਰ ਸਾਲ ਲੱਗਣ ਵਾਲੀਆਂ ਇਨ੍ਹਾਂ ਅੱਗਾਂ ਕਾਰਣ ਇਸ ਖੇਤਰ ਦਾ ਹੁਣ ਤੱਕ ਕਰੀਬ 640 ਮੀਲੀਅਨ ਏਕੜ ਖੇਤਰ ਪ੍ਰਭਾਵਿਤ ਹੋ ਚੁੱਕਾ ਹੈ। ਜੇਕਰ ਅੱਗਾਂ ਲੱਗਣ ਦੀਆਂ ਘਟਨਾਵਾਂ ਨੂੰ ਫੌਰੀ ਤੌਰ 'ਤੇ ਨਾ ਰੋਕਿਆ ਗਿਆ ਤਾਂ ਭਵਿੱਖ ਵਿਚ ਗਰੀਨ ਹਾਊਸ ਪ੍ਰਭਾਵ 'ਤੇ ਇਸ ਦਾ ਸਿੱਧਾ ਅਸਰ ਪਵੇਗਾ। ਇਸ ਨਾਲ ਆਉਂਦੇ ਸਾਲਾਂ ਵਿਚ ਧਰਤੀ ਦੇ ਤਾਪਮਾਨ ਵਿਚ ਵਾਧਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।



98762-24461

ਬੋਲ ਸਦੀਵੀ

ਪਾਪ ਦੀ ਜੰਞ ਦੇ ਜਾਂਞੀ


ਹਰਮੀਤ ਵਿਦਿਆਰਥੀ



ਪਿਆਰੇ ਪਾਸ਼!
ਪਾਪ ਦੀ ਜੰਞ ਹੁਣ ਫੇਰ ਆ ਗਈ ਏ
ਅਸੀਂ ਥਾਲੀਆਂ-ਤਾੜੀਆਂ
ਘੜਿਆਲ, ਸੰਖ
ਨਗਾਰੇ ਵਜਾ ਕੇ
ਕਰ ਰਹੇ ਹਾਂ ਜੰਞ ਦਾ ਸਵਾਗਤ
ਇਸ ਜੰਞ 'ਤੇ ਮੋਹਰ ਵੀ
ਕਾਬਲ, ਮਾਸਕੋ
ਜਾਂ ਵਾਸ਼ਿੰਗਟਨ ਦੀ ਨਹੀਂ
ਸਗੋਂ ਦਿੱਲੀ ਦੀ ਹੈ
ਸ਼ਹਿਰ ਤਿਆਰ ਹੈ
ਉਹਨਾਂ ਦੇ ਦਿੱਤੇ ਲਿਬਾਸ ਪਹਿਨ ਕੇ
ਪਾਪ ਦੀ ਜੰਞ ਦੇ ਸਵਾਗਤ ਲਈ
ਚੀਨਾ ਚੀਨਾ ਹੋ ਗਏ ਨੇ
ਸਾਡੇ ਕੱਚ ਦੇ ਵਸਤਰ
ਪਾਸ਼!
ਤੇਰੀ ਕੁਰਬਾਨੀ ਨੂੰ ਯਾਦ ਕਰਦਿਆਂ
ਮਾਣ ਮਹਿਸੂਸ ਕਰਨ ਦਾ
ਸਿਰਫ਼ ਅਭਿਨੈ ਕਰਦੇ ਹਾਂ
ਪਾਪ ਦੀ ਜੰਞ ਕੋਲ
ਤਲਵਾਰਾਂ, ਭਾਲੇ, ਬਰਛੇ
ਬੰਦੂਕਾਂ ਨਹੀਂ ਹਨ
ਹਾਰ ਨੇ
ਤਮਗੇ ਹਨ, ਸਨਮਾਨ ਹੈ
ਦਾਦ ਹੈ
ਸਾਡੇ ਕੋਲ ਸਿਰਫ਼
ਉਹਨਾਂ ਦੀ ਝੋਲੀ ਵਿੱਚ
ਡਿਗੂੰ ਡਿਗੂੰ ਕਰਦੇ ਸਿਰ ਹਨ
ਦਸਤਾਰਾਂ ਕਦੋਂ ਰੈੱਡ ਕਾਰਪੈੱਟ ਵਿੱਚ
ਤਬਦੀਲ ਹੋ ਗਈਆਂ
ਸਾਨੂੰ ਪਤਾ ਹੀ ਨਹੀਂ ਲੱਗਾ
ਪਾਪ ਦੀ ਜੰਞ
ਗਲੀਆਂ ਮੁਹੱਲਿਆਂ ਵਿੱਚ ਨਹੀਂ
ਸਾਡੇ ਸਭ ਤੋਂ ਸੁਰੱਖਿਅਤ ਕਮਰਿਆਂ ਨੂੰ ਲੰਘ ਕੇ
ਸਾਡੇ ਜ਼ਿਹਨ ਤੱਕ ਆ ਪੁੱਜੀ ਹੈ
ਤੇ ਅਸੀਂ ਇਸ ਜੰਞ ਨੂੰ
ਵੰਗਾਰਨ ਦਾ ਵਹਿਮ ਪਾਲਣ ਵਾਲੇ
ਖਬਰੇ ਕਦੋਂ
ਆਪ ਪਾਪ ਦੀ ਜੰਞ ਦੇ ਜਾਂਞੀ ਹੋ ਗਏ ਹਾਂ
ਸਾਨੂੰ ਪਤਾ ਹੀ ਨਹੀਂ ਲੱਗਾ ?

ਪ੍ਰੋ. ਮੋਹਨ ਸਿੰਘ

ਜਿੱਥੇ ਵੀਰ ਵੀਰਾਂ ਨੂੰ ਖਾਂਦੇ,
ਸਿਰੋਂ ਮਾਰ ਧੁੱਪੇ ਸੁੱਟ ਜਾਂਦੇ,..
ਜਿੱਥੇ ਕੈਦ ਖਾਨਿਆਂ ਜੇਹਲਾਂ,
ਮੀਲਾਂ ਤੀਕ ਵਲਗਣਾਂ ਵਲੀਆਂ,
ਜਿੱਥੇ ਮਜ਼ਹਬ ਦੇ ਨਾਂ ਥੱਲੇ,
ਦਰਿਆ ਕਈ ਖ਼ੂਨ ਦੇ ਚੱਲੇ
ਜਿੱਥੇ ਵਤਨ ਪਰਸਤੀ ਤਾਈਂ
ਜ਼ੁਰਮ ਸਮਝਦੀ ਧੱਕੇ ਸ਼ਾਹੀ,
ਜਿੱਥੇ ਸ਼ਾਇਰ ਬੋਲ ਨਾ ਸੱਕਣ,
ਦਿਲ ਦੀਆਂ ਘੁੰਡੀਆਂ ਖੋਹਲ ਨਾ ਸੱਕਣ
....
ਮੁੱਕ ਜਾਵਣ ਜਿੱਥੇ ਪਗਡੰਡੀਆਂ,
ਰਹਿਣ ਨਾ ਮੁਲਕਾਂ ਦੀਆਂ ਵੰਡੀਆਂ,
ਦਿੱਸਣ ਨਾ ਜਿੱਥੇ ਹੱਦਾਂ ਪਾੜੇ
ਤੇਰ ਮੇਰ ਦੇ ਖਾਖੋਵਾੜੇ
ਪਹੁੰਚ ਨਾ ਸਕਣ ਜਿੱਥੇ ਚਾਂਘਾਂ,
ਬਾਂਗ ਟੱਲਾਂ ਤੇ ਸੰਖਾਂ ਦੀਆਂ
ਚਾਰੇ ਤਰਫ਼ ਆਜ਼ਾਦੀ ਹੋਵੇ,
ਮੂਲ ਨਾ ਕੋਈ ਮੁਥਾਜੀ ਹੋਵੇ।
....
ਮੁਕਿਆ ਹਨੇਰਾ ਪਰ ਅਜੇ
ਬਾਕੀ ਹਨੇਰ ਹੈ।
ਘਸਮੈਲਾ ਚਾਨਣਾ ਅਤੇ
ਤਿੜਕੀ ਸਵੇਰ ਹੈ।...
ਝੂਠੇ ਸਮਾਜਵਾਦ 'ਤੇ
ਭੁੱਲਿਓ ਨਾ ਸਾਥੀਓ,
ਜਿਉਂਦਾ ਬਦਲ ਕੇ ਭੇਸ
ਅਜੇ ਤੱਕ ਕੁਬੇਰ ਹੈ।



ਪ੍ਰੋ. ਮੋਹਨ ਸਿੰਘ

ਮਾਸੂਮ ਦੀ ਬਲੀ - ਇਹ ਕਿਹੋ ਜਿਹਾ ਦੇਸ਼ ?

ਸੁਰੇਸ਼ ਚੰਦਰ ਰੋਹਰਾ

ਅੱਜ ਜਦ ਅਸੀਂ 21ਵੀਂ ਸਦੀ ਵਿੱਚ ਜੀ ਰਹੇ ਹਾਂ ਅਤੇ ਜੇਕਰ ਅਜਿਹੇ ਸਮੇਂ ਵਿੱਚ ਸਾਡੇ ਨੇੜੇ ਤੇੜੇ ਲੋਕ ਬਲੀ ਪ੍ਰਥਾ ਉੱਤੇ ਯਕੀਨ ਕਰ ਰਹੇ ਹਨ, ਤਾਂ ਇਹ ਸਮਾਜ ਅਤੇ ਸਾਡੇ ਦੇਸ਼ ਦੀ ਸਰਕਾਰ ਦੇ ਲਈ ਸ਼ਰਮ ਦੀ ਗੱਲ ਹੈ।

ਅਜਿਹਾ ਹੀ ਇੱਕ ਕਾਂਡ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਦੇ ਲੋਧੀ ਕਾਲੋਨੀ ਥਾਣਾ ਖੇਤਰ ਵਿੱਚ ਬਣੀ ਸੀ ਬੀ ਆਈ ਇਮਾਰਤ ਦੇ ਕੋਲ ਹੋਇਆ ਹੈ। ਦਰਅਸਲ, ਨਰਾਤਿਆਂ ਦੇ ਸਮੇਂ ਸੀ ਜੀ ਓ ਕੰਪਲੈਕਸ ਵਿੱਚ ਇਕ 6 ਸਾਲ ਦੇ ਬੱਚੇ ਦੀ ਚਾਕੂ ਨਾਲ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਗਈ। ਦਿੱਲੀ ਪੁਲਿਸ ਨੇ ਜਿਹੜੇ 2 ਦੋਸ਼ੀਆਂ ਨੂੰ ਫੜ੍ਹਿਆਂ ਹੈ, ਉਹ 'ਮਨੁੱਖੀ ਬਲੀ' ਦੇ ਨਾਂ ਉੱਤੇ ਇਸ ਕਤਲ ਕਾਂਡ ਨੂੰ ਅੰਜ਼ਾਮ ਦੇਣ ਦੀ ਗੱਲ ਕਬੂਲ ਕਰ ਚੁੱਕੇ ਹਨ।

ਬਲੀ ਚੜ੍ਹਿਆਂ 6 ਸਾਲ ਦਾ ਧਰਮੇਂਦਰ ਯਾਦਵ ਇਕ ਭੋਲਾ ਭਾਲਾ ਬੱਚਾ ਹੀ ਸੀ। ਉਸ ਦੇ ਮਾਤਾ ਪਿਤਾ ਮਜ਼ਦੂਰੀ ਕਰਦੇ ਹਨ ਅਤੇ ਉੱਥੇ ਹੀ ਬਣੀਆਂ ਝੌਂਪੜੀਆਂ ਵਿੱਚ 'ਦੇਵੀ ਮਾਂ' ਦੀ ਪੂਜਾ ਕਰ ਰਹੇ ਸਨ। ਲੋਧੀ ਕਾਲੋਨੀ ਥਾਨਾ ਪੁਲਿਸ ਨੇ ਜਦ 2 ਲੋਕਾਂ ਨੂੰ ਕਤਲ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਕੇ ਉਹਨਾਂ ਤੋਂ ਸਖ਼ਤ ਪੁੱਛਗਿੱਛ ਕੀਤੀ, ਤਾਂ ਇਹ ਸਨਸਨੀਖੇਜ਼ ਜਾਣਕਾਰੀ ਸਾਹਮਣੇ ਆਈ। ਪੁਲਿਸ ਨੂੰ ਇਸ ਮਨੁੱਖੀ ਬਲੀ ਦੀ ਜਾਣਕਾਰੀ 1 ਅਕਤੂਬਰ, 2022 ਦੀ ਰਾਤ ਨੂੰ ਹੀ ਮਿਲ ਗਈ ਸੀ। ਸੂਚਨਾ ਮਿਲਣ ਉੱਤੇ ਪੁਲਿਸ ਉਸ ਬੱਚੇ ਨੂੰ ਏਮਜ਼ ਟਰੌਮਾ ਸੈਂਟਰ ਲੈ ਕੇ ਪਹੁੰਚੀ, ਜਿੱਥੇ ਡਾਕਟਰਾਂ ਨੇ ਉਸਨੂੰ ਮਰਿਆ ਦੱਸ ਦਿੱਤਾ।

ਇਸ ਦੇ ਬਾਅਦ ਪੁਲਿਸ ਹਰਕਤ ਵਿੱਚ ਆਈ ਅਤੇ ਦੋਸ਼ੀਆਂ ਨੂੰ ਕਾਬੂ ਕੀਤਾ। ਉਨ੍ਹਾਂ ਦੋਸ਼ੀਆਂ ਦੀ ਪਛਾਣ ਬਿਹਾਰ ਦੇ ਵਸਨੀਕ ਵਿਜੇ ਕੁਮਾਰ ਅਤੇ ਅਮਰ ਕੁਮਾਰ ਦੇ ਰੂਪ ਵਿਚ ਹੋਈ ਹੈ। ਪੁਲਿਸ ਨੂੰ ਜਾਂਚ ਵਿੱਚ ਜਿਹੜੀ ਜਾਣਕਾਰੀ ਮਿਲੀ, ਉਸ ਦੇ ਅਨੁਸਾਰ ਦੋਸ਼ੀ ਨਸ਼ੇ ਵਿੱਚ ਸਨ ਅਤੇ ਉਹਨਾਂ ਨੇ ਕਥਿਤ ਤੌਰ ਉੱਤੇ 'ਸ਼ਿਵਜੀ' ਨੂੰ ਖ਼ੁਸ਼ ਕਰਨ ਦੇ ਲਈ ਇਸ ਵਾਰਦਾਤ ਨੂੰ ਅੰਜ਼ਾਮ ਦਿੱਤਾ ਸੀ।

ਇਹ ਵਾਰਦਾਤ ਇਸ ਲਈ ਵੱਧ ਸੁਚੇਤ ਕਰਨ ਵਾਲੀ ਹੈ ਕਿ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਦੇ ਇੱਕ ਇਲਾਕੇ ਵਿੱਚ ਵਾਪਰੀ ਹੈ ਜਿੱਥੇ ਇਸ ਘਟਨਾ ਦੇ ਬਾਅਦ ਸਰਕਾਰ ਅਤੇ ਸਮਾਜ ਦੋਹਾਂ ਨੂੰ ਹੀ ਇਸ ਬਾਰੇ ਵਿੱਚ ਸੋਚਣਾ ਚਾਹੀਦਾ ਹੈ, ਉੱਥੇ ਇਹ ਵੀ ਸਵਾਲ ਉੱਠਦਾ ਹੈ ਕਿ ਜੇਕਰ ਕਿਸੇ ਪੇਂਡੂ ਖੇਤਰ ਵਿੱਚ ਅਜਿਹੀ ਵਾਰਦਾਤ ਹੁੰਦੀ ਤਾਂ ਇਹ ਮੰਨਿਆ ਜਾਂਦਾ ਕਿ ਇਹ ਅਨਪੜ੍ਹਤਾ ਅਤੇ ਅੰਧਵਿਸ਼ਵਾਸ ਦੇ ਮਾਹੌਲ ਦਾ ਨਤੀਜਾ ਹੈ ਅਤੇ ਜੇਕਰ ਪਿੰਡ, ਕਸਬਿਆਂ ਤੋਂ ਵੱਡੇ ਮਹਾਨਗਰਾਂ ਵਿੱਚ ਆਉਣ ਦੇ ਬਾਅਦ ਵੀ ਲੋਕਾਂ ਦੀ ਸੋਚ ਇਸ ਤਰ੍ਹਾਂ ਅੰਧਵਿਸ਼ਵਾਸੀ ਹੈ, ਤਾਂ ਪੜ੍ਹੇ-ਲਿਖੇ ਲੋਕਾਂ ਨੂੰ ਆਪਣੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਨਿਭਾਉਣਾ ਪਵੇਗਾ।

ਆਮ ਤੌਰ ਉੱਤੇ ਲੋਕ ਅੰਧਵਿਸ਼ਵਾਸ ਵਿੱਚ ਫਸ ਕੇ ਰੁਪਏ ਪੈਸੇ, ਪੁੱਤਰ ਪ੍ਰਾਪਤੀ ਆਦਿ ਅਤੇ ਅਦਿੱਖ ਸ਼ਕਤੀਆਂ ਨੂੰ ਪ੍ਰਾਪਤ ਕਰਨ ਦੇ ਲਈ ਬਲੀ ਦੇਣ ਦਾ ਅਪਰਾਧ ਕਰਦੇ ਹਨ, ਜੋ ਯਕੀਨਨ ਅੱਜ ਵਿਗਿਆਨ ਦੇ ਜ਼ਮਾਨੇ ਵਿੱਚ ਨਿਰੀ ਮੂਰਖਤਾ ਦੇ ਸਿਵਾਏ ਕੁੱਝ ਵੀ ਨਹੀਂ ਹੈ। ਪੁਲਿਸ ਨੂੰ ਪਤਾ ਚੱਲਿਆ ਕਿ ਦੋਵੇਂ ਦੋਸ਼ੀ ਇਕ ਨਵੀਂ ਬਣ ਰਹੀ ਇਮਾਰਤ ਵਿੱਚ ਕੰਮ ਕਰ ਰਹੇ ਸਨ। ਦੋਸ਼ੀਆਂ ਨੇ ਪੁਲਿਸ ਨੂੰ ਪੁੱਛਗਿੱਛ, ਵਿੱਚ ਦੱਸਿਆ ਕਿ 'ਉਹਨਾਂ ਦੇ ਸੁਫ਼ਨੇ ਵਿੱਚ 'ਭੋਲੇ ਬਾਬਾ' ਆਏ ਸਨ। ਉਹ ਬੋਲੇ ਕਿ ਬੱਚੇ ਦਾ ਗਲਾ ਵੱਢ ਦਿਓ ਤਾਂ ਬੱਚੇ ਦਾ ਗਲਾ ਵੱਢ ਦਿੱਤਾ।'

ਦੋਸ਼ੀਆਂ ਦੇ ਅਨੁਸਾਰ, ਉਹਨਾਂ ਦੀ ਬਲੀ ਚੜ੍ਹਾਏ ਗਏ ਬੱਚੇ ਦੇ ਪਰਿਵਾਰ ਨਾਲ ਕੋਈ ਦੁਸ਼ਮਣੀ ਨਹੀਂ ਸੀ। ਪੁਲਿਸ ਦੇ ਮੁਤਾਬਕ, ਰਾਤ ਦੇ ਲਗਭਗ ਸਾਢੇ 10 ਵਜੇ ਜਦ ਉਹ ਬੱਚਾ ਆਪਣੀ ਝੁੱਗੀ ਵਿੱਚ ਜਾ ਰਿਹਾ ਸੀ, ਤਾਂ ਉਹਨਾਂ ਨੇ ਉਸ ਨੂੰ ਖਾਣਾ ਬਣਾਉਣ ਵਾਲੀ ਥਾਂ ਉੱਤੇ ਬੁਲਾ ਲਿਆ। ਕਿਉਂਕਿ ਛੋਟਾ ਬੱਚਾ ਧਰਮੇਂਦਰ ਉਹਨਾਂ ਨੂੰ ਜਾਣਦਾ ਸੀ ਤਾਂ ਉਹ ਆਸਾਨੀ ਨਾਲ ਉਹਨਾਂ ਦੇ ਕੋਲ ਆ ਗਿਆ।

(ਸ੍ਰੋਤ : ਮੈਗਜ਼ੀਨ 'ਸਰਸ ਸਲਿਲ' ਨਵੰਬਰ 2022 (ਦੂਜਾ ਅੰਕ)

ਪੰਜਾਬੀ ਅਨੁਵਾਦ : ਪਵਨ ਰੱਤੋ

ਕੁੱਝ ਮਹਾਨ ਔਰਤਾਂ - ਜੋ ਲੜੀਆਂ ਔਰਤ ਸਿੱਖਿਆ ਅਤੇ ਸਮਾਜ ਬਦਲਣ ਲਈ

- ਪ੍ਰੋ. ਵਸੀ ਅਹਿਮਦ

ਸਾਵਿਤ੍ਰੀ ਬਾਈ ਫੂਲੇ ਅਤੇ ਫ਼ਾਤਿਮਾ ਸ਼ੇਖ – ਸਭ ਤੋਂ ਪਹਿਲਾਂ ਗੱਲ ਕਰਦੇ ਹਾਂ – ਮਹਾਂਰਾਸ਼ਟਰ ਦੀਆਂ ਦੋ ਬੇਮਿਸਾਲ ਔਰਤਾਂ ਦੀ – ਸਾਵਿਤ੍ਰੀ ਬਾਈ ਫੂਲੇ ਅਤੇ ਫ਼ਾਤਿਮਾ ਸ਼ੇਖ ਦੀ। ਇਹਨਾਂ ਦੋਵਾਂ ਦੀ ਜਨਮ ਭੂਮੀ ਵੱਖ ਵੱਖ ਹੈ, ਪਰ ਕਾਰਜ ਭੂਮੀ ਇੱਕ ਹੈ। ਸਾਵਿਤ੍ਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਈ. ਨੂੰ ਬੰਬਈ ਪ੍ਰੇਸੀਡੈਂਸੀ ਦੇ ਸਤਾਰਾ ਜਿਲ੍ਹੇ ਦੇ ਨਵਾਂ ਗਾਂਵ ਵਿੱਚ ਹੋਇਆ ਸੀ। ਫ਼ਾਤਿਮਾ ਸ਼ੇਖ ਦਾ ਜਨਮ ਉਸੇ ਸਾਲ 9 ਜਨਵਰੀ ਨੂੰ ਪੂਨੇ ਵਿੱਚ ਹੋਇਆ। ਇਹ ਦੋਵੇਂ ਸਿੱਖਿਅਤ, ਹਿੰਮਤੀ, ਦ੍ਰਿੜ, ਪ੍ਰਤੀਬੱਧ ਔਰਤਾਂ ਸਿੱਖਿਆ ਅਤੇ ਸਮਾਜ ਦੇ ਖੇਤਰ ਵਿੱਚ ਪੂਰੀ ਜ਼ਿੰਦਗੀ ਇਕੱਠੀਆਂ ਇਸ ਤਰ੍ਹਾਂ ਸੰਘਰਸ਼ਸ਼ੀਲ ਰਹੀਆਂ ਜਿਵੇਂ ਦੋ ਸਰੀਰ ਇੱਕ ਜਾਨ ਹੋਣ।



ਸਾਵਿਤ੍ਰੀ ਬਾਈ ਫੂਲੇ ਮਹਾਨ ਸਮਾਜ ਸੁਧਾਰਕ ਜਯੋਤੀ ਰਾਇ ਫੂਲੇ ਨਾਲ ਵਿਆਹ ਤੋਂ ਬਾਅਦ 1840 ਵਿੱਚ ਸਤਾਰਾ ਤੋਂ ਪੁਣੇ ਆ ਗਈ। ਜਦ ਜਯੋਤੀ ਰਾਇ ਫੂਲੇ ਨੇ ਜਾਤ ਆਧਾਰਿਤ ਭੇਦਭਾਵ, ਛੂਆਛੂਤ, ਸਮਾਜਿਕ ਜਬਰ ਆਦਿ ਦੇ ਖਿਲਾਫ਼ ਆਵਾਜ਼ ਚੁੱਕਣੀ ਸ਼ੁਰੂ ਕੀਤੀ ਤਾਂ ਅਖੌਤੀ ਉੱਚ ਜਾਤਾਂ ਦੇ ਲੋਕਾਂ ਨੇ ਉਸਦਾ ਭਾਰੀ ਵਿਰੋਧ ਕੀਤਾ ਅਤੇ ਇਹ ਵਧਦਾ ਹੀ ਗਿਆ। ਫੂਲੇ ਦੇ ਪਿਤਾ ਵਿੱਚ ਇਸ ਵਿਰੋਧ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਸੀ, ਸਮਾਜਿਕ ਦਬਾਅ ਅਧੀਨ ਉਸ ਨੇ ਆਪਣੇ ਪੁੱਤਰ ਨੂੰ ਸਾਫ-ਸਾਫ ਕਹਿ ਦਿੱਤਾ ਕਿ "ਤੂੰ ਜਾਂ ਤਾਂ ਆਪਣੇ ਵਿਚਾਰ ਬਦਲ ਲੈ ਅਤੇ ਇਹ ਅੰਦੋਲਨ ਬੰਦ ਕਰ ਦੇ, ਨਹੀਂ ਮੇਰਾ ਘਰ ਛੱਡ ਕੇ ਚਲਾ ਜਾ।" ਜਯੋਤੀ ਰਾਇ ਨੇ ਘਰ ਛੱਡਣਾ ਮੰਜ਼ੂਰ ਕੀਤਾ ਅਤੇ ਸੰਘਰਸ਼ ਜਾਰੀ ਰੱਖਿਆ। ਉਸਦੇ ਦੋਸਤ ਉਸਮਾਨ ਸ਼ੇਖ ਨੇ ਉਸ ਨੂੰ ਆਪਣੇ ਘਰ ਵਿਚ ਠਿਕਾਣਾ ਦਿੱਤਾ। ਸਾਵਿਤ੍ਰੀ ਬਾਈ ਫੂਲੇ ਨੇ ਇੱਥੇ ਹੀ ਆਪਣੀ ਸਭ ਤੋਂ ਪੱਕੀ ਸਹੇਲੀ ਫ਼ਾਤਿਮਾ ਸ਼ੇਖ ਮਿਲੀ। ਇਸ ਦੋਸਤੀ ਨੇ ਇੱਕ ਖਾਮੋਸ਼ ਇਨਕਲਾਬ ਨੂੰ ਜਨਮ ਦਿੱਤਾ।

ਸਾਵਿਤ੍ਰੀ ਬਾਈ ਆਪਣੇ ਪਤੀ ਤੋਂ ਪੜ੍ਹਨਾ-ਲਿਖਣਾ ਸਿੱਖ ਚੁੱਕੀ ਸੀ। ਉਸ ਨੇ ਹੁਣ ਫ਼ਾਤਿਮਾ ਸ਼ੇਖ ਨੂੰ ਪੜ੍ਹਨਾ-ਲਿਖਣਾ ਸਿਖਾਇਆ ਅਤੇ ਇਸ ਤਰ੍ਹਾਂ ਸਾਵਿਤ੍ਰੀ ਬਾਈ ਭਾਰਤ ਦੀ ਪਹਿਲੀ ਔਰਤ ਅਧਿਆਪਕਾ ਬਣੀ। ਉਸੇ ਸਮੇਂ ਜਯੋਤੀ ਰਾਇ ਫੂਲੇ ਸਮਾਜ ਦੇ ਹਾਸ਼ੀਏ ਤੋਂ ਬਾਹਰ ਧੱਕੇ ਸਮਾਜ/ਦਲਿਤਾਂ ਦੀਆਂ ਲੜਕੀਆਂ ਅਤੇ ਔਰਤਾਂ ਨੂੰ ਪੜ੍ਹਾਉਣ ਬਾਰੇ ਸੋਚ ਰਹੇ ਸਨ। ਛੇਤੀ ਹੀ ਉਸ਼ਮਾਨ ਸ਼ੇਖ ਦੇ ਘਰ ਵਿੱਚ ਲੜਕੀਆਂ ਦੀ ਪੜ੍ਹਾਈ ਦਾ ਕੰਮ ਸ਼ੁਰੂ ਹੋ ਗਿਆ ਅਤੇ ਇਸ ਸਮਾਜ ਦੀਆਂ ਲੜਕੀਆਂ ਲੁਕ-ਛਿਪ ਕੇ ਪੜ੍ਹਨ ਲੱਗੀਆਂ।

1848 ਵਿੱਚ ਭਾਰਤ ਵਿੱਚ ਲੜਕੀਆਂ ਦਾ ਪਹਿਲਾ ਸਕੂਲ ਪੂਨੇ ਵਿੱਚ ਸਥਾਪਿਤ ਹੋਇਆ। 1848 ਇੱਕ ਇਤਿਹਾਸਕ ਸਾਲ ਸੀ ਇਸੇ ਸਾਲ 21 ਫਰਵਰੀ ਨੂੰ ਕਾਰਲ ਮਾਰਕਸ ਅਤੇ ਫ੍ਰੈਡ੍ਰਿਕ ਏਂਗਲਸ ਦਾ ''ਕਮਿਊਨਿਸਟ ਮੈਨੀਫੈਸਟੋ'' ਪ੍ਰਕਾਸ਼ਿਤ ਹੋਇਆ। ਜਯੋਤਿਬਾ ਫੂਲੇ, ਸਾਵਿਤ੍ਰੀ ਬਾਈ ਅਤੇ ਫ਼ਾਤਿਮਾ ਸ਼ੇਖ ਦੀ ਸਿੱਖਿਆ ਅਤੇ ਸਮਾਜਿਕ ਬਦਲਾਅ ਦੀ ਲੜਾਈ ਅੱਗੇ ਵਧਣ ਲੱਗੀ। ਇਹ ਉਹ ਜ਼ਮਾਨਾ ਸੀ ਜਦੋਂ ਸਮਾਜ ਵਿੱਚ ਗਰੀਬਾਂ, ਦਲਿਤਾਂ, ਸਾਧਨ-ਹੀਣਾਂ, ਅਖੌਤੀ ਅਛੂਤ ਜਾਤਾਂ ਅਤੇ ਔਰਤਾਂ ਲਈ ਕੋਈ ਥਾਂ ਨਹੀਂ ਸੀ, ਉਹਨਾਂ ਨੂੰ ਕੋਈ ਹੱਕ ਪ੍ਰਾਪਤ ਨਹੀਂ ਸੀ। ਉਸ ਸਮੇਂ ਦੀ ਹਾਲਤ ਬਾਰੇ ਜਯੋਤਿਬਾ ਫੂਲੇ ਦੀ ਕਿਤਾਬ "ਗੁਲਾਮ ਗਿਰੀ" ਬਹੁਤ ਚੰਗੀ ਤਰ੍ਹਾਂ ਰੋਸ਼ਨੀ ਪਾਉਂਦੀ ਹੈ। ਇਹ ਕਿਤਾਬ 1875 ਵਿੱਚ ਛਪੀ ਸੀ। ਉਹਨਾਂ ਦਾ ਵਿਚਾਰ ਸੀ ਕਿ ਲਿੰਗ ਆਧਾਰਿਤ ਵਿਤਕਰਿਆਂ ਨੂੰ ਮਿਟਾਉਣ ਲਈ ਔਰਤਾਂ ਦੀ ਸਿੱਖਿਆ ਬੇਹੱਦ ਜ਼ਰੂਰੀ ਹੈ।



ਜਯੋਤਿ ਰਾਇ ਫੂਲੇ ਤੋਂ ਪ੍ਰਭਾਵਿਤ ਹੋ ਕੇ ਡਾ. ਬੀ.ਆਰ. ਅੰਬੇਦਕਰ ਉਹਨਾਂ ਨੂੰ ਆਪਣਾ ਆਦਰਸ਼ ਮੰਨਦੇ ਸੀ। ਨਾ ਤਾਂ ਸਾਵਿਤ੍ਰੀ ਬਾਈ ਨੇ ਕਦੇ ਆਪਣੇ ਮੂੰਹ ਨੂੰ ਘੁੰਡ ਨਾਲ ਢਕਿਆ ਸੀ, ਨਾ ਹੀ ਫ਼ਾਤਿਮਾ ਸ਼ੇਖ ਨੇ ਆਪਣਾ ਚਿਹਰਾ ਕਿਸੇ ਨਕਾਬ ਨਾਲ ਲੁਕਾਇਆ ਸੀ। ਕਲਪਨਾ ਕਰੋ, ਇਹ 1840 ਦਾ ਸਮਾਂ ਸੀ। ਮਨੂੰਵਾਦੀ ਤਾਕਤ ਆਪਣੀ ਪੂਰੀ ਤਾਕਤ

ਨਾਲ ਮੌਜੂਦ ਸੀ, ਪਰ ਇਹ ਦੋਵੇਂ ਔਰਤਾਂ ਸਮਾਜ ਨੂੰ ਬਦਲਣ ਦੀ ਨੀਂਹ ਚੁਪਕੇ ਜਿਹੇ ਰੱਖ ਰਹੀਆਂ ਸਨ। ਉਹ ਦੋਵੇਂ ਪਰਦੇ ਦੇ ਔਰਤ ਵਿਰੋਧੀ ਪੁਰਾਣੇ ਰਿਵਾਜ ਨੂੰ ਲੱਤ ਮਾਰ ਕੇ ਸਾਹਮਣੇ ਆ ਚੁੱਕੀਆਂ ਸਨ। ਕੀ ਇਹ ਇੱਕ ਖਾਮੋਸ਼ ਕ੍ਰਾਂਤੀ ਦੀ ਸ਼ੁਰੂਆਤ ਨਹੀਂ ਸੀ ?

ਇਹ ਉਹ ਸਮਾਂ ਸੀ ਜਦ ਨਿਊਜ਼ੀਲੈਂਡ ਦੀਆਂ ਔਰਤਾਂ 1853 ਵਿੱਚ ਵੋਟ ਦੇ ਹੱਕ ਲਈ ਸੜਕਾਂ 'ਤੇ ਉਤਰੀਆਂ ਸਨ। ਉਸੇ ਸਾਲ 8 ਮਾਰਚ ਨੂੰ ਅਮਰੀਕਾ ਵਿਚ ਫੈਕਟਰੀਆਂ ਵਿੱਚ ਕੰਮ ਕਰਦੀਆਂ ਔਰਤਾਂ ਕੰਮ ਦੇ ਘੰਟੇ 14 ਤੋਂ ਘਟਾ ਕੇ 10 ਕਰਨ ਦੀ ਮੰਗ ਲੈ ਕੇ ਸੜਕਾਂ 'ਤੇ ਸੰਘਰਸ਼ ਕਰ ਰਹੀਆਂ ਸਨ। 18 ਮਾਰਚ 1917 ਨੂੰ ਰੂਸੀ ਕ੍ਰਾਂਤੀ ਦੇ ਸਮੇਂ ਔਰਤਾਂ ਦਾ ਵਿਸ਼ਾਲ ਮੁਜ਼ਾਹਰਾ ਨਿਕਲਿਆ ਸੀ। 8 ਮਾਰਚ 1937 ਨੂੰ ਸਪੇਨ ਦੀ ਤਾਨਾਸ਼ਾਹ ਸਰਕਾਰ ਦੇ ਖਿਲਾਫ਼ ਔਰਤਾਂ ਸੰਘਰਸ਼ ਕਰ ਰਹੀਆਂ ਸਨ। ਭਾਰਤ ਵਿਚਲਾ ਔਰਤਾਂ ਦੀ ਸਿੱਖਿਆ ਦਾ ਅੰਦੋਲਨ ਪੂਣੇ ਤੋਂ ਨਿਕਲ ਕੇ ਬੰਬਈ ਪਹੁੰਚ ਗਿਆ। ਜਦ ਫ਼ਾਤਿਮਾ ਸ਼ੇਖ ਨੂੰ 1851 ਵਿਚ ਦੋ ਸਕੂਲ ਖੋਲ੍ਹਣ ਵਿਚ ਕਾਮਯਾਬੀ ਮਿਲ ਗਈ। ਔਰਤਾਂ ਦੇ ਹੱਥਾਂ ਵਿੱਚ ਕਿਤਾਬ-ਕਲਮ ਆਈ। ਦਲਿਤ, ਆਦਿਵਾਸੀ, ਮੁਸਲਿਮ ਅਤੇ ਅਖੌਤੀ ਅਛੂਤ ਬੱਚੀਆਂ ਸਕੂਲ ਜਾਣ ਲੱਗੀਆਂ ਸੀ।

ਸਾਵ੍ਰਿਤੀ ਬਾਈ ਅਤੇ ਫਾਤਿਮਾ ਸ਼ੇਖ ਦਾ ਕੰਮ ਸਿਰਫ਼ ਲੜਕੀਆਂ ਦੀ ਸਿੱਖਿਆ ਤੱਕ ਸੀਮਤ ਨਹੀਂ ਸੀ, ਉਹਨਾਂ ਨੇ ਸਮਾਜਿਕ ਤਬਦੀਲੀ ਦੇ ਹੋਰ ਕੰਮਾਂ ਨੂੰ ਵੀ ਅੰਜ਼ਾਮ ਦਿੱਤਾ :

- ਉਹਨਾਂ ਨੇ ਸਤਯ-ਸੋਧਕ ਸਮਾਜ ਦੀ ਸਥਾਪਨਾ ਕੀਤੀ।
- ਵਿਧਵਾਵਾਂ ਦੇ 'ਸਿਰ ਮੁੰਨਣ' ਦੇ ਰਿਵਾਜ ਨੂੰ ਬੰਦ ਕਰਨ ਲਈ ਹੱਜਾਮਾਂ ਨੂੰ ਉਹਨਾਂ ਦੇ ਸਿਰ ਮੁੰਨਣ ਤੋਂ ਇਨਕਾਰ ਕਰਨ ਲਈ ਰਾਜ਼ੀ ਕਰ ਲਿਆ।
- ਪਹਿਲਾ ਵਿਧਵਾ ਵਿਆਹ ਮਹਾਂਰਾਸ਼ਟਰ ਵਿੱਚ 1873 ਵਿਚ ਕਰਵਾਇਆ।
- ਬਾਲ ਵਿਆਹ ਦੇ ਖ਼ਾਤਮੇ ਲਈ ਅੰਦੋਲਨ ਖੜ੍ਹਾ ਕੀਤਾ।
- ਅਖੌਤੀ ਅਛੂਤਾਂ ਨੂੰ ਪਿੰਡਾਂ ਦੇ ਜਨਤਕ ਖੂਹਾਂ ਤੋਂ ਪਾਣੀ ਭਰਨ ਦੀ ਇਜਾਜਤ ਨਹੀਂ ਸੀ। ਉਹਨਾਂ ਨੇ ਔਰਤਾਂ ਨੂੰ ਇੱਕਠਿਆਂ ਕਰਕੇ ਉਹਨਾਂ ਲਈ ਪਹਿਲਾਂ ਖੂਹ ਪੁੱਟਣ ਦਾ ਕੰਮ ਕੀਤਾ।
- ਬਲਾਤਕਾਰ ਦੀਆਂ ਸ਼ਿਕਾਰ ਗਰਭਵਤੀ ਔਰਤਾਂ ਦੇ ਸੁਰੱਖਿਅਤ ਜਣੇਪੇ ਅਤੇ ਬਾਈਕਾਟ ਦਾ ਸ਼ਿਕਾਰ ਔਰਤਾਂ/ਬੱਚਿਆਂ ਲਈ ਸੇਵਾ ਘਰ ਦੀ ਸਥਾਪਨਾ ਕੀਤੀ।
- ਅੰਤਰ-ਜਾਤੀ ਵਿਆਹਾਂ ਦੀ ਸ਼ੁਰੂਆਤ ਕੀਤੀ।
- 1853 ਵਿਚ ਸਿੱਖਿਆ ਸੁਸਾਇਟੀ ਦੀ ਸਥਾਪਨਾ ਕੀਤੀ।
- ਅਨਾਥ ਬੱਚਿਆਂ ਨੂੰ ਗੋਦ ਲੈਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ। ਸਾਵ੍ਰਿਤੀ ਬਾਈ ਨੇ ਖ਼ੁਦ ਵਿਧਵਾ ਸੇਵਾ ਘਰ ਦੀ ਇੱਕ ਵਿਧਵਾ ਤੋਂ ਇੱਕ ਬੱਚਾ ਗੋਦ ਲਿਆ ਅਤੇ ਉਸ ਦਾ ਨਾਮ ਯਸਵੰਤ ਰਾਵ ਰੱਖਿਆ।

ਆਦਿ.....ਆਦਿ।

ਜਦ 1880 ਵਿਚ ਜਯੋਤਿ ਰਾਇ ਫੂਲੇ ਦੀ ਮੌਤ ਹੋਈ ਤਾਂ ਸਾਵਿਤ੍ਰੀ ਬਾਈ ਨੇ ਉਹਨਾਂ ਦੀ ਚਿਤਾ ਨੂੰ ਅੱਗ ਦੇ ਕੇ ਮਰਦ-ਪ੍ਰਧਾਨ ਸੋਚ 'ਤੇ ਡੂੰਘੀ ਸੱਟ ਮਾਰੀ। ਲਿੰਗ-ਭੇਦ ਦੇ ਖਾਤਮੇ ਲਈ ਯਤਨ ਤੇਜ ਕੀਤੇ। 1890 ਦੇ ਦਹਾਕੇ ਵਿੱਚ ਜਦ ਮਹਾਰਾਸ਼ਟਰ ਵਿਚ ਪਲੇਗ ਦੀ ਮਹਾਂਮਾਰੀ ਫੈਲੀ ਤਾਂ ਰੋਗੀਆਂ ਦੀ ਸਾਰ ਸੰਭਾਲ ਲਈ 1897 ਵਿੱਚ ਇੱਕ ਕਲੀਨਿਕ ਖੋਲ੍ਹ ਕੇ ਉਹਨਾਂ ਦੀ ਸੇਵਾ ਸ਼ੁਰੂ ਕੀਤੀ। ਉਸੇ ਦੌਰਾਨ ਉਹ ਪਲੇਗ ਦੀ ਬੀਮਾਰੀ ਤੋਂ ਖ਼ੁਦ ਇਨਫੈਕਟਡ ਹੋ ਗਈ ਅਤੇ 10 ਮਾਰਚ 1897 ਨੂੰ ਉਸਦੀ ਮੌਤ ਹੋ ਗਈ। ਉਹਨਾਂ ਦੀ ਮੌਤ ਤੋਂ ਬਾਅਦ ਫ਼ਾਤਿਮਾ ਸ਼ੇਖ ਨੇ ਅੰਦੋਲਨ ਨੂੰ ਕਮਜ਼ੋਰ ਨਹੀਂ ਪੈਣ ਦਿਤਾ, ਪਰ 3 ਸਾਲ ਬਾਅਦ 9 ਅਕਤੂਬਰ 1900 ਨੂੰ ਉਹਨਾਂ ਦੀ ਵੀ ਮੌਤ ਹੋ ਗਈ। ਸਾਵਿਤਰੀ ਬਾਈ ਨੇ ਕਈ ਕਿਤਾਬਾਂ ਵੀ ਲਿਖੀਆਂ। ਪੜ੍ਹਾਈ ਨੂੰ ਉਤਸ਼ਾਹਤ ਕਰਨ ਲਈ ਕਈ ਕਵਿਤਾਵਾਂ ਰਚੀਆਂ। ਅੱਜ ਉਹਨਾਂ ਦੇ ਨਾਮ 'ਤੇ ਪੂਣੇ ਵਿੱਚ ਇਕ ਯੂਨੀਵਰਸਿਟੀ ਹੈ। ਅਤੇ ਫ਼ਾਤਿਮਾ ਸ਼ੇਖ ਦੇ ਨਾਮ 'ਤੇ ਪੂਣੇ ਵਿੱਚ ਇੱਕ ਸੜਕ ਹੈ। ਸਾਵਿਤ੍ਰੀ ਬਾਈ ਦੇ ਜੀਵਨ 'ਤੇ ਦੂਰਦਰਸ਼ਨ ਦਾ ਇੱਕ ਨਾਟਕ ਵੀ ਹੈ ਅਤੇ ਭਾਰਤ ਸਰਕਾਰ ਨੇ ਉਸ ਦੇ ਨਾਮ 'ਤੇ ਇੱਕ ਡਾਕ ਟਿਕਟ ਵੀ ਜਾਰੀ ਕੀਤਾ ਸੀ।

ਸਿੱਖਿਆ ਦੀ ਲੜਾਈ ਜਾਂ ਔਰਤ ਮੁਕਤੀ ਦਾ ਇਹ ਅੰਦੋਲਨ ਮਹਾਰਾਸ਼ਟਰ ਜਾਂ ਬੰਬਈ ਪ੍ਰੇਸੀਡੈਂਸੀ ਤੱਕ ਸੀਮਤ ਨਹੀਂ ਸੀ। ਉਸ ਸਮੇਂ ਬੰਗਾਲ ਅਤੇ ਮਦਰਾਸ ਪ੍ਰੇਸੀਡੈਂਸੀ ਵਿੱਚ ਵੀ ਇਹ ਅੰਦੋਲਨ ਵੱਖ-ਵੱਖ ਰੂਪਾਂ ਵਿੱਚ ਔਰਤਾਂ ਵੱਲੋਂ ਚਲਾਇਆ ਜਾ ਰਿਹਾ ਸੀ। ਕੁੱਝ ਹੋਰ ਮਹਾਨ ਔਰਤਾਂ ਦੇ ਸਮਾਜਿਕ ਕਾਰਜਾਂ ਦਾ ਵੀ ਜ਼ਿਕਰ ਇੱਥੇ ਕਰਾਂਗੇ :



ਪੰਡਿਤਾ ਰਮਾ ਬਾਈ - ਇਹਨਾਂ ਦਾ ਜਨਮ ਮਹਾਰਾਸ਼ਟਰ ਦੇ ਇੱਕ ਬ੍ਰਾਹਮਣ ਪਰਿਵਾਰ ਵਿੱਚ 23 ਅਪਰੈਲ 1858 ਈ. ਨੂੰ ਹੋਇਆ। 12 ਸਾਲ ਦੀ ਉਮਰ ਵਿਚ ਇਹਨਾਂ ਨੇ ਸੰਸਕ੍ਰਿਤ ਦੇ 8000 ਸਲੋਕ ਯਾਦ ਕਰ ਲਏ ਸੀ। ਆਪਣੇ ਪਿਤਾ ਦੇ ਨਾਲ

ਅਤੇ ਉਹਨਾਂ ਦੀ ਮੌਤ ਦੇ ਬਾਅਦ ਵੀ ਉਹਨਾਂ ਨੇ ਧਾਰਮਿਕ ਪ੍ਰਵਚਨ ਵਿਚ ਮੁਹਾਰਤ ਹਾਸਲ ਕੀਤੀ ਜਿਸ ਕਰਕੇ ਕਲਕੱਤਾ ਯੂਨੀਵਰਸਿਟੀ ਨੇ ਉਹਨਾਂ ਨੂੰ "ਪੰਡਿਤਾ" ਦੀ ਉਪਾਧੀ ਦਿੱਤੀ। ਜਦ ਇਹਨਾਂ ਸਲੋਕਾਂ ਅਤੇ ਗ੍ਰੰਥਾਂ ਦੇ ਅਧਿਐਨ ਨਾਲ ਉਹਨਾਂ ਨੂੰ ਚੇਤਨਾ ਪ੍ਰਾਪਤ ਹੋਈ ਕਿ ਇਹਨਾਂ ਗ੍ਰੰਥਾਂ / ਸ਼ਲੋਕਾਂ ਵਿੱਚ ਔਰਤ ਦੀ ਹੈਸੀਅਤ ਇੱਕ ਜਾਨਵਰ ਤੋਂ ਵੀ ਬਦਤਰ ਪੇਸ਼ ਕੀਤੀ ਗਈ ਹੈ, ਤਾਂ ਉਹਨਾਂ ਨੇ ਗ੍ਰੰਥਾਂ/ਧਾਰਮਿਕ ਪ੍ਰਵਚਨਾਂ ਨਾਲੋਂ ਪੂਰੀ ਤਰ੍ਹਾਂ ਨਾਤਾ ਤੋੜ ਲਿਆ ਅਤੇ ਜ਼ਿੰਦਗੀ ਭਰ ਬਰਾਬਰੀ ਅਤੇ ਆਜ਼ਾਦੀ ਦੀ ਲੜਾਈ ਲੜੀ। ਇੱਕ ਗ਼ੈਰ-ਬ੍ਰਾਹਮਣ ਨਾਲ ਅੰਤਰਜਾਤੀ ਵਿਆਹ ਕਰਵਾ ਕੇ ਜਾਤ-ਪਾਤ ਦੀਆਂ ਧੱਜੀਆਂ ਉਡਾਈਆਂ। ਜਦ ਮਹਾਰਾਸ਼ਟਰ ਦੀ ਰੁਖਮਾਬਾਈ ਆਪਣੀ ਪੜ੍ਹਾਈ ਦੇ ਲਈ ਆਪਣੇ ਪਤੀ ਅਤੇ ਪਰਿਵਾਰ ਨਾਲ ਸੰਘਰਸ਼ ਕਰ ਰਹੀ ਸੀ ਅਤੇ ਪਤੀ ਵਲੋਂ ਮੁਕੱਦਮੇ ਅਤੇ ਜੇਲ੍ਹ ਦੀ ਸਜ਼ਾ ਦਾ ਮੁਕਾਬਲਾ ਕਰ ਰਹੀ ਸੀ, ਉਸ ਸਮੇਂ ਪੰਡਿਤਾ ਰਮਾਬਾਈ ਉਸ ਨਾਲ ਖੜ੍ਹੀ ਅਤੇ ਇਹ ਯਕੀਨੀ ਬਣਾਇਆ ਕਿ ਉਹ ਲੰਦਨ ਜਾ ਕੇ ਆਪਣੀ ਡਾਕਟਰੀ ਦੀ ਪੜ੍ਹਾਈ ਪੂਰੀ ਕਰ ਸਕੇ।



ਅਘੋਰ ਕਾਮਿਨੀ - ਅਜਿਹੀ ਹੀ ਇੱਕ ਕਹਾਣੀ ਹੈ - ਬਿਹਾਰ ਦੀ ਅਘੋਰ ਕਾਮਿਨੀ ਦੀ। ਉਹਨਾਂ ਦਾ ਜਨਮ 1838 ਵਿੱਚ ਬੰਗਾਲ ਵਿੱਚ ਹੋਇਆ, ਪਰ ਉਹਨਾਂ ਨੇ ਬਾਅਦ ਵਿੱਚ ਪਟਨਾ ਦੇ ਬਾਂਕੀਪੁਰ ਨੂੰ ਆਪਣੀ ਕਾਰਜ ਭੂਮੀ ਬਣਾਇਆ। 1892 ਵਿੱਚ ਗੋਲ ਘਰ ਦੇ ਕੋਲ 9 ਲੜਕੀਆਂ ਨੂੰ ਲੈ ਕੇ ਇੱਕ ਸਕੂਲ ਸਥਾਪਿਤ ਕੀਤਾ, ਜੋ ਹੁਣ ਵੀ ਬਾਂਕੀਪੁਰ ਗਰਲਸ ਹਾਈ ਸਕੂਲ ਦੇ ਨਾਮ ਹੇਠ ਚੱਲ ਰਿਹਾ ਹੈ। ਬਾਅਦ ਵਿੱਚ ਪਟਨਾ ਦੀ ਖਜਾਂਚੀ ਰੋਡ 'ਤੇ ਵੀ ਲੜਕੀਆਂ ਦਾ ਸਕੂਲ ਖੋਲ੍ਹਿਆ। ਪਟਨਾ ਅਜਾਇਬ ਘਰ ਦੇ ਕੋਲ ਔਰਤ ਕਲਾ-ਘਰ ਖੋਲ੍ਹਿਆ, ਅਤੇ ਉਹ ਹੁਣ ਤਕ ਚੱਲ ਰਿਹਾ। ਸੁਹਾਗ ਦੀਆਂ ਤਮਾਮ ਨਿਸ਼ਾਨੀਆਂ ਦੇ ਨਾਮ ਹੇਠ ਔਰਤਾਂ 'ਤੇ ਮੜ੍ਹੀ ਸਮਾਜਿਕ ਗੁਲਾਮੀ ਦਾ ਉਹਨਾਂ ਨੇ ਡਟ ਕੇ ਵਿਰੋਧ ਕੀਤਾ, ਖ਼ੁਦ ਬਾਈਕਾਟ ਕੀਤਾ।



ਰੁਕੈਯਾ ਸੇਖਾਵਤ - ਬਿਹਾਰ ਵਿੱਚ ਲੜਕੀਆਂ ਦੀ ਪੜ੍ਹਾਈ ਸਬੰਧੀ ਕ੍ਰਾਂਤੀਕਾਰੀ ਕਾਰਜ ਕਰਨ ਦੇ ਖੇਤਰ ਵਿੱਚ ਇੱਕ ਵੱਡਾ ਨਾਮ ਹੈ - ਰੁਕੈਯਾ ਸੇਖਾਵਤ। ਇਹਨਾਂ ਦਾ ਜਨਮ ਪੂਰਬੀ ਬੰਗਾਲ (ਅੱਜ ਬੰਗਲਾ ਦੇਸ਼) ਦੇ ਰੰਗ ਪੁਰ ਜ਼ਿਲ੍ਹੇ ਵਿੱਚ 1880 ਵਿੱਚ ਹੋਇਆ ਸੀ। ਵਿਆਹ ਬਾਅਦ ਭਾਗਲਪੁਰ ਆਏ। ਲੜਕੀਆਂ ਦਾ ਇੱਕ ਸਕੂਲ ਖੋਲ੍ਹਿਆ। ਬੰਗਲਾ ਦੀ ਇੱਕ ਵੱਡੀ ਲੇਖਿਕਾ, ਸਮਾਜਿਕ ਸੁਧਾਰਕ ਅਤੇ ਚਿੰਤਕ ਦੇ ਰੂਪ ਵਿੱਚ ਆਪਣੀ ਪਛਾਣ ਬਣਾਈ। ਔਰਤ ਮੁੱਦਿਆਂ 'ਤੇ ਉਹਨਾਂ ਦੀਆਂ ਲਿਖਤਾਂ ਕ੍ਰਾਂਤੀਕਾਰੀ ਅਤੇ ਬੇਮਿਸਾਲ ਹਨ। ਔਰਤ-ਸ਼ਕਤੀ 'ਤੇ ਅੰਗਰੇਜ਼ੀ ਵਿਚ ਇਕ ਸਾਇੰਸ ਫਿਕਸਨ (ਗਦ) ਵੀ ਲਿਖਿਆ। ਉਹਨਾਂ ਦੇ ਨਾਮ 'ਤੇ ਬੰਗਲਾਦੇਸ਼ ਦੀ ਢਾਕਾ ਯੂਨੀਵਰਸਿਟੀ ਵਿੱਚ ਇੱਕ ਹਾਲ ਹੈ, ਰੰਗਪੁਰ ਵਿਚ ਇੱਕ ਯੂਨੀਵਰਸਿਟੀ ਹੈ। ਉਹ ਪਹਿਲੀ ਅਜਿਹੀ ਮੁਸਲਿਮ ਔਰਤ ਹੈ ਜਿਸ ਦਾ ਬੁੱਤ ਲੱਗਿਆ ਜੋ ਅੱਜ ਵੀ ਕਾਇਮ ਹੈ।



ਮੁਥੂ ਲਕਸ਼ਮੀ ਰੈਡੀ - ਤਾਲੀਮ ਦੀ ਲੜਾਈ ਅਤੇ ਸਮਾਜ ਬਦਲਣ ਦੇ ਸੰਘਰਸ਼ ਦੀਆਂ ਹਜ਼ਾਰਾਂ ਦਾਸਤਾਨਾਂ ਹਨ। ਤਾਮਿਲਨਾਡੂ ਦੀ ਇੱਕ ਦੇਵਦਾਸੀ ਦੀ ਬੇਟੀ ਮੁਥੂ ਲਕਸ਼ਮੀ ਰੈਡੀ, ਜਿਸ ਨੇ ਬਹੁਤ ਔਖੀਆਂ ਹਾਲਤਾਂ ਵਿੱਚ ਦੇਸ਼ ਦੇ ਆਜ਼ਾਦੀ ਦੇ ਅੰਦੋਲਨ ਵਿਚ ਹਿੱਸਾ ਪਾਇਆ, ਨੇ ਕਿੰਨੀਆਂ ਹੀ ਲੜਕੀਆਂ ਨਾਲ ਗਾਂਧੀ ਜੀ ਦੇ ਅੰਦੋਲਨ ਵਿਚ ਜੇਲ੍ਹ ਦੀ ਸਜ਼ਾ ਕੱਟੀ, ਪੁਲਿਸ ਦਾ ਜਬਰ ਝੱਲਿਆ, ਗੋਲੀਆਂ/ਡਾਂਗਾਂ ਖਾਧੀਆਂ। ਉਹ ਪਹਿਲੀ ਔਰਤ ਡਾਕਟਰ ਬਣੀ, ਲੜਕੀਆਂ ਦੀ ਸਿੱਖਿਆ ਦੇ ਖੇਤਰ ਵਿੱਚ ਲਾਸਾਨੀ ਕੰਮ ਕੀਤੇ, ਸਮਾਜਿਕ ਤਬਦੀਲੀ ਵਿੱਚ ਵੱਡੀ ਭੂਮਿਕਾ ਨਿਭਾਈ।

ਪੰਜਾਬੀ ਅਨੁਵਾਦ - ਅਦਾਰਾ

F.I.R.A. ਦੇ ਆਗੂ ਮਰਹੂਮ ਸੂਬਾ ਰਾਓ ਨੂੰ ਸਲਾਮੀ



ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨ ਦੇ ਐਗਜ਼ੈਕਟਿਵ ਕਮੇਟੀ ਮੈਂਬਰ, ਬੰਗਲੌਰ ਵਿਚਾਰਵਾਦੀ ਸੰਘ ਦੇ ਫਾਊਂਡਰ ਮੈਂਬਰ/ਸੂਬਾ ਆਗੂ ਸੂਬਾ ਰਾਓ ਦੇ ਅਚਾਨਕ ਵਿਛੋੜੇ 'ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਉਹਨਾਂ ਦੀ ਭਾਰਤ ਦੀ ਤਰਕਸ਼ੀਲ ਲਹਿਰ ਨੂੰ ਦੇਣ ਨੂੰ ਸਲਾਮ ਕਰਦੀ ਹੈ। ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਉਹਨਾਂ ਦੀ ਸੋਚ 'ਤੇ ਪਹਿਰਾ ਦਿੰਦਿਆਂ ਉਹਨਾਂ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ MS Ramiaha Medical College ਨੂੰ ਪ੍ਰਦਾਨ ਕੀਤਾ ਹੈ।

ਵਿਸ਼ੇਸ਼ ਰਿਪੋਰਟ

ਨਾਸਤਿਕ ਕੇਂਦਰ ਵਿਜੇਵਾੜਾ (ਆਂਧਰਾ ਪ੍ਰਦੇਸ਼) ਵਿਖੇ ਹੋਈ ਕੌਮਾਂਤਰੀ ਕਾਨਫਰੰਸ



- ਸੁਮੀਤ ਸਿੰਘ

ਭਾਰਤ ਦੇ ਪ੍ਰਸਿੱਧ ਸਮਾਜਿਕ ਕਾਰਕੁਨ ਅਤੇ ਨਾਸਤਿਕ ਗੋਰਾ ਅਤੇ ਉਨ੍ਹਾਂ ਦੀ ਜੀਵਨ ਸਾਥਣ ਸਰਸਵਤੀ ਗੋਰਾ ਦੇ ਜਨਮ ਦਿਵਸ ਦੇ ਸੰਬੰਧ ਵਿੱਚ ਨਾਸਤਿਕ ਕੇਂਦਰ ਵਿਜੇਵਾੜਾ (ਆਂਧਰਾ ਪ੍ਰਦੇਸ਼) ਵੱਲੋਂ 7-9 ਜਨਵਰੀ 2023 ਨੂੰ ਇਕ ਤਿੰਨ ਦਿਨਾਂ ਅੰਤਰਰਾਸ਼ਟਰੀ ਨਾਸਤਿਕ ਕਾਨਫਰੰਸ ਆਯੋਜਿਤ ਕੀਤੀ ਗਈ ਜਿਸ ਵਿਚ 'ਨਾਸਤਿਕਤਾ, ਸੈਕੂਲਰ ਵਿਚਾਰ ਅਤੇ ਸਮਾਜਿਕ ਗਤੀਵਿਧੀਆਂ' ਵਿਸ਼ੇ ਸੰਬੰਧੀ ਵਿਸਥਾਰ ਵਿਚ ਚਰਚਾ ਕੀਤੀ ਗਈ। ਇਸ ਵਿਚ ਤਰਕਸ਼ੀਲ ਸੁਸਾਇਟੀ ਪੰਜਾਬ ਸਮੇਤ ਭਾਰਤ ਦੇ ਹੋਰਨਾਂ ਸੂਬਿਆਂ ਦੀਆਂ ਤਰਕਸ਼ੀਲ, ਗ਼ੈਰ ਧਾਰਮਿਕ, ਨਾਸਤਿਕ ਅਤੇ ਮਾਨਵਤਾਵਾਦੀ ਸੰਸਥਾਵਾਂ ਤੋਂ ਇਲਾਵਾ ਅਮਰੀਕਾ, ਜਰਮਨੀ, ਇੰਗਲੈਂਡ ਅਤੇ ਨੇਪਾਲ ਦੀਆਂ ਤਰਕਸ਼ੀਲ ਸੰਸਥਾਵਾਂ ਦੇ ਆਗੂਆਂ ਅਤੇ ਡੈਲੀਗੇਟਾਂ ਨੇ ਹਿੱਸਾ ਲਿਆ। ਇਸ ਕਾਨਫਰੰਸ ਦੀ ਪ੍ਰਧਾਨਗੀ ਮਦਰਾਸ ਦੀ ਤਰਕਸ਼ੀਲ ਸੰਸਥਾ ਦਰਾਵੜ ਕੜਗਮ ਤਾਮਿਲਨਾਡੂ ਦੇ ਆਗੂ ਅਤੇ "ਦੀ ਮਾਡਰਨ ਰੈਸ਼ਨਲਿਸਟ" ਮੈਗਜ਼ੀਨ ਦੇ ਜੋਇੰਟ ਐਡੀਟਰ ਵੀ. ਕੁਮਾਰਸਨ ਨੇ ਕੀਤੀ। ਇਸ ਕਾਨਫਰੰਸ ਵਿੱਚ ਆਂਧਰਾ ਪ੍ਰਦੇਸ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਮੰਡਾਲੀ ਬੁੱਧਾ ਪ੍ਰਸਾਦ ਅਤੇ ਵਿਧਾਇਕ ਗੱਡੇ ਰਾਮ ਮੋਹਨ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ।

ਇਸ ਕਾਨਫਰੰਸ ਦੇ ਪ੍ਰਧਾਨਗੀ ਮੰਡਲ ਵਿਚ ਫਰੀਡਮ ਫਰਾਮ ਰਿਲੀਜਨ ਫਾਊਂਡੇਸ਼ਨ ਅਮਰੀਕਾ ਦੇ ਸੰਸਥਾਪਕ ਡਾਨ ਬਾਰਕਰ, ਯੋਰਪੀਅਨ ਕੌਂਸਲ ਆਫ ਸਕੈਪਟਿਕਲ ਆਰਗੇਨਾਈਜੇਸ਼ਨ ਜਰਮਨੀ ਦੇ ਅਮਰਦਿਓ, ਫਰੀਡਮ ਫਰਾਮ ਰਿਲਿਜ਼ਨ ਫਾਊਂਡੇਸ਼ਨ ਦੇ ਸੰਚਾਰ ਨਿਰਦੇਸ਼ਕ ਅਮਿਤਾਭ ਪਾਲ, ਫੈਡਰੇਸ਼ਨ ਆਫ ਇੰਡੀਅਨ ਰੈਸ਼ਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਨਾਇਕ, ਹਿਊਮਨਿਸਟ ਇੰਟਰਨੈਸ਼ਨਲ ਇੰਗਲੈਂਡ ਦੇ ਉਤਮ ਨਿਰੋਲਾ, ਬ੍ਰਿਟਿਸ਼ ਹਾਈ ਕਮਿਸ਼ਨ ਦਿੱਲੀ ਦੇ ਡਿਜੀਟਲ ਵਿਭਾਗ ਦੀ ਮੁਖੀ ਮੈਡਮ ਸਾਕਥੀ ਐਡਮਾਰਕੂ (ਪ੍ਰਸਿੱਧ ਰੈਸ਼ਨਲਿਸਟ ਸਨਲ ਐਡਮਾਰਕੂ ਦੀ ਬੇਟੀ), ਮਹਾਂਰਾਸ਼ਟਰ ਅੰਧਸ਼ਰਧਾ ਨਿਰਮੂਲਨ ਸਮਿਤੀ ਦੇ ਕਾਰਜਕਾਰੀ ਪ੍ਰਧਾਨ ਅਵਿਨਾਸ਼ ਪਾਟਿਲ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਅਤੇ ਲੇਖਕ ਸੁਮੀਤ ਸਿੰਘ, ਹਿਊਮਨਿਸਟ ਅਤੇ ਰੈਸ਼ਨਲਿਸਟ ਆਰਗੇਨਾਈਜੇਸ਼ਨ ਉੜੀਸਾ ਦੇ ਧਾਨੇਸ਼ਵਰ ਸਾਹੂ, ਨਾਸਤਿਕ ਕੇਂਦਰ ਵਿਜੇਵਾੜਾ ਦੇ ਚੇਅਰਮੈਨ ਡਾ. ਜੀ.ਸਮਾਰਮ, ਨਿਰਦੇਸ਼ਕ ਜੀ. ਨਿਯੰਤਾ, ਮੈਡਮ ਮਨੋਰਮਾ, ਡਾ. ਐਨ. ਭਾਸਕਰ ਰਾਓ ਅਤੇ ਨਰਸਿੰਗ ਹੋਮ ਦੇ ਡਾ. ਮਾਰੂ ਸ਼ਾਮਿਲ ਹੋਏ।

ਇਸ ਕਾਨਫਰੰਸ ਦੇ ਕਨਵੀਨਰ ਅਤੇ ਨਾਸਤਿਕ ਕੇਂਦਰ ਦੇ ਚੇਅਰਮੈਨ ਡਾ. ਜੀ. ਸਮਾਰਮ ਨੇ ਦੇਸ਼ ਵਿਦੇਸ਼ ਦੀਆਂ ਤਰਕਸ਼ੀਲ, ਨਾਸਤਿਕ ਅਤੇ ਮਾਨਵਵਾਦੀ ਸੰਸਥਾਵਾਂ ਤੋਂ ਆਏ ਮਹਿਮਾਨਾਂ ਅਤੇ ਡੈਲੀਗੇਟਾਂ ਨੂੰ ਜੀ ਆਇਆਂ ਕਹਿੰਦੇ ਹੋਏ ਦੱਸਿਆ ਕਿ ਨਾਸਤਿਕ ਕੇਂਦਰ ਵਿਜੇਵਾੜਾ ਪਿਛਲੇ ਕਈ ਦਹਾਕਿਆਂ ਤੋਂ ਆਪਣੇ ਪੂਰਵਜ ਅਤੇ ਇਸ ਕੇਂਦਰ ਦੇ ਸੰਸਥਾਪਕ ਪ੍ਰਸਿੱਧ ਨਾਸਤਿਕ ਗੋਰਾ ਅਤੇ ਉਨ੍ਹਾਂ ਦੀ ਜੀਵਨ ਸਾਥਣ ਸਰਸਵਤੀ ਗੋਰਾ ਦੀ ਮਨੁੱਖਤਾਵਾਦੀ ਵਿਚਾਰਧਾਰਾ ਦੇ ਜ਼ਰੀਏ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਧਰਮ ਨਿਰੱਪਖਤਾ, ਤਰਕਸ਼ੀਲਤਾ, ਨਾਸਤਿਕਤਾ ਅਤੇ ਇਨਸਾਨੀਅਤ ਦੀਆਂ ਸਮਾਜਿਕ ਅਤੇ ਨੈਤਿਕ ਕਦਰਾਂ ਕੀਮਤਾਂ ਪ੍ਰਫੁਲਿਤ ਕਰਨ ਲਈ ਲਗਾਤਾਰ ਯਤਨ ਕਰ ਰਿਹਾ ਹੈ ਅਤੇ ਇਸ ਨੇ ਵਿਗਿਆਨਕ ਸੋਚ ਅਤੇ ਸਮਾਜ ਸੁਧਾਰ ਦੇ ਖੇਤਰ ਵਿੱਚ ਵੱਡੀ ਤਬਦੀਲੀ ਲਿਆਉਣ ਵਿਚ ਸਫਲਤਾ ਹਾਸਿਲ ਕੀਤੀ ਹੈ। ਇਸ ਤੋਂ ਬਾਅਦ ਨਾਸਤਿਕ ਕੇਂਦਰ ਦੀ ਸਭਿਆਚਾਰਕ ਟੀਮ ਅਤੇ ਬਜ਼ੁਰਗ ਕਲਾਕਾਰ ਅੰਨਾਪੂਰਨਾ ਵੱਲੋਂ ਸਵਾਗਤੀ ਗੀਤ ਪੇਸ਼ ਕੀਤੇ ਗਏ ਜਦ ਕਿ ਸਭ ਤੋਂ ਛੋਟੀ ਉਮਰ ਦੇ ਮਾਸਟਰ ਸਾਹਸ ਗੋਰਾ ਵੱਲੋਂ ਸਵਾਗਤੀ ਸ਼ਬਦਾਂ ਨਾਲ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।

ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਵੀ. ਕੁਮਾਰਸਨ ਨੇ ਕਿਹਾ ਕਿ ਭਾਰਤ ਦੀਆਂ ਤਰਕਸ਼ੀਲ, ਮਾਨਵਤਾਵਾਦੀ ਅਤੇ ਨਾਸਤਿਕ ਸੰਸਥਾਵਾਂ ਦੇਸ਼ ਦੇ ਲੋਕਤੰਤਰ, ਧਰਮ ਨਿਰਪੱਖਤਾ, ਵਿਗਿਆਨਕ ਸੋਚ, ਫਿਰਕੂ ਏਕਤਾ ਅਤੇ ਆਮ ਲੋਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਲਈ ਸਿਰਤੋੜ ਯਤਨ ਕਰ ਰਹੀਆਂ ਹਨ ਪਰ ਇਸਦੇ ਬਿਲਕੁਲ ਉਲਟ ਆਰ.ਐਸ.ਐਸ. ਵਰਗੀਆਂ ਕੁਝ ਕੱਟੜ ਧਾਰਮਿਕ ਸੰਸਥਾਵਾਂ ਸਮਾਜ ਵਿੱਚ ਧਰਮਾਂ ਅਤੇ ਫਿਰਕਿਆਂ ਦੀਆਂ ਵੰਡੀਆਂ ਪਾ ਕੇ ਫਿਰਕੂ ਨਫ਼ਰਤ ਅਤੇ ਹਿੰਸਾ ਫੈਲਾ ਰਹੀਆਂ ਹਨ ਅਤੇ ਮੋਦੀ ਸਰਕਾਰ ਵਲੋਂ

ਹਿੰਦੂਤਵ ਦੇ ਫਿਰਕੂ ਏਜੰਡੇ ਹੇਠ ਘੱਟ ਗਿਣਤੀਆਂ ਦੇ ਮੌਲਿਕ ਅਧਿਕਾਰਾਂ ਅਤੇ ਵਿਗਿਆਨਕ ਸੋਚ ਨੂੰ ਕੁਚਲਿਆ ਜਾ ਰਿਹਾ ਹੈ। ਇਸ ਲਈ ਸਾਨੂੰ ਸਮੂਹ ਤਰਕਸ਼ੀਲ ਸੰਸਥਾਵਾਂ ਨੂੰ ਇਕਜੁੱਟ ਹੋ ਕੇ ਇਸ ਫਾਸ਼ੀਵਾਦ ਦੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਨੀ ਹੋਵੇਗੀ। ਇਸ ਮੌਕੇ ਮੁੱਖ ਮਹਿਮਾਨ ਮੰਡਾਲੀ ਬੁੱਧਾ ਪ੍ਰਸਾਦ ਅਤੇ ਗੱਡੇ ਰਾਮ ਮੋਹਨ ਨੇ ਨਾਸਤਿਕ ਕੇਂਦਰ ਵਿਜੇਵਾੜਾ ਅਤੇ ਹੋਰਨਾਂ ਤਰਕਸ਼ੀਲ ਸੰਸਥਾਵਾਂ ਵੱਲੋਂ ਸਮਾਜ ਸੁਧਾਰ ਅਤੇ ਵਿਗਿਆਨਕ ਸੋਚ ਦੇ ਖੇਤਰ ਵਿਚ ਕੀਤੇ ਜਾ ਰਹੇ ਅਹਿਮ ਕਾਰਜਾਂ ਦੀ ਪ੍ਰਸੰਸਾ ਕੀਤੀ ਗਈ ਅਤੇ ਆਪਣਾ ਭਰਪੂਰ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਪ੍ਰਧਾਨਗੀ ਮੰਡਲ ਵੱਲੋਂ ਕਾਨਫਰੰਸ ਦਾ ਸੋਵੀਨਰ ਵੀ ਰਿਲੀਜ਼ ਕੀਤਾ ਗਿਆ।

ਇਸ ਮੌਕੇ ਦਰਾਵੜ ਕੜਗਮ ਮਦਰਾਸ ਦੇ ਨਾਮਵਰ ਤਰਕਸ਼ੀਲ ਬੁੱਧੀਜੀਵੀ ਅਤੇ ਰੈਸ਼ਨਲਿਸਟ ਫੋਰਮ ਤਾਮਿਲਨਾਡੂ ਦੇ ਸੰਸਥਾਪਕ ਡਾ. ਕੇ. ਵੀਰਮਾਨੀ ਦਾ ਵੀਡੀਓ ਸੰਦੇਸ਼ ਪ੍ਰਸਾਰਿਤ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਲੋਕਤੰਤਰ, ਵਿਗਿਆਨਕ ਸੋਚ, ਨਾਸਤਿਕਤਾ, ਆਜ਼ਾਦਾਨਾ ਵਿਚਾਰ, ਸਮਾਜਿਕ ਨਿਆਂ, ਧਰਮ ਨਿਰਪੱਖਤਾ ਅਤੇ ਸੰਘਰਸ਼ ਦੁਨੀਆਂ ਵਿਚ ਹੁਣ ਤੱਕ ਦੇ ਹੋਏ ਸਮਾਜਿਕ ਅਤੇ ਮਨੁੱਖੀ ਵਿਕਾਸ ਦਾ ਮੁੱਖ ਆਧਾਰ ਰਹੇ ਹਨ ਅਤੇ ਕੋਈ ਵੀ ਦੇਸ਼ ਇਨ੍ਹਾਂ ਜਮਹੂਰੀ ਹੱਕਾਂ ਨੂੰ ਆਪਣੇ ਨਾਗਰਿਕਾਂ ਲਈ ਯਕੀਨੀ ਬਣਾਏ ਬਗੈਰ ਸਥਾਈ ਵਿਕਾਸ ਨਹੀਂ ਕਰ ਸਕਦਾ। ਉਨ੍ਹਾਂ ਨੇ ਸਮੂਹ ਤਰਕਸ਼ੀਲ ਅਤੇ ਮਾਨਵਤਾਵਾਦੀ ਸੰਸਥਾਵਾਂ ਨੂੰ ਧਾਰਮਿਕ ਅਤੇ ਹਕੂਮਤੀ ਫਾਸ਼ੀਵਾਦ ਦਾ ਡਟਵਾਂ ਵਿਰੋਧ ਕਰਨ ਅਤੇ ਤਰਕਸ਼ੀਲ ਵਿਚਾਰਧਾਰਾ ਅਤੇ ਜਮਹੂਰੀਅਤ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਦਾ ਸੱਦਾ ਦਿੱਤਾ।

ਇਸ ਤੋਂ ਪਹਿਲਾਂ ਕਾਨਫਰੰਸ ਦੇ ਕੋ-ਕਨਵੀਨਰ ਅਤੇ ਸਟੇਜ ਸੰਚਾਲਕ ਡਾ. ਵਿਕਾਸ ਗੋਰਾ ਨੇ ਕਾਨਫਰੰਸ ਦੇ ਮੁੱਖ ਵਿਸ਼ੇ ਸੰਬੰਧੀ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪਿਛਲੇ ਕੁੱਝ ਸਾਲਾਂ ਤੋਂ ਦੇਸ਼ ਵਿਚ ਧਾਰਮਿਕ ਮੂਲਵਾਦ, ਮਿਥਿਹਾਸ ਅਤੇ ਅੰਧਵਿਸ਼ਵਾਸ ਨੂੰ ਉਭਾਰ ਕੇ ਲੋਕਾਂ ਨੂੰ ਵਿਗਿਆਨਕ ਚੇਤਨਾ ਅਤੇ ਜਮਹੂਰੀ ਹੱਕਾਂ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ ਪਰ ਸਾਨੂੰ ਤਰਕਸ਼ੀਲਤਾ, ਧਰਮ ਨਿਰਪੱਖਤਾ, ਵਿਗਿਆਨਕ ਸੋਚ ਅਤੇ ਜਮਹੂਰੀਅਤ ਦੀ ਰਾਖੀ ਲਈ ਅਜਿਹੀਆਂ ਅਲਾਮਤਾਂ ਦਾ ਹੋਰ ਵੀ ਵੱਧ ਮਜ਼ਬੂਤੀ ਨਾਲ ਟਾਕਰਾ ਕਰਨ ਦੀ ਲੋੜ ਹੈ। ਫਰੀਡਮ ਫਰਾਮ ਰਿਲਿਜਨ ਫਾਊਂਡੇਸ਼ਨ ਅਮਰੀਕਾ ਦੇ ਡਾਨ ਬਾਰਕਰ ਅਤੇ ਅਮਿਤਾਭ ਪਾਲ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਵਲੋਂ ਹਿੰਦੂਤਵ ਦੇ ਫਾਸ਼ੀਵਾਦੀ ਏਜੰਡੇ ਹੇਠ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਖਾਸ ਕਰਕੇ ਵਿਗਿਆਨਕ ਸੋਚ ਉੱਤੇ ਪਾਬੰਦੀਆਂ ਲਾ ਕੇ ਤਰਕਸ਼ੀਲ ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ ਨੂੰ ਝੂਠੇ ਕੇਸਾਂ ਹੇਠ ਜੇਲ੍ਹਾਂ ਵਿਚ ਨਜ਼ਰਬੰਦ ਕੀਤਾ ਜਾ ਰਿਹਾ ਹੈ ਜੋ ਕਿ ਇਕ ਤਰ੍ਹਾਂ ਦੀ ਅਨਐਲਾਨੀ ਐਮਰਜੈਂਸੀ ਹੈ ਅਤੇ ਇਸਨੂੰ ਕਿਸੇ ਵੀ ਤਰ੍ਹਾਂ ਲੋਕਤੰਤਰ ਅਤੇ ਅੰਮ੍ਰਿਤ ਕਾਲ ਨਹੀਂ ਕਿਹਾ ਜਾ ਸਕਦਾ। ਜਰਮਨੀ ਦੇ ਅਮਰਦਿਓ ਸ਼ਰਮਾ ਨੇ ਭਾਰਤ ਵਿਚ ਤਰਕਸ਼ੀਲ ਅਤੇ ਸੈਕੂਲਰ ਵਿਚਾਰਧਾਰਾ ਦੇ ਲਗਾਤਾਰ ਪਾਸਾਰ ਉੱਤੇ ਤਸੱਲੀ ਪ੍ਰਗਟ ਕਰਦਿਆਂ ਫਿਰਕੂ ਫਾਸ਼ੀਵਾਦ ਅਤੇ ਅੰਧ ਰਾਸ਼ਟਰਵਾਦ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ। ਫੀਰਾ ਦੇ ਪ੍ਰਧਾਨ ਨਰਿੰਦਰ ਨਾਇਕ ਨੇ ਕਿਹਾ ਕਿ ਕਿ ਦੇਸ਼ ਵਿੱਚ ਵਧ ਰਹੇ ਧਾਰਮਿਕ ਕੱਟੜਵਾਦ, ਡੇਰਾਵਾਦ, ਬਾਬਾਵਾਦ, ਪਾਖੰਡਵਾਦ ਅਤੇ ਅੰਧ ਵਿਸ਼ਵਾਸ ਦਾ ਖਾਤਮਾ ਕਰਨ ਲਈ ਸਾਨੂੰ ਹਰ ਵਰਗ ਅਤੇ ਖੇਤਰ ਦੇ ਲੋਕਾਂ ਵਿਚ ਲਗਾਤਾਰ ਵਿਗਿਆਨਕ ਚੇਤਨਾ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਦੀ ਲੋੜ ਹੈ। ਉਤਮ ਨਿਰੋਲਾ ਨੇ ਮੋਦੀ ਸਰਕਾਰ ਵੱਲੋਂ ਭਾਰਤੀ ਸੰਵਿਧਾਨ ਦੀ ਧਾਰਾ 51-ਏ(ਐਚ) ਦੇ ਉਲਟ ਸਿੱਖਿਆ ਦੇ ਭਗਵੇਂਕਰਨ ਅਤੇ ਨਿੱਜੀਕਰਨ ਨੂੰ ਭਾਰਤ ਦੇ ਭਵਿੱਖ ਲਈ ਘਾਤਕ ਕਰਾਰ ਦਿੰਦਿਆਂ ਇਸਦੇ ਖਿਲਾਫ਼ ਇਕਜੁੱਟ ਹੋ ਕੇ ਲੋਕ ਸੰਘਰਸ਼ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ।

ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਆਗੂ ਸੁਮੀਤ ਸਿੰਘ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਦੇ ਇਲਾਵਾ ਸ਼ਹੀਦ ਭਗਤ ਸਿੰਘ, ਡਾ. ਕਾਵੂਰ, ਪੇਰੀਅਰ ਰਾਮਾਸਾਮੀ ਅਤੇ ਗੋਰਾ ਦੀ ਇਨਕਲਾਬੀ ਵਿਚਾਰਧਾਰਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੌਜੂਦਾ ਧਾਰਮਿਕ ਕੱਟੜਵਾਦ ਦੇ ਖਿਲਾਫ਼ ਅਤੇ ਲੋਕਪੱਖੀ ਸਮਾਜਿਕ ਅਤੇ ਵਿਗਿਆਨਕ ਤਬਦੀਲੀ ਲਈ ਸਾਨੂੰ ਅਜਿਹੇ ਲੋਕਪੱਖੀ ਦਾਰਸ਼ਨਿਕ ਤੋਂ ਇਨਕਲਾਬੀ ਸੇਧ ਲੈ ਕੇ ਆਮ ਲੋਕਾਈ ਨੂੰ ਚੇਤੰਨ ਕਰਨ ਦੇ ਇਲਾਵਾ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਜਥੇਬੰਦਕ ਸੰਘਰਸ਼ ਕਰਨ ਵੱਲ ਸੇਧਿਤ ਕਰਨਾ ਚਾਹੀਦਾ ਹੈ। ਉਨ੍ਹਾਂ ਇਸ ਸੰਬੰਧੀ ਕੁੱਝ ਮਤੇ ਪੇਸ਼ ਕਰਦਿਆਂ ਸਮੁੱਚੇ ਦੇਸ਼ ਵਿਚ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਲਾਗੂ ਕਰਨ ਉੱਤੇ ਜ਼ੋਰ ਦਿੱਤਾ। ਅਵਿਨਾਸ਼ ਪਾਟਿਲ ਨੇ ਡਾ. ਨਰਿੰਦਰ ਦਾਭੋਲਕਰ, ਪ੍ਰੋ. ਐਮ.ਐਮ. ਕਲਬੁਰਗੀ, ਗੋਵਿੰਦ ਪੰਸਾਰੇ ਅਤੇ ਗੌਰੀ ਲੰਕੇਸ਼ ਨੂੰ ਯਾਦ ਕਰਦਿਆਂ ਕਿਹਾ ਕਿ ਭਾਰਤ ਵਿਚ ਹਿੰਦੂਤਵੀ ਸੰਗਠਨਾਂ ਦੇ ਫਿਰਕੂ ਮਨਸੂਬਿਆਂ ਦੇ ਬਾਵਜੂਦ ਭਾਰਤ ਵਿਚ ਤਰਕਸ਼ੀਲ, ਧਰਮ ਨਿਰਪੱਖ, ਮਾਨਵਤਾਵਾਦੀ ਅਤੇ ਨਾਸਤਿਕ ਵਿਚਾਰਧਾਰਾ ਲਗਾਤਾਰ

ਪ੍ਰਫੁਲਿਤ ਹੋ ਰਹੀ ਹੈ। ਮੈਡਮ ਸਾਕਸ਼ੀ ਐਡਮਾਰਕੂ ਨੇ ਗੋਦੀ ਮੀਡੀਆ ਵੱਲੋਂ ਅੰਧਵਿਸ਼ਵਾਸ ਅਤੇ ਬਾਬਾਵਾਦ ਦਾ ਗ਼ੈਰ ਕਾਨੂੰਨੀ ਅਤੇ ਝੂਠਾ ਪ੍ਰਚਾਰ ਕੀਤੇ ਜਾਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਬਹੁਗਿਣਤੀ ਲੋਕ ਹੁਣ ਕਿਸੇ ਅਖੌਤੀ ਪ੍ਰਮਾਤਮਾ ਜਾਂ ਧਰਮ ਉੱਤੇ ਵਿਸ਼ਵਾਸ ਕਰਨ ਦੀ ਥਾਂ ਵਿਗਿਆਨਕ ਅਤੇ ਸਮਾਜਿਕ ਚੇਤਨਾ ਰਾਹੀਂ ਆਪਣੇ ਜਮਹੂਰੀ ਹੱਕ ਲੈਣ ਲਈ ਜਥੇਬੰਦਕ ਸੰਘਰਸ਼ ਕਰ ਰਹੇ ਹਨ। ਧਾਨੇਸ਼ਵਰ ਸਾਹੂ ਨੇ ਧਰਮ ਨੂੰ ਰਾਜਨੀਤੀ, ਸਿੱਖਿਆ, ਰਾਜ ਪ੍ਰਬੰਧ, ਨਿਆਂਪਾਲਿਕਾ ਅਤੇ ਸੰਵਿਧਾਨਿਕ ਸੰਸਥਾਵਾਂ ਤੋਂ ਵੱਖ ਰੱਖਣ ਅਤੇ ਸੰਵਿਧਾਨ ਦੀ ਧਾਰਾ 51-ਏ (ਐਚ) ਅਨੁਸਾਰ ਲੋਕਾਂ ਵਿਚ ਵਿਗਿਆਨਕ ਸੋਚ ਅਤੇ ਇਨਸਾਨੀਅਤ ਦੀ ਭਾਵਨਾ ਵਿਕਸਤ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਉਪਰੋਕਤ ਸਭ ਵਿਦਵਾਨਾਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।

ਦੂਜੇ ਦਿਨ ਸਵੇਰ ਦੇ ਵਿਸ਼ੇਸ਼ ਸੈਸ਼ਨ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਮਲੇਰਕੋਟਲਾ ਇਕਾਈ ਦੇ ਆਗੂ ਮੋਹਨ ਬਡਲਾ ਵੱਲੋਂ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋ ਵਿਗਿਆਨਕ ਚੇਤਨਾ ਦੇ ਪ੍ਰਚਾਰ-ਪ੍ਰਸਾਰ ਦੇ ਖੇਤਰ ਵਿੱਚ ਪਿਛਲੇ 38 ਸਾਲਾਂ ਵਿਚ ਕੀਤੇ ਵਿਕਾਸ ਅਤੇ ਗਤੀਵਿਧੀਆਂ ਦੀ ਵਿਸਥਾਰ ਵਿਚ ਪ੍ਰਭਾਵਸ਼ਾਲੀ ਡਿਜ਼ੀਟਲ ਪੇਸ਼ਕਾਰੀ ਕੀਤੀ ਗਈ ਜਿਸ ਨੂੰ ਹਾਜ਼ਰ ਡੈਲੀਗੇਟਾਂ ਵੱਲੋਂ ਭਰਪੂਰ ਪਸੰਦ ਕੀਤਾ ਗਿਆ।

ਸ਼ਾਮ ਨੂੰ ਸਭਿਆਚਾਰਕ ਪ੍ਰੋਗਰਾਮਾਂ ਮੌਕੇ ਜਿੱਥੇ ਨਾਸਤਿਕ ਕੇਂਦਰ ਦੀ ਸਭਿਆਚਾਰਕ ਮੰਡਲੀ ਵੱਲੋਂ ਲੋਕ ਗੀਤ, ਨਾਚ, ਇਕਾਂਗੀ ਅਤੇ ਕੋਰਿਓਗ੍ਰਾਫੀ ਦੀ ਪੇਸ਼ਕਾਰੀ ਕੀਤੀ ਗਈਸ, ਉੱਥੇ ਹੀ ਤਰਕਸ਼ੀਲ ਸੁਸਾਇਟੀ ਅੰਮ੍ਰਿਤਸਰ ਇਕਾਈ ਦੀ ਨਵਜੀਤ ਵੱਲੋਂ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ, ਇਨਕਲਾਬੀ ਫਲਸਫੇ ਅਤੇ ਉਸ ਵੱਲੋਂ ਦੇਸ਼ ਆਜ਼ਾਦੀ ਲਈ ਦਿੱਤੀ ਲਾਸਾਨੀ ਸ਼ਹਾਦਤ ਤੇ ਅਮੁੱਲੇ ਯੋਗਦਾਨ ਸੰਬੰਧੀ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਫੀਰਾ ਦੇ ਪ੍ਰਧਾਨ ਨਰਿੰਦਰ ਨਾਇਕ ਵੱਲੋ ਪਾਖੰਡੀ ਬਾਬੇ ਸਤਿਆ ਸਾਈਂ ਅਤੇ ਹੋਰਨਾਂ ਪਾਖੰਡੀਆਂ ਵੱਲੋਂ ਆਮ ਸ਼ਰਧਾਲੂਆਂ ਨੂੰ ਧਰਮ ਅਤੇ ਜਾਦੂ ਦੀ ਆੜ ਹੇਠ ਮੂਰਖ ਬਣਾ ਕੇ ਲੁੱਟਣ ਵਾਲੇ ਅਖੌਤੀ ਚਮਤਕਾਰਾਂ ਦਾ ਪਰਦਾਫਾਸ਼ ਕਰਦੀ ਪੇਸ਼ਕਾਰੀ ਵਿਖਾ ਕੇ ਚੇਤਨ ਕੀਤਾ ਗਿਆ।

ਕਾਨਫਰੰਸ ਦੇ ਦੋਵੇਂ ਦਿਨ ਚੱਲੇ ਵੱਖ-ਵੱਖ ਸੈਸ਼ਨਾਂ ਵਿਚ ਮੀਡੀਆ ਅਤੇ ਧਰਮ ਨਿਰਪੱਖਤਾ, ਵਿਗਿਆਨਕ ਸੋਚ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ, ਮਨੁੱਖੀ ਅਧਿਕਾਰ ਅਤੇ ਨਾਸਤਿਕਤਾ, ਵਿਗਿਆਨਕ ਦ੍ਰਿਸ਼ਟੀਕੋਣ ਅਤੇ ਸਿੱਖਿਆ, ਫਾਸ਼ੀਵਾਦ ਅਤੇ ਅੱਤਵਾਦ-ਵਿਕਾਸ ਦੇ ਮੁੱਖ ਅੜਿੱਕੇ, ਨਾਸਤਿਕਤਾ ਅਤੇ ਸਿਆਸਤ, ਮੌਜੂਦਾ ਸਮਿਆਂ ਦੇ ਸਮਾਜ ਸੁਧਾਰ ਅਤੇ ਕੌਮਾਂਤਰੀ ਮਾਨਵਤਾਵਾਦੀ ਲਹਿਰ ਦਾ ਭਵਿੱਖ ਆਦਿ ਮਹੱਤਵਪੂਰਨ ਵਿਸ਼ਿਆਂ ਸੰਬੰਧੀ ਨਾਮਵਰ ਵਿਦਵਾਨਾਂ ਅਤੇ ਡੈਲੀਗੇਟਾਂ ਵੱਲੋ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਦੌਰਾਨ ਹੋਈ ਵਿਚਾਰ ਚਰਚਾ ਵਿੱਚ ਉਪਰੋਕਤ ਨਾਮਵਰ ਵਿਦਵਾਨਾਂ ਤੋਂ ਇਲਾਵਾ ਡਾ. ਵਿਕਾਸ ਗੋਰਾ, ਅਮਿਤਾਭ ਪਾਲ, ਸਾਕਸ਼ੀ ਐਡਮਾਰਕੂ, ਧਾਨੇਸ਼ਵਰ ਸਾਹੂ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੁਮੀਤ ਸਿੰਘ, ਮਾਨਵਵਾਦੀ ਸੰਸਥਾ ਚੰਡੀਗੜ੍ਹ ਦੇ ਮਨੋਜ ਮਲਿਕ, ਤਰਕਸ਼ੀਲ ਸੁਸਾਇਟੀ ਭਾਰਤ ਦੇ ਰਾਜਾ ਰਾਮ ਹੰਡਿਆਇਆ, "ਹੰਸ" ਮੈਗਜੀਨ ਦੇ ਸੰਪਾਦਕ ਸ਼ਾਮ ਸੁੰਦਰ, ਕਰਨਾਟਕਾ ਦੇ ਬਾਲਮੀਕੀ ਨਾਇਕ, ਮਮਤਾ ਨਾਇਕ, ਨਵੀਂ ਦਿੱਲੀ ਦੇ ਰਾਜਿੰਦਰ ਸਿੰਘ, ਮਾਨਵ ਵਿਕਾਸ ਵੇਦਿਕਾ ਆਂਧਰਾ ਪ੍ਰਦੇਸ਼ ਦੇ ਡਾ. ਮਨੋਜ ਕੁਮਾਰ, ਨਾਸਤਿਕ ਕੇਂਦਰ ਦੇ ਰਸ਼ਮੀ ਸਮਾਰਮ, ਡਾ. ਸੁਭਾ ਗੋਰਾ, ਡਾ. ਸੁਦੀਪਤੀ ਵਰਧਨ, ਪ੍ਰੋ. ਉਪੇਂਦਰ ਰੈਡੀ, ਡਾ, ਪ੍ਰਕਾਸ਼, ਨਗੇਸ਼ਵਰ ਰਾਓ ਆਦਿ ਨੇ ਹਿੱਸਾ ਲਿਆ। ਕਾਨਫਰੰਸ ਦੇ ਆਖਰੀ ਦਿਨ ਡੈਲੀਗੇਟਾਂ ਨੂੰ ਨਾਸਤਿਕ ਕੇਂਦਰ ਵੱਲੋਂ ਚਲਾਏ ਜਾ ਰਹੇ ਸਕੂਲ, ਹਸਪਤਾਲ, ਬਿਰਧ ਆਸ਼ਰਮ ਅਤੇ ਅਜਾਇਬ ਘਰ ਦਾ ਦੌਰਾ ਕਰਵਾਇਆ ਗਿਆ। ਇਸ ਕਾਨਫਰੰਸ ਦਾ ਨਾਸਤਿਕ ਕੇਂਦਰ ਦੇ ਯੂ.ਟਿਊਬ ਚੈਨਲ ਉੱਤੇ ਦੇਸ਼ ਵਿਦੇਸ਼ ਵਿਚ ਸਿੱਧਾ ਪ੍ਰਸਾਰਣ ਕੀਤਾ ਗਿਆ।

ਇਸ ਕਾਨਫਰੰਸ ਵਿੱਚ ਵੱਖ-ਵੱਖ ਤਰਕਸ਼ੀਲ ਸੰਸਥਾਵਾਂ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਪੰਜਾਬ ਅੰਮ੍ਰਿਤਸਰ ਇਕਾਈ ਤੋਂ ਮਨਜੀਤ ਬਾਸਰਕੇ, ਦਮਨਜੀਤ ਕੌਰ, ਸ਼ਰਨਜੀਤ ਕੌਰ, ਨਵਰੀਤ, ਨਵਜੀਤ ਅਤੇ ਚੰਡੀਗੜ੍ਹ ਮਾਨਵਵਾਦੀ ਤੋਂ ਸਰੁਤੀ ਮਲਿਕ, ਪੁਲਕਿਤ, ਨੀਲਮ ਰਾਣੀ ਅਤੇ ਕਾਲੀ ਰਾਮ ਆਦਿ ਡੈਲੀਗੇਟਾਂ ਨੇ ਸ਼ਮੂਲੀਅਤ ਕੀਤੀ। ਕੁਲ ਮਿਲਾ ਕੇ ਇਹ ਕੌਮਾਂਤਰੀ ਕਾਨਫਰੰਸ ਦੇਸ਼ ਵਿਦੇਸ਼ ਦੀਆਂ ਤਰਕਸ਼ੀਲ, ਮਾਨਵਵਾਦੀ, ਨਾਸਤਿਕ ਅਤੇ ਧਰਮ ਨਿਰਪੱਖ ਸੰਸਥਾਵਾਂ ਨੂੰ ਇੱਕ ਸਾਂਝੇ ਮੰਚ ਉੱਤੇ ਇਕਜੁੱਟ ਕਰਨ ਅਤੇ ਹਕੂਮਤੀ ਸਰਪ੍ਰਸਤੀ ਹੇਠ ਵਧ ਰਹੇ ਧਾਰਮਿਕ ਮੂਲਵਾਦ, ਡੇਰਾਵਾਦ, ਬਾਬਾਬਾਦ ਅਤੇ ਅੰਧਵਿਸ਼ਵਾਸਾਂ ਦੇ ਖਿਲਾਫ ਸਾਂਝੀ ਜੱਦੋਜਹਿਦ ਕਰਨ ਦਾ ਸੁਨੇਹਾ ਦੇਣ ਵਿਚ ਸਫਲ ਰਹੀ।

ਅੰਮ੍ਰਿਤਸਰ

76960-30173

ਹਿੰਦੂਤਵੀ ਭਾਰਤ ਵਿੱਚ ਤਰਕਸ਼ੀਲਤਾ

-ਡੈਨ ਬਾਰਕਰ

(ਡੈਨ ਬਾਰਕਰ ਫਰੀਡਮ ਫਰੌਮ ਰਿਲਿਜਨ ਫਾਊਂਡੇਸ਼ਨ ਦਾ ਉਪ-ਪ੍ਰਧਾਨ ਹੈ। ਪਹਿਲਾਂ ਉਹ ਕਈ ਚਰਚਾਂ ਵਿੱਚ ਪਾਦਰੀ ਰਿਹਾ ਹੈ ਅਤੇ 'ਧਰਮ' ਵਿਸ਼ੇ 'ਤੇ ਗ੍ਰੈਜੂਏਸ਼ਨ ਕੀਤੀ ਹੈ। 19 ਸਾਲ ਪ੍ਰਚਾਰਕ ਰਹਿਣ ਤੋਂ ਬਾਅਦ ਉਸਦਾ ਰੱਬ ਤੋਂ ਵਿਸ਼ਵਾਸ਼ ਖਤਮ ਹੋ ਗਿਆ। ਅਜ਼ਾਦ ਚਿੰਤਨ ਦਾ ਧਾਰਨੀ ਡੈਨ ਔਕਸਫੋਰਡ ਸਮੇਤ 120 ਚਰਚਾਵਾਂ ਵਿੱਚ ਭਾਗ ਲੈ ਚੁੱਕਾ ਹੈ। ਡੈਨ 7 ਕਿਤਾਬਾਂ ਲਿਖ ਚੁੱਕਾ ਹੈ ਜਿਨ੍ਹਾਂ ਵਿੱਚੋਂ ਦੋ ਦੀ ਭੂਮਿਕਾ ਉੱਘੇ ਵਿਗਿਆਨੀ ਤੇ ਕੱਟੜ ਨਾਸਤਿਕ ਰਿਚਰਡ ਡੌਕਿਨ ਨੇ ਲਿਖੀ ਹੈ। ਇਸ ਤੋਂ ਬਿਨਾਂ ਉਸਨੇ ਬੱਚਿਆਂ ਲਈ ਵੀ ਤਿੰਨ ਕਿਤਾਬਾਂ ਲਿਖੀਆਂ ਹਨ। ਆਪਣੇ ਦੋ ਹਫਤਿਆਂ ਦੇ ਭਾਰਤ ਦਰਸ਼ਨ ਨੂੰ ਉਨ੍ਹਾਂ ਨੇ ਕਲਮਬੱਧ ਕੀਤਾ ਹੈ।)



ਪੂਰੇ ਵਿਸ਼ਵ ਵਿੱਚ ਧਾਰਮਿਕ ਰਾਸ਼ਟਰਵਾਦ ਆਪਣਾ ਫੰਨ ਫੈਲਾਅ ਰਿਹਾ ਹੈ। ਅਮਰੀਕਾ ਵਿੱਚ ਇਹ ਇਸਾਈ ਰਾਸ਼ਟਰਵਾਦ ਹੈ ਅਤੇ ਭਾਰਤ ਵਿੱਚ ਸਿਰੇ ਦੀ ਰੂੜੀਵਾਦੀ ਭਾਜਪਾ ਦੀ ਸਰਪ੍ਰਸਤੀ ਵਿੱਚ ਹਿੰਦੂ ਰਾਸ਼ਟਰਵਾਦ, ਜੋ ਧਰਮ ਦੇ ਨਾਮ 'ਤੇ ਲੋਕਾਂ ਵਿੱਚ ਵੰਡੀਆਂ ਪਾਉਣ ਦਾ ਕੰਮ ਕਰਦਾ ਹੈ ਚੰਗੀ ਗੱਲ ਇਹ ਹੈ ਕਿ ਦੋ ਦੇਸ਼ਾਂ ਵਿੱਚ ਹੀ ਪ੍ਰਤੀਬੱਧ ਤਰਕਸ਼ੀਲ ਇਸ ਧਾਰਾ ਨੂੰ ਮੋੜਣ ਲਈ ਡਟੇ ਹੋਏ ਹਨ।

ਭਾਰਤ ਵਿੱਚ ਮਹਾਰਾਸ਼ਟਰਾ ਅੰਧਸ਼ਰਧਾ ਨਿਰਮੂਲਣ ਸਮਿਤੀ ਅੰਧਵਿਸ਼ਵਾਸ਼ਾਂ ਤੇ ਅਗਿਆਨਤਾ ਦੇ ਖਿਲਾਫ਼ ਲੜਾਈ ਲੜ ਰਹੀ ਹੈ। ਅਮਰੀਕਾ ਦੀ (Freedom From Religion Foundation) "ਧਰਮ ਤੋਂ ਮੁਕਤੀ" ਨਾਂ ਦੀ ਸੰਸਥਾ ਨੇ 2019 ਵਿਚ "ਅਵਿਜੀਤ ਰੌਏ ਬਹਾਦਰੀ ਪੁਰਸਕਾਰ" ਇਸ ਸੰਸਥਾ ਦੇ ਆਗੂ ਅਵਿਨਾਸ਼ ਪਾਟਲ ਨੂੰ ਦਿੱਤਾ ਸੀ। ਅਵਿਨਾਸ਼ ਨੇ ਮੇਰੇ ਤੇ ਸਾਡੀ ਸੰਸਥਾ ਦੇ ਸੂਚਨਾ ਨਿਰਦੇਸ਼ਕ ਅਮਿਤਾਭ ਪਾਲ ਵਾਸਤੇ ਭਾਰਤ ਤੇ ਭਾਰਤ ਦੇ ਤਰਕਸ਼ੀਲਾਂ ਨੂੰ ਜਾਨਣ ਲਈ 31 ਦਸੰਬਰ ਤੋਂ 13 ਜਨਵਰੀ ਤੱਕ ਟੂਰ ਦਾ ਪ੍ਰਬੰਧ ਕੀਤਾ। ਦੋ ਹਫਤਿਆਂ ਦੇ ਇਸ ਟੂਰ ਦੌਰਾਨ ਅਸੀਂ ਪੰਜ ਰਾਜਾਂ ਦੇ ਦਸ ਪ੍ਰੋਗਰਾਮਾਂ ਵਿੱਚ ਅਜ਼ਾਦ ਚਿੰਤਕਾਂ ਤੇ ਸਰਗਰਮ ਕਾਰਕੁੰਨਾਂ ਨੂੰ ਮਿਲੇ।

ਮੈਂ ਭਾਰਤ ਪਹਿਲੀ ਵਾਰ ਆਇਆ ਸਾਂ। ਭਾਰਤ ਦੇ ਵੱਖੋ-ਵਖਰੇ ਸਭਿਆਚਾਰਾਂ, ਭਾਸ਼ਾਵਾਂ ਅਤੇ ਖਾਣੇ ਨੂੰ ਦੇਖ ਕੇ ਮੈਂ ਹੈਰਾਨ ਹੋਇਆ। ਅਮਿਤ ਜੋ ਉੱਤਰੀ ਭਾਰਤ ਵਿੱਚ ਰਹਿੰਦੇ ਆਪਣੇ ਪ੍ਰਵਾਰ ਨੂੰ ਮਿਲਣ ਆਉਂਦਾ ਰਹਿੰਦਾ ਹੈ, ਦਾ ਕਹਿਣਾ ਸੀ ਕਿ ਆਪਣੀਆਂ ਪਹਿਲੀਆਂ ਫੇਰੀਆਂ ਨਾਲੋਂ ਇਸ ਫੇਰੀ ਦੌਰਾਨ ਉਸਨੇ ਭਾਰਤ ਨੂੰ ਨੇੜਿਓ ਦੇਖਿਆ ਹੈ। ਅਸੀ ਜਿਨ੍ਹਾਂ ਲੋਕਾਂ ਨੂੰ ਮਿਲੇ ਉਹ ਮਰਾਠੀ, ਤਾਮਿਲ, ਤੇਲਗੂ ਪੰਜਾਬੀ ਤੇ ਬਿਨਾਂ ਸ਼ੱਕ ਹਿੰਦੀ ਤੇ ਅੰਗਰੇਜ਼ੀ ਬੋਲਦੇ ਸਨ।

ਮੁੰਬਈ ਉੱਤਰਣ ਤੋਂ ਕੁੱਝ ਘੰਟੇ ਬਾਦ ਸਾਡੀ ਪਹਿਲੀ ਸਵੇਰ ਸੀ। ਅਵਿਨਾਸ਼ ਸਾਨੂੰ ਮਸ਼ਹੂਰ ਮੁੰਬਈ ਪ੍ਰੈੱਸ ਕਲੱਬ ੈ ਗਿਆ ਜਿੱਥੇ ਧਾਰਮਿਕ ਰਾਸ਼ਟਰਵਾਦ ਅਤੇ ਲੋਕਤੰਤਰ ਵਿਸ਼ੇ 'ਤੇ ਵਿਚਾਰ ਚਰਚਾ ਵਿੱਚ ਚਿੰਤਕਾਂ, ਵਕੀਲਾਂ, ਪ੍ਰੋਫੇਸਰਾਂ ਤੇ ਤਰਕਸ਼ੀਲ ਕਾਰਕੁੰਨਾਂ ਨੂੰ ਸੁਨਣ ਦਾ ਮੌਕਾ ਮਿਲਿਆ। ਇੱਥੇ ਹੀ ਮੈਨੂੰ ਭਾਰਤੀ ਸੰਵਿਧਾਨ ਦੇ ਮਹੱਤਵਪੂਰਣ ਆਰਟੀਕਲ 51 ਏ ਐਚ ਦਾ ਪਤਾ ਲੱਗਿਆ ਜਸ ਵਿੱਚ ਦਰਜ ਹੈ ਕਿ ਵਿਗਿਆਨਕ ਚਿੰਤਨ, ਨਵਵਾਦ ਅਤੇ ਖੋਜਬੀਨ ਤੇ ਸੁਧਾਰ ਦੀ ਭਾਵਨਾ ਵਿਕਸਤ ਕਰਨਾ ਹਰ ਸ਼ਹਿਰੀ ਦਾ ਫਰਜ਼ ਹੋਵੇਗਾ। ਇਹ ਕਮਾਲ ਦੀ ਗੱਲ ਹੈ!! ਚਿੰਤਕਾਂ ਨੂੰ ਸ਼ਿਕਾਇਤ ਸੀ ਕਿ ਭਾਜਪਾ ਆਗੂ ਤੇ ਸਰਕਾਰ ਵਿਗਿਆਨਕ ਚੇਤਨਾ ਦੇ ਪ੍ਰਸਾਰ ਦਾ ਸੰਵਿਧਾਨਕ ਫਰਜ਼ ਨਿਭਾਉਣ ਵਿੱਚ ਅਸਫਲ ਰਹੀ ਹੈ। ਸਰਕਾਰ ਦੇਸ਼ ਨੂੰ ਉਸਦੇ ਧਰਮ ਨਿਰਪੱਖ ਵਿਰਸੇ ਤੋਂ ਦੂਰ ਲਿਜਾ ਰਹੀ ਹੈ।

ਮੁੰਬਈ ਅਸੀਂ ਗਾਂਧੀ ਮਿਊਜ਼ੀਅਮ ਅਤੇ ਸੰਵਿਧਾਨ ਦੇ ਪਿਤਾਮਾ ਬੀ ਆਰ ਅੰਬੇਦਕਰ ਦੀ ਯਾਦਗਾਰ ਵੇਖੀ। ਤਾਮਿਲਨਾਡੂ ਦਾ ਮਹਾਨ ਚਿੰਤਕ, ਨਾਸਤਿਕ, ਜਾਤ-ਵਿਰੋਧੀ, 'ਸਵੈ-ਸਤਿਕਾਰ ਲਹਿਰ' ਦਾ ਆਗੂ ਸੀ ਇਰੋਡ ਵੈਂਕਟਪਾ ਰਾਮਾਸਾਮੀ। ਉਸਨੂੰ ਪੇਰੀਆਰ ਵੀ ਕਿਹਾ ਜਾਂਦਾ ਹੈ। ਬੰਗਾਲ ਦੀ ਖਾੜੀ ਕੰਢੇ ਵੱਸੇ ਚੇਨਈ ਸ਼ਹਿਰ ਵਿੱਚ ਉਸਦੀ ਯਾਦ ਵਿੱਚ ਬਣੇ ਪੇਰੀਆਰ ਸੈਂਟਰ ਜਾਣ ਦਾ ਅਤੇ ਵਿਚਾਰ ਚਰਚਾ ਕਰਨ ਦਾ ਮੌਕਾ ਮਿਲਿਆ। ਇਸ ਸੈਂਟਰ ਵਿੱਚ ਮੈਡੀਕਲ ਕਲੀਨਿਕ, ਪ੍ਰਿੰਟਿੰਗ ਪ੍ਰੈੱਸ ਜਿੱਥੇ ਮੈਗਜ਼ੀਨ 'ਮੌਡਰਨ

ਰੈਸ਼ਨੇਲਿਸਟ' ਅਤੇ ਕਿਤਾਬਾਂ ਛਾਪੀਆਂ ਜਾਂਦੀਆਂ ਹਨ, ਲਾਈਬਰੇਰੀ, ਰਿਸਰਚ ਸੈਂਟਰ, ਮੈਰਿਜ ਬਿਊਰੋ ਅਤੇ ਲੈਕਚਰ ਹਾਲ ਹੈ। ਹੁਣ ਇਸ ਸੈਂਟਰ ਨੂੰ ਕੇ. ਵੀਰਾਮਨੀ ਚਲਾਉਂਦੇ ਹਨ। ਪੇਰੀਆਰ ਨੇ ਦਰਾਵਿੜ ਕੜਗਮ ਨਾਂ ਦੀ ਸਮਾਜਕ ਲਹਿਰ ਚਲਾਈ ਜਿਸ ਵਿਚੋਂ ਦੋ ਰਾਜਨੀਤਕ ਪਾਰਟੀਆਂ ਬਣੀਆਂ। ਨਾਸਤਿਕ ਲੀਡਰਾਂ ਦੀ ਅਗਵਾਈ ਵਿੱਚ ਰਾਜਨੀਤਕ ਪਾਰਟੀਆਂ ਦਾ ਬਨਣਾ ਅਨੋਖੀ ਗੱਲ ਹੈ।

ਫਿਰ ਅਸੀਂ ਉਸ ਜਗ੍ਹਾ ਗਏ ਜਿੱਥੇ ਜਾਣ ਦਾ ਮੇਰਾ ਚਿਰ ਦਾ ਸੁਪਨਾ ਸੀ-ਕ੍ਰਿਸ਼ਨਾ ਨਦੀ ਕਿਨਾਰੇ ਵਸੇ ਆਂਧਰਾ ਪ੍ਰਦੇਸ਼ ਦੇ ਸ਼ਹਿਰ ਵਿਜੇਵਾੜਾ ਦਾ ਨਾਸਤਿਕ ਕੇਂਦਰ। ਇਸ ਸੰਸਥਾ ਦਾ ਵੀ ਓਹੀ ਸਥਾਨ ਹੈ ਜੋ ਤਾਮਿਲਨਾਡੂ ਵਿੱਚ ਪੇਰੀਆਰ ਸੈਂਟਰ ਦਾ। ਇਸ ਕੇਂਦਰ ਵਿੱਚ ਮੈਡੀਕਲ ਕਲੀਨਿਕ, ਵੱਡੀ ਲਾਈਬਰੇਰੀ, ਬਰਾਡਕਾਸਟ ਸੈਂਟਰ, ਜੋਗਿਨੀ (ਵੇਸਵਾ) ਮੁੜ-ਵਸੇਬਾ ਕੇਂਦਰ, ਰਿਸਰਚ ਸੈਂਟਰ, ਟਰੇਡ ਸਕੂਲ, ਵਿਗਿਆਨਕਾਂ ਅਤੇ ਅਜ਼ਾਦ ਚਿੰਤਕਾਂ ਦੀਆਂ ਇਤਿਹਾਸਕ ਤਸਵੀਰਾਂ, ਇੱਕ ਖੁੱਲ੍ਹੀ ਸਾਰੀ ਜਗ੍ਹਾ ਜਿੱਥੇ ਸਭਿਆਚਾਰਕ ਪ੍ਰੋਗਰਾਮ ਅਤੇ ਭਾਸ਼ਣ ਆਦਿ ਹੋ ਸਕਣ, ਇਹ ਸਭ ਹੈ। ਇਹ ਕੇਂਦਰ ਗਾਂਧੀ ਦੇ ਸਾਥੀ ਗੋਰਾ ਦੁਆਰਾ 1940 ਵਿੱਚ ਬਣਾਇਆ ਗਿਆ। ਵਿਜੇਵਾੜਾ ਸ਼ਹਿਰ ਵਿੱਚ ਇਸ ਕੇਂਦਰ ਦਾ ਮਾਣਯੋਗ ਸਥਾਨ ਹੈ।

ਅਮਿਤ ਦੀ ਮਾਤਾ ਉੱਤਰ ਪ੍ਰਦੇਸ਼ ਵਿੱਚ ਰਹਿੰਦੀ ਹੈ। ਉੱਥੇ ਅਸੀਂ ਦੋ ਦਿਨ ਬਿਤਾਏ। ਮੈਨੂੰ ਇਸ ਗੱਲ ਨੇ ਵੀ ਹੈਰਾਨ ਕੀਤਾ ਕਿ ਸਰਦੀਆਂ ਦੀ 4 ਡਿਗਰੀ ਤਾਪਮਾਨ ਵਾਲੀ ਠੰਢ ਕਰਕੇ ਸਕੂਲ ਬੰਦ ਕਰ ਦਿੱਤੇ ਗਏ। ਏਥੋਂ ਅਸੀਂ ਪੰਜਾਬ ਦੇ ਸ਼ਹਿਰ ਬਰਨਾਲਾ ਦੇ "ਤਰਕਸ਼ੀਲ ਭਵਨ" ਪਹੁੰਚੇ। ਇਹ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਮੁੱਖ ਦਫਤਰ ਹੈ ਜਿਸ ਦੇ ਮੈਂਬਰ ਲੋਕਾਂ ਦੀ ਸੋਚ ਵਿਗਿਆਨਕ ਤੇ ਤਰਕਮੁਖੀ ਬਨਾਉਣ ਲਈ ਪ੍ਰਤੀਬੱਧ ਹਨ। ਇਹ ਸੰਸਥਾ ਅੰਧਵਿਸ਼ਵਾਸ਼ਾਂ, ਬੇਲੋੜੀਆਂ ਰਸਮਾਂ, ਜੋਤਿਸ਼ੀਆਂ, ਸਾਧਾਂ ਅਤੇ ਧਾਰਮਿਕ ਜਨੂੰਨੀਆਂ ਖਿਲਾਫ਼ ਕੋਈ ਚਾਰ ਦਹਾਕਿਆਂ ਤੋਂ ਲੜ ਰਹੀ ਹੈ। ਸੰਸਥਾ ਕੋਲ ਤਸਵੀਰਾਂ ਨਾਲ ਸਜੀ ਇਕ ਸਾਹਿਤ ਵੈਨ ਹੈ ਜੋ ਸਕੂਲਾਂ ਤੇ ਜਨਤਕ ਇਕੱਠਾਂ ਵਿੱਚ ਭੇਜੀ ਜਾਂਦੀ ਹੈ। ਸੰਸਥਾ ਵੱਲੋਂ ਸਕੂਲੀ ਵਿਦਿਆਰਥੀਆਂ ਲਈ ਖਾਸ ਤੌਰ 'ਤੇ ਵਿਗਿਆਨਕ ਚੇਤਨਾ ਅਧਾਰਿਤ ਕਿਤਾਬਾਂ ਛਾਪੀਆਂ ਜਾਂਦੀਆਂ ਹਨ। ਇੱਥੇ ਇੱਕ ਵੱਡਾ ਕਾਨਫਰੰਸ ਹਾਲ ਹੈ ਜਿਸ ਵਿੱਚ ਵਿਗਿਆਨੀਆਂ, ਸ਼ਹੀਦ ਹੋਏ ਤਰਕਸ਼ੀਲਾਂ ਦੀਆਂ ਫੋਟੋਆਂ ਹਨ ਅਤੇ ਪ੍ਰਭਾਵਸ਼ਾਲੀ ਕੁਟੇਸ਼ਨਾਂ ਲਿਖੀਆਂ ਹਨ। ਅਸੀਂ ਏਥੇ ਤਰਕਸ਼ੀਲ ਆਗੂਆਂ ਨਾਲ ਚੰਗਾ ਸਮਾਂ ਬਿਤਾਇਆ।

ਦਿੱਲੀ ਜਾਣ ਤੋਂ ਪਹਿਲਾਂ ਅਸੀਂ ਅੰਮ੍ਰਿਤਸਰ ਗਏ ਜਿੱਥੇ ਦਰਬਾਰ ਸਾਹਿਬ, ਪਾਰਟੀਸ਼ਨ ਮਿਊਜ਼ੀਅਮ ਅਤੇ ਜੱਲ੍ਹਿਆਂਵਾਲਾ ਬਾਗ ਦੇਖਿਆ। ਦਿੱਲੀ ਅਸੀਂ ਸਫ਼ਦਰ ਸਟੂਡੀਓ ਗਏ ਜੋ ਜਨ ਨਾਟਯ ਮੰਚ ਦੇ ਸੰਸਥਾਪਕ ਸਫ਼ਦਰ ਹਾਸ਼ਮੀ ਦੀ ਯਾਦ ਵਿੱਚ ਬਣਾਇਆ ਗਿਆ ਹੈ। ਸਫ਼ਦਰ ਹਾਸ਼ਮੀ ਨੂੰ ਇੱਕ ਫੈਕਟਰੀ ਦੇ ਬਾਹਰ ਨੁੱਕੜ ਨਾਟਕ "ਹੱਲਾ ਬੋਲ" ਕਰਦਿਆਂ ਸ਼ਹੀਦ ਕਰ ਦਿੱਤਾ ਸੀ। ਇਸ ਸਟੂਡੀਓ ਨੂੰ ਸਫ਼ਦਰ ਦੀ ਪਤਨੀ ਮੋਲੋਇਆਸ਼ਿਰੀ ਹਾਸ਼ਮੀ ਚਲਾਉਂਦੀ ਹੈ। ਉਸਨੇ ਦੱਸਿਆ ਕਿ ਇਸ ਗਰੁੱਪ ਦੇ ਮੈਂਬਰ ਨਾਸਤਿਕ ਹਨ ਜੋ ਜਾਤ, ਧਰਮ ਰਹਿਤ ਬਰਾਬਰੀ ਵਾਲਾ ਸਮਾਜ ਬਨਾਉਣ ਲਈ ਕੰਮ ਕਰਦੇ ਹਨ।

ਸਾਡੇ ਟੂਰ ਦੇ ਆਖਰੀ ਦਿਨ ਅਵਿਨਾਸ਼ ਸਾਨੂੰ ਅਖਬਾਰੀ ਅਤੇ ਟੀਵੀ ਪੱਤਰਕਾਰਾਂ ਨਾਲ ਰੂਬਰੂ ਕਰਾਉਣ ਲਈ ਦਿੱਲੀ ਪ੍ਰੈਸ ਕਲੱਬ ਆਫ ਇੰਡੀਆ ਲੈ ਗਿਆ। ਉਨ੍ਹਾਂ ਭਾਰਤ ਤੇ ਅਮਰੀਕਾ ਵਿੱਚ ਧਾਰਮਿਕ ਰਾਸ਼ਟਰਵਾਦ ਬਾਰੇ ਕਈ ਸੁਆਲ ਪੁੱਛੇ। ਏਅਰਪੋਰਟ ਤੇ ਜਾਣ ਤੋਂ ਪਹਿਲਾਂ ਅਸੀਂ ਗਾਂਧੀ ਪੀਸ ਸੈਂਟਰ ਦੇ ਕਾਰਕੁੰਨਾਂ ਨਾਲ ਵਿਚਾਰ ਚਰਚਾ ਕੀਤੀ ਜੋ ਗਾਂਧੀ ਦੀ ਵਿਚਾਰਧਾਰਾ ਨੂੰ ਦੇਸ਼ ਵਿਚ ਪ੍ਰਚਾਰਦੇ ਹਨ। ਇੱਥੇ ਅਸੀਂ ਸਮਾਜਕ ਕਾਰਕੁੰਨ ਤੇ ਮਨੁੱਖੀ ਅਧਿਕਾਰਾਂ ਲਈ ਲੜਣ ਵਾਲੀ ਸ਼ਬਨਮ ਹਾਸ਼ਮੀ (ਸਫਦਰ ਹਾਸ਼ਮੀ ਦੀ ਭੈਣ) ਨੂੰ ਮਿਲੇ, ਜਿਸ ਦਾ ਮੰਨਣਾ ਸੀ ਕਿ ਭਾਰਤ ਫਾਸ਼ਿਜ਼ਮ ਵੱਲ ਤੇਜ਼ੀ ਵਧ ਰਿਹਾ ਹੈ।

ਸਾਰੇ ਟੂਰ ਤੋਂ ਬਾਦ ਇਹ ਸੁਆਲ ਸਾਹਮਣੇ ਸੀ ਕਿ ਇਸਦਾ ਹੱਲ ਕੀ ਹੈ? ਆਪਣੇ ਭਾਰਤੀ ਹਮਖਿਆਲ ਦੋਸਤਾਂ ਤੋਂ ਅਸੀਂ ਸਿੱਖਿਆ ਕਿ ਸਿਰਫ ਅੰਧਵਿਸ਼ਵਾਸ਼ਾਂ ਖਿਲਾਫ਼ ਲੜਣਾ ਕਾਫੀ ਨਹੀਂ ਹੈ। ਜਾਗਰੂਕਤਾ ਤੋਂ ਪਹਿਲਾਂ ਲੋਕਾਂ ਦੀਆਂ ਲੋੜਾਂ ਨੂੰ ਸੰਬੋਧਨ ਹੋਣਾ ਪਵੇਗਾ। ਜਦੋਂ ਤੁਸੀਂ ਭੁੱਖੇ ਅਤੇ ਦਬਾਏ ਜਾ ਰਹੇ ਹੋਵੋ, ਓਦੋਂ ਫਿਲਾਸਫੀ ਨਹੀਂ ਸੁੱਝਦੀ। ਲੋਕਾਂ ਦੀ ਸੋਚ ਬਦਲਣ ਤੋਂ ਪਹਿਲਾਂ ਉਨ੍ਹਾਂ ਦੇ ਮਨ ਜਿੱਤਣੇ ਜ਼ਰੂਰੀ ਹਨ, ਇਸੇ ਨੀਤੀ 'ਤੇ ਚਲਦਿਆਂ ਭਾਰਤ ਦੇ ਤਰਕਸ਼ੀਲ ਇਸ ਦੁਨੀਆਂ ਨੂੰ ਰਹਿਣ ਵਾਸਤੇ ਇੱਕ ਬਿਹਤਰ ਥਾਂ ਬਨਾਉਣ ਲਈ ਯਤਨਸ਼ੀਲ ਹਨ।

ਪੇਸ਼ਕਸ : ਜਸਵੰਤ ਮੋਹਾਲੀ

" ਤਰਕਸ਼ੀਲ ਪੜ੍ਹੋ"

"ਤਰਕਸ਼ੀਲ ਬਣੋ"

ਪ੍ਰਤੀਕਰਮ

5 ਫਰਵਰੀ 2023 ਦੀ ਮੀਟਿੰਗ ਵਿੱਚ ਤਰਕਸ਼ੀਲ ਮੈਗਜ਼ੀਨ ਨੂੰ ਹੋਰ ਵਧੀਆ ਅਤੇ ਹਰਮਨਪਿਆਰਾ ਬਣਾਉਣ ਲਈ ਵਿਚਾਰ ਚਰਚਾ ਕੀਤੀ ਗਈ। ਇਸ ਵਿੱਚ ਰਾਮ ਸਿੰਘ ਨਿਰਮਾਣ ਨੇ ਤਰਕ ਆਧਾਰਿਤ ਵਿਅੰਗ ਟੋਟੇ, ਮਿੰਨੀ ਕਹਾਣੀਆਂ, ਗੀਤ ਆਦਿ ਵੱਧ ਗਿਣਤੀ ਵਿੱਚ ਸ਼ਾਮਲ ਕਰਨ ਦਾ ਸੁਝਾਅ ਦਿੱਤਾ। ਦੌਲਤ ਰਾਮ ਨੇ ਵੀ ਇਸੇ ਤਰ੍ਹਾਂ ਦੀ ਹੀ ਜਾਣਕਾਰੀ ਅਤੇ ਪ੍ਰੇਰਨਾ ਦੇਣ ਵਾਲਾ ਛੋਟੇ ਆਕਾਰ ਦਾ ਮੈਟਰ ਵਧਾਉਣ ਬਾਰੇ ਕਿਹਾ। ਰਿਟਾਇਰਡ ਜ਼ਿਲ੍ਹੇਦਾਰ ਜੋਗਿੰਦਰ ਸਿੰਘ ਨੇ ਹਰ ਅੰਕ ਵਿੱਚ ਸਿਹਤ ਬਾਰੇ ਅਤੇ ਨਸ਼ਿਆਂ ਤੋਂ ਦੂਰ ਰਹਿਣ ਵਿੱਚ ਸਹਾਈ ਹੋਣ ਵਾਲੀਆਂ ਲਿਖਤਾਂ ਲਗਾਉਣ ਦਾ ਸੁਝਾਅ ਦਿੱਤਾ। ਡਾ. ਨਿਰਮਲ ਸਿੰਘ ਫੱਲੜ ਨੇ ਖੇਤੀ ਲਈ ਵਿਗਿਆਨਕ ਜਾਣਕਾਰੀ ਨੂੰ ਮੈਗਜ਼ੀਨ ਵਿੱਚ ਸਥਾਨ ਦੇਣ ਲਈ ਕਿਹਾ। ਨਵੇਂ ਮੈਂਬਰ ਜਸਪ੍ਰੀਤ ਨੇ ਪੈਰਾਨਾਰਮਲ ਅਤੇ ਪੈਰਾ ਸਾਈਕਾਲੋਜੀ ਬਾਰੇ ਸਮੱਗਰੀ ਦੇਣ ਲਈ ਕਿਹਾ। ਕੁਝ ਹੋਰ ਮੈਂਬਰਾਂ ਨੇ ਔਰਤਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਸਬੰਧਿਤ ਲਿਖਤਾਂ ਅਤੇ ਬੱਚਿਆਂ ਦੇ ਕੈਰੀਅਰ ਸਬੰਧੀ ਜਾਣਕਾਰੀ ਦੇਣ ਵਾਲਾ ਮੈਟਰ ਸ਼ਾਮਲ ਕਰਨ ਲਈ ਕਿਹਾ। ਕੁੱਲ ਮਿਲਾ ਕੇ ਇਹ ਧਾਰਨਾ ਬਣੀ ਕਿ ਮੈਗਜ਼ੀਨ ਵਿੱਚ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਪੜ੍ਹਨ ਵਾਲਾ ਮੈਟਰ ਹੋਵੇ ਤਾਂ ਕਿ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਅਤੇ ਰੋਜ਼ਾਨਾ ਕਾਰਵਿਹਾਰ ਬਾਰੇ ਵਿਗਿਆਨਕ ਨਜ਼ਰੀਆ ਅਪਨਾਉਣ ਵਾਲੀ ਸਮਝ ਬਣੇ। ਤਰਕਸ਼ੀਲ ਦੇ ਜਨਵਰੀ ਫਰਵਰੀ ਅੰਕ ਨੂੰ ਵਿਸ਼ੇਸ਼ ਤੌਰ 'ਤੇ ਵਿਚਾਰਦਿਆਂ ਇਹ ਗੱਲ ਦੀ ਪ੍ਰਸ਼ੰਸਾ ਕੀਤੀ ਗਈ ਕਿ ਆਮ ਪਾਠਕ ਦੀ ਰੁਚੀ ਵਾਲੇ ਮੈਟਰ ਨੂੰ ਮੈਗਜ਼ੀਨ ਦੇ ਸ਼ੁਰੂ ਵਿੱਚ ਰੱਖਿਆ ਗਿਆ ਹੈ। ਪ੍ਰਵੀਨ ਜੰਡਵਾਲਾ ਵੱਲੋਂ ਲਿਖੀ ਗਈ ਕੇਸ ਰਿਪੋਰਟ 'ਭੂਤ-ਹਵੇਲੀ' ਦੀ ਲਿਖਣ ਸ਼ੈਲੀ ਸਭ ਨੂੰ ਪਸੰਦ ਆਈ। ਇਕਾਈ ਦੇ ਵਿੱਤ ਮੁਖੀ ਗਿਆਨ ਸਿੰਘ ਨੇ ਇਸ ਸਮੁੱਚੇ ਅੰਕ ਦਾ ਵਿਸ਼ਲੇਸ਼ਣ ਕਰਦਿਆਂ ਕਿਹਾ—ਮੰਗਲੇਸ਼ ਡਬਰਾਲ ਦੀ ਕਵਿਤਾ 'ਵਰਣਮਾਲਾ' ਬਹੁਤ ਵਧੀਆ ਹੈ; ਇਹ ਸਾਡੇ ਸਮਿਆਂ ਦਾ ਸੱਚ ਹੈ ਕਿ ਵਰਣਮਾਲਾ ਤੋਂ ਬਣਦੇ ਸ਼ਬਦਾਂ ਦੇ ਸਦੀਵੀ ਅਰਥ ਹੁਣ ਸਾਡੇ ਮਨਾਂ ਵਿੱਚ ਖੌਫ਼ ਪੈਦਾ ਕਰਦੇ ਹੋਏ ਢਹਿੰਦੀ ਕਲਾ ਵੱਲ ਲਿਜਾਂਦੇ ਹਨ। ਗ਼ਦਰੀ ਬਾਬੇ ਸੋਹਣ ਸਿੰਘ ਭਕਨਾ ਦੀ ਜੇਲ੍ਹ ਵਿੱਚੋਂ ਆਪਣੀ ਪਤਨੀ ਦੇ ਨਾਂ ਚਿੱਠੀ ਸਮਾਜਿਕ ਰਾਜਨੀਤਕ ਗਤੀਵਿਧੀਆਂ ਵਿੱਚ ਲੱਗੇ ਲੋਕਾਂ ਲਈ ਆਪਣੇ ਘਰ ਪਰਿਵਾਰਾਂ ਨਾਲ ਸਹੀ ਤਾਲਮੇਲ ਲਈ ਰਾਹ-ਦਸੇਰਾ ਹੈ। ਕੇ. ਅਵਨੀਤ ਵੱਲੋਂ 'ਸੁਪਨਸਾਜ' ਸਿਰਲੇਖ ਅਧੀਨ ਹੱਡਬੀਤੀ ਦਾ ਵਰਣਨ ਸਾਡੀ ਸੰਸਥਾ ਦੇ ਨਾਇਕ ਦੀਆਂ ਸੈਂਕੜੇ ਜ਼ਿੰਦਗੀਆਂ ਨੂੰ ਰੁਸ਼ਨਾਉਣ ਦੀਆਂ ਉਦਾਹਰਨਾਂ ਵਿੱਚੋਂ ਇੱਕ ਹੈ। ਇਸੇ ਤਰ੍ਹਾਂ ਹੋਰ ਮੈਟਰ ਵੀ ਗਿਆਨ ਭਰਪੂਰ ਅਤੇ ਪ੍ਰੇਰਨਾ ਦੇਣ ਵਾਲਾ ਹੈ। ਸਾਰੇ ਮੈਂਬਰਾਂ ਨੇ ਮੈਗਜ਼ੀਨ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲੈ ਕੇ ਜਾਣ ਦਾ ਸੰਕਲਪ ਕੀਤਾ। **-ਇਕਾਈ ਬਠਿੰਡਾ**

ਜਨਵਰੀ-ਫਰਵਰੀ, 2023 ਅੰਕ ਦਾ ਮੁੱਖ ਪੰਨਾ, ਦਿੱਖ, ਲਿਖਤਾਂ, ਤਸਵੀਰਾਂ, ਸੈਟਿੰਗ ਬਾ-ਕਮਾਲ। ਭੂਤ ਹਵੇਲੀ, ਸੁਪਨਸਾਜ਼, ਅਹਿਦ ਅਤੇ ਆਖਰੀ ਪੰਨਾ ਦੀ ਲਿਖਣ ਸ਼ੈਲੀ ਧੂਹ ਪਾਉਂਦੀ ਰਹੀ ਤੇ ਮੈਂ ਇਨ੍ਹਾਂ ਲਿਖਤਾਂ ਨੂੰ ਵਾਰ-ਵਾਰ ਪੜ੍ਹਨ ਲਈ ਮਜਬੂਰ ਸੀ। ਸੰਪਾਦਕੀ, ਧਰਮ ਤੋਂ ਬੇਮੁੱਖਤਾ, ਕੱਟੜਪੰਥੀ ਸਿਆਸਤ ਦੇ ਪਾਸਾਰ, ਅਮੋਲਕ ਸਿੰਘ, ਐਂਟੀਬਾਇਓਟਿਕ, ਰਾਜਪਾਲ ਸਿੰਘ ਦੀ ਗੈਲਰੀ ਸ਼ਹੀਦਾਂ, ਬੰਬ ਬਨਾਮ ਡਾਕਟਰ, ਅਵਤਾਰ ਗੋਂਦਾਰਾ, ਮਾ. ਯਸ਼ਪਾਲ ਦੀਆਂ ਲਿਖਤਾਂ, ਤਸਵੀਰਾਂ ਬਹੁਤ ਪਿਆਰੀਆਂ ਤੇ ਦਿਲਚਸਪ ਸਨ। ਸਤਿਕਾਰਯੋਗ ਰਵੀਸ਼ ਕੁਮਾਰ, ਡਾ. ਦੀਪਤੀ, ਡਾ. ਸੁਰੇਸ਼ ਰਤਨ ਅਤੇ ਬਾਕੀ ਹੋਰ ਮੈਟਰ ਵੀ ਸ਼ਲਾਘਾਯੋਗ ਸੀ। ਬਹੁਤ ਨਿਖਾਰ ਹੈ ਜਥੇਬੰਦੀ ਦੇ ਇਸ ਬੁਲਾਰੇ ਵਿੱਚ ਜਿਸ ਤੋਂ ਤਸੱਲੀ ਵੀ ਹੈ ਅਤੇ ਖ਼ੁਸ਼ੀ ਵੀ। **-ਅਜੀਤ ਪ੍ਰਦੇਸੀ**

ਸੁਸਾਇਟੀ ਸਹਾਇਤਾ

ਮਿੱਠੂ ਸਿੰਘ ਜੰਗੀਆਣਾ (ਆਪਣੇ ਪੋਤਰੇ ਫਤਿਹਵੀਰ ਸਿੰਘ ਦੇ ਜਨਮ 'ਤੇ) 1200

ਮਨਜੀਤ ਘਣਗਸ ਇਕਾਈ ਕੋਹਾੜਾ (ਆਪਣੇ ਬੇਟੇ ਦੇ ਵਿਆਹ 'ਤੇ) 2000

ਮੈਗਜ਼ੀਨ ਸਹਾਇਤਾ

ਮਾਸਟਰ ਰਾਮ ਸਿੰਘ ਲਹਿਰਾ ਧੂਰਕੋਟ (ਆਪਣੀ ਪਤਨੀ ਗੁਰਦੇਵ ਕੌਰ ਦੇ ਸਨਮਾਨਸਮਾਗਮ 'ਤੇ)	1000
ਮਹਿੰਦਰ ਸਿੰਘ ਲਾਈਨਮੈਨ, ਭੀਖੀ	1000
ਹਰਦੀਪ ਸਿੰਘ ਪੁੱਤਰ ਗੁਰਦੀਪ ਸਿੰਘ, ਮੱਤੀ	500

ਕ੍ਰਿਸ਼ਨ ਬਰਗਾੜੀ ਤੇ ਸਾਥੀਆਂ ਦੇ ਯਾਦ ਸਮਾਗਮ 'ਤੇ

ਜਰਨੈਲ ਕ੍ਰਾਂਤੀ, ਮੁਹਾਲੀ	5000
ਰਜਿੰਦਰ ਭਦੌੜ	1000
ਵਿਕਰਮਜੀਤ, ਬਠਿੰਡਾ	1000
ਨਰਿੰਦਰਪਾਲ ਬਰਨਾਲਾ	500
ਜਸਦੇਵ ਸਿੰਘ ਲੈਕਚਰਾਰ, ਸੰਗਰੂਰ	500
ਕ੍ਰਿਸ਼ਨ ਬਰਗਾੜੀ ਦੇ ਸਮੂਹ ਪਰਿਵਾਰ ਵੱਲੋਂ	10000
ਬਲਦੇਵ ਰਹਿਪਾ, ਕੈਨੇਡਾ	5000
ਤਰਕਸ਼ੀਲ ਸੁਸਾਇਟੀ ਕੈਨੇਡਾ	10000
ਪ੍ਰੇਮ ਕੁਮਾਰ ਸਮਾਲਸਰ	10000
ਮਲਕੀਤ ਸਿੰਘ ਕਾਮਰੇਡ, ਭਾਈਰੂਪਾ	100
ਸੁਖਦੇਵ ਸਿੰਘ, ਬਰਗਾੜੀ (ਗੁੜ ਵਾਲੇ)	500
ਮਿੱਠੂ ਸਿੰਘ, ਜੰਗੀਆਣਾ	200
ਡਾ.ਬਲਜੀਤ ਸਿੰਘ, ਬਾਘਾਪੁਰਾਣਾ	1100

ਇਕਾਈ ਖਰਚ ਨੂੰ

ਰਣਧੀਰ ਕੌਰ, ਸੰਤੋਮਾਜਰਾ (ਆਪਣੀ ਦੋਹਤੀ ਦੇ ਜਨਮ 'ਤੇ) 500

ਸਰੀਰ ਪ੍ਰਦਾਨੀ ਮਰਹੂਮ ਜਸਵੀਰ ਕੌਰ ਦੀ ਯਾਦ ਵਿੱਚ ਸਤਿਕਾਰ ਸਮਾਗਮ ਕਰਵਾਇਆ ਗਿਆ


*** ਨਿਰੋਲ ਵਿਗਿਆਨਕ ਵਿਚਾਰਾਂ ਦੀ ਗੱਲ, ਤਰਕਸ਼ੀਲ ਸਾਹਿਤ ਅਤੇ ਪੌਦੇ ਵੰਡੇ ਗਏ**



ਮਰਨ ਉਪਰੰਤ ਅੱਖਾਂ ਪ੍ਰਦਾਨ ਅਤੇ ਸਰੀਰ ਪ੍ਰਦਾਨ ਕਰਨ ਵਾਲੀ ਤਰਕਸ਼ੀਲ ਆਗੂ ਸਤਿਕਾਰਤ ਜਸਵੀਰ ਕੌਰ ਜੀਵਨ-ਸਾਥਣ ਮਾਸਟਰ ਜਗਦੀਸ਼ ਰਾਏਪੁਰ ਡੱਬਾ ਦੀ ਯਾਦ ਵਿੱਚ ਸਤਿਕਾਰ ਸਮਾਗਮ ਨਵਾਂਸ਼ਹਿਰ ਵਿਖੇ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਕਰਵਾਇਆ ਗਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਮਾਸਟਰ ਜਗਦੀਸ਼ ਜੀ ਦੁਆਬੇ ਦੇ ਸਿਰਕੱਢ ਆਗੂਆਂ 'ਚੋਂ ਹਨ, ਜਿਨ੍ਹਾਂ ਦੀ ਜੀਵਨ-ਸਾਥਣ ਜਸਵੀਰ ਕੌਰ ਦੀ ਬੀਤੇ ਦਿਨੀਂ ਦਿਲ ਦਾ ਦੌਰਾ ਪੈ ਜਾਣ ਕਾਰਨ ਮੌਤ ਹੋ ਗਈ ਸੀ ਤੇ ਪਰਿਵਾਰ ਵੱਲੋਂ ਉਨ੍ਹਾਂ ਦੀਆਂ ਅੱਖਾਂ ਨੇਤਰਦਾਨ ਸੰਸਥਾ ਨਵਾਂਸ਼ਹਿਰ ਨੂੰ ਪ੍ਰਦਾਨ ਕੀਤੀਆਂ ਗਈਆਂ, ਜਦਕਿ ਉਨ੍ਹਾਂ ਦੀ ਮ੍ਰਿਤਕ ਦੇਹ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਨੂੰ ਪ੍ਰਦਾਨ ਕੀਤੀ ਗਈ। ਉਨ੍ਹਾਂ ਦੀ ਯਾਦ ਵਿੱਚ ਸਤਿਕਾਰ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਮਾ. ਰਾਮ ਸਵਰਨ ਲੱਖੋਵਾਲੀ, ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਸੂਬਾਈ ਪ੍ਰਧਾਨ ਅਮੋਲਕ ਸਿੰਘ, ਤਰਕਸ਼ੀਲ ਆਗੂ ਜੋਗਿੰਦਰ ਕੁੱਲੇਵਾਲ, ਮਾ. ਨਰੇਸ਼, ਸੁਖਵਿੰਦਰ ਗੋਗਾ, ਵਿਪਨ ਕੁਮਾਰ ਅਤੇ ਮੁਕੰਦ ਲਾਲ ਤੋਂ ਇਲਾਵਾ ਅਜਮੇਰ ਸਿੱਧੂ, ਦਿਲਬਾਗ ਸਿੰਘ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ, ਮਾ. ਮੋਹਨ ਸਿੰਘ, ਮਾ. ਰਾਮ ਪਾਲ ਆਦਿ ਆਗੂਆਂ ਨੇ ਸਤਿਕਾਰ ਭੇਂਟ ਕਰਦਿਆਂ ਬੇਵਕਤ ਮੌਤਾਂ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਸਮੁੱਚੇ ਸਿਸਟਮ ਨੂੰ ਸਮਝਣ ਦੀ ਲੋੜ 'ਤੇ ਜ਼ੋਰ ਦਿੱਤਾ। ਤਰਕਸ਼ੀਲ ਆਗੂ ਜਸਵਿੰਦਰ ਫਗਵਾੜਾ, ਮਾ. ਸੁਖਦੇਵ ਫਗਵਾੜਾ ਤੇ ਹੋਰ ਬੁਲਾਰਿਆਂ ਨੇ ਅੱਖਾਂ ਪ੍ਰਦਾਨ, ਸਰੀਰ ਪ੍ਰਦਾਨ ਦੇ ਕੀਤੇ ਕਾਰਜ ਲਈ ਪਰਿਵਾਰ ਤੋਂ ਹੋਰਾਂ ਨੂੰ ਪ੍ਰੇਰਨਾ ਲੈਣ ਲਈ ਕਿਹਾ ਤੇ ਜਨਮ, ਮੌਤ 'ਤੇ ਕੀਤੇ ਜਾਂਦੇ ਫਜ਼ੂਲ ਰਸਮ ਰਿਵਾਜ ਤਿਆਗ ਕੇ ਵਿਗਿਆਨਕ ਸੋਚ ਅਪਣਾਉਣ 'ਤੇ ਜ਼ੋਰ ਦਿੱਤਾ। ਇਸ ਮੌਕੇ ਦੁੱਖ ਦਾ ਪ੍ਰਗਟਾਵਾ ਕਰਨ ਪਹੁੰਚੇ ਲੋਕਾਂ ਨੂੰ ਤਰਕਸ਼ੀਲ ਸਾਹਿਤ ਅਤੇ ਫ਼ਲਦਾਰ ਪੌਦੇ ਵੰਡੇ ਗਏ। ਨਰਿੰਦਰ ਮਾਈ ਦਿੱਤਾ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਨੇਤਰਦਾਨ ਸੰਸਥਾ ਨਵਾਂਸ਼ਹਿਰ ਵੱਲੋਂ ਡਾ. ਜੇ. ਡੀ. ਵਰਮਾ ਅਤੇ ਰਤਨ ਜੈਨ ਦੀ ਅਗਵਾਈ 'ਚ ਮਾਸਟਰ ਜਗਦੀਸ਼ ਰਾਏਪੁਰ ਡੱਬਾ, ਉਹਨਾਂ ਦੀ ਬੇਟੀ ਤਰਨਜੋਤ, ਬੇਟੇ ਹਰਮਨਜੀਤ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਤਪਾਲ ਸਲੋਹ ਨਿਊਜ਼ੀਲੈਂਡ, ਧਰਮਪਾਲ ਨਿਊਜ਼ੀਲੈਂਡ, ਮੱਖਣ ਸਿੰਘ ਮੰਡੀ (ਲੈਸਟਰ ਯੂ.ਕੇ. ਤਰਕਸ਼ੀਲ ਸੁਸਾਇਟੀ), ਮਾ. ਅਵਤਾਰ ਲੰਗੇਰੀ ਆਦਿ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਵੱਲੋਂ ਭੇਜੇ ਸ਼ੋਕ ਮਤੇ ਪੜ੍ਹੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾ. ਸ਼ੰਕਰ ਦਾਸ, ਕੁਲਵਿੰਦਰ ਖਟਕੜ, ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਮੋਹਣ ਬੀਕਾ, ਜਰਨੈਲ ਸਿੰਘ ਸੋਧੀ, ਗੁਰਦੇਵ ਸਿੰਘ ਬਛੋੜੀ, ਸੁਰਿੰਦਰ ਲਾਖਾ, ਮਹਿੰਦਰ ਪਾਲ ਇੰਧਣਾ, ਗੁਰਨਾਮ ਹਾਜੀਪੁਰੀਆ, ਸੋਹਣ ਸਿੰਘ ਸਲੇਮਪੁਰੀ, ਮਾ. ਬਲਵੀਰ ਸਿੰਘ, ਬਲਜੀਤ ਗੋਲਡੀ, ਅਸ਼ੋਕ ਕੁਮਾਰ, ਜਸਵੀਰ ਬੇਗਮਪੁਰੀ, ਕ੍ਰਿਸ਼ਨ ਹੀਉਂ, ਰਣਜੀਤ ਸਿੰਘ ਰਾਣਾ, ਪਰਮਜੀਤ ਚਾਹਲ, ਤੀਰਥ ਸਿੰਘ ਰਸੂਲਪੁਰੀ, ਤਰਕਸ਼ੀਲ ਇਸਤਰੀ ਵਿੰਗ ਆਗੂ ਪ੍ਰਿੰਸੀਪਲ ਕਮਲਜੀਤ ਕੁੱਲੇਵਾਲ, ਸੰਤੋਸ਼ ਕੁਮਾਰੀ ਖਟਕੜ, ਰੂਬੀ ਬੰਗਾ, ਨਿਰਮਲ ਰਾਣੀ, ਬਿਮਲ ਰਾਣੀ, ਤਜਿੰਦਰ ਕੌਰ, ਨਰਿੰਦਰ ਮਾਈ ਦਿੱਤਾ ਆਦਿ ਆਗੂਆਂ ਨੇ ਸਤਿਕਾਰ ਸਮਾਗਮ ਦੌਰਾਨ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੁੱਖ ਦੀ ਘੜੀ 'ਚ ਨਾਲ ਖੜ੍ਹਨ ਦਾ ਭਰੋਸਾ ਦਿੱਤਾ ਤੇ ਭੈਣ ਜਸਵੀਰ ਕੌਰ ਨੂੰ ਸਤਿਕਾਰ ਭੇਂਟ ਕੀਤਾ। ਭੈਣ ਜਸਵੀਰ ਕੌਰ ਅਮਰ ਰਹੇ, ਅਮਰ ਰਹੇ ਦੇ ਨਾਅਰੇ ਲਗਾਏ, ਇਨਕਲਾਬੀ ਸ਼ਰਧਾਂਜਲੀਆਂ ਭੇਂਟ ਕੀਤੀਆਂ। ਭੈਣ ਜਸਵੀਰ ਕੌਰ ਦੇ ਅਧੂਰੇ ਕਾਰਜ ਪੂਰੇ ਕਰਨ ਦਾ ਅਹਿਦ ਲਿਆ। ਇਹ ਸਮਾਗਮ ਨਿਰੋਲ ਵਿਗਿਆਨਕ ਵਿਚਾਰ ਚਰਚਾ ਦਾ ਸਮਾਗਮ ਸੀ, ਜਿੱਥੇ ਕੋਈ ਵੀ ਧਾਰਮਿਕ ਰਸਮ ਨਹੀਂ ਕੀਤੀ ਗਈ ਤੇ ਨਾ ਹੀ ਕੋਈ ਹੋਰ ਪਿਛਾਂਹਖਿੱਚੂ ਰਸਮ ਕੀਤੀ ਗਈ। ਮੰਚ ਸੰਚਾਲਨ ਜੋਗਿੰਦਰ ਕੁੱਲੇਵਾਲ ਨੇ ਕੀਤਾ ਅਤੇ ਪਰਿਵਾਰ ਵੱਲੋਂ ਰਣਜੀਤ ਸਿੰਘ ਰਾਣਾ ਨੇ ਧੰਨਵਾਦ ਕੀਤਾ।

ਜੋਗਿੰਦਰ ਕੁੱਲੇਵਾਲ,

ਨਿਵੇਕਲੇ ਢੰਗ ਨਾਲ ਹੋਇਆ ਬਾਪੂ ਸੁਲੱਖਣ ਸਿੰਘ ਦਾ ਸਤਿਕਾਰ ਸਮਾਗਮ



ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਬਾਪੂ ਸੁਲੱਖਣ ਸਿੰਘ ਜੀ ਦਾ ਸਤਿਕਾਰ ਸਮਾਗਮ ਨਿਵੇਕਲੇ ਢੰਗ ਨਾਲ ਕੀਤਾ ਗਿਆ। 77 ਸਾਲਾਂ ਸੁਲੱਖਣ ਸਿੰਘ ਜੀ ਦੀ ਇੱਛਾ ਮੁਤਾਬਿਕ ਮਰਨ ਉਪਰੰਤ ਸਰੀਰ ਪ੍ਰਦਾਨ ਨੂੰ ਪਰਿਵਾਰ ਵੱਲੋਂ ਨੇਪਰੇ ਚੜ੍ਹਾਉਣ ਉਪਰੰਤ ਰਵਾਇਤੀ ਢੰਗ ਨਾਲ ਕਰਮ-ਕਾਂਡ ਕਰਨ ਦੀ ਬਜਾਏ ਸਾਦਾ ਬਾਕੀ ਪੰਨਾ 55 'ਤੇ

ਪੇਸ਼ਕਦਮੀਆਂ

ਇਕਾਈ ਮਾਨਸਾ : ਪਰਿਵਾਰਕ ਮਿਲਣੀ 'ਤੇ ਸੈਮੀਨਾਰ ਕਰਵਾਇਆ : ਪੈਨਸ਼ਨਰ ਭਵਨ ਵਿਖੇ ਤਰਕਸ਼ੀਲ ਪਰਿਵਾਰਕ ਮਿਲਣੀ ਤਹਿਤ "ਜੋਤਿਸ਼ ਪਾਖੰਡ ਹੈ" ਸੈਮੀਨਾਰ ਕਰਵਾਇਆ ਗਿਆ। ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਤਰਕਸ਼ੀਲ ਆਗੂ ਮਾ. ਸੁਰਜੀਤ ਦੌਧਰ, ਸੂਬਾ ਆਗੂ ਰਾਜੇਸ਼ ਅਕਲੀਆ, ਜ਼ੋਨ ਆਗੂ ਅੰਮ੍ਰਿਤ ਰਿਸ਼ੀ, ਕਹਾਣੀਕਾਰ ਜਸਬੀਰ ਢੰਡ, ਭੁਪਿੰਦਰ ਫ਼ੌਜੀ ਸ਼ਾਮਲ ਹੋਏ। ਮਾ. ਸੁਰਜੀਤ ਦੌਧਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੋਤਿਸ਼ ਪਾਖੰਡ ਤੋਂ ਸਿਵਾ ਹੋਰ ਕੁਝ ਵੀ ਨਹੀਂ। ਇਹ ਚਲਾਕ ਲੋਕਾਂ ਦੀ ਕਾਢ ਹੈ ਅਤੇ ਭੋਲੇ-ਭਾਲੇ ਲੋਕਾਂ ਨੂੰ ਅੰਧਵਿਸ਼ਵਾਸ ਵਿੱਚ ਪਾ ਕੇ ਉਨ੍ਹਾਂ ਦੀ ਲੁੱਟ ਕਰਨ ਦਾ ਸਾਧਨ ਬਣਾਇਆ ਗਿਆ ਹੈ। ਜ਼ੋਨ ਆਗੂ ਅੰਮ੍ਰਿਤ ਰਿਸ਼ੀ ਨੇ ਕਿਹਾ ਤਰਕਸ਼ੀਲ ਸੁਸਾਇਟੀ ਦਾ ਮਕਸਦ ਲੋਕਾਂ ਦੇ ਬੌਧਿਕ ਪੱਧਰ ਨੂੰ ਉੱਚਾ ਚੁੱਕਣਾ, ਵਿਗਿਆਨ ਦੇ ਧਾਰਨੀ ਬਣਾਉਣਾ, ਅੰਧਵਿਸ਼ਵਾਸ 'ਚੋਂ ਕੱਢ ਕੇ ਤਰਕਵਾਦੀ ਸੋਚ ਦੇ ਲੜ ਲਾਉਣਾ ਹੈ। ਕ੍ਰਿਸ਼ਨ ਮਾਨਬੀਬੜੀਆਂ ਤੇ ਅੰਮ੍ਰਿਤਪਾਲ ਨੇ ਇਨਕਲਾਬੀ ਗੀਤ ਗਾ ਕੇ ਰੰਗ ਬੰਨਿਆ। ਮਾ. ਲੱਖਾ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾ. ਮਹਿੰਦਰ ਪਾਲ, ਹਰਬੰਸ ਸਿੰਘ, ਪਰਮਿੰਦਰ ਸਿੰਘ, ਨਿਰਭੈ ਸਿੰਘ, ਜਸਬੀਰ ਸਿੰਘ, ਹਰਜਿੰਦਰ ਅਤਲਾ, ਗੁਰਦੀਪ ਸਿੰਘ, ਅਮਰਜੀਤ ਸਿੰਘ, ਕੇਵਲ ਸਿੰਘ, ਜੁਗਰਾਜ ਸਿੰਘ, ਐਡਵੋਕੇਟ ਗੁਰਇਕਬਾਲ ਸਿੰਘ, ਮਹਿੰਦਰ ਸਿੰਘ, ਦਿਲਬਾਗ ਸਿੰਘ, ਸ਼ਮਸ਼ੇਰ ਸਿੰਘ, ਅਜੈਬ ਸਿੰਘ, ਨਰਿੰਦਰ ਕੌਰ ਬੁਰਜ਼ ਹਮੀਰਾ, ਪਰਮਜੀਤ ਕੌਰ ਭੀਖੀ, ਸ਼ਿੰਦਰਪਾਲ ਕੌਰ ਤੇ ਰੀਤਾ ਰਾਣੀ ਆਦਿ ਹਾਜ਼ਰ ਸਨ।

ਵਿਧਾਇਕਾਂ ਨੂੰ ਯਾਦ ਪੱਤਰ ਦਿੱਤੇ

ਤਰਕਸ਼ੀਲ ਸੁਸਾਇਟੀ ਪੰਜਾਬ ਜ਼ਿਲ੍ਹਾ ਮਾਨਸਾ ਦੇ ਵਫ਼ਦ ਨੇ ਬੁਢਲਾਡਾ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਤੇ ਮਾਨਸਾ ਦੇ ਵਿਧਾਇਕ ਡਾਕਟਰ ਵਿਜੈ ਸਿੰਗਲਾ ਨੂੰ ਯਾਦ ਪੱਤਰ ਦਿੱਤਾ ਜਿਸ ਵਿੱਚ ਸੂਬੇ ਅੰਦਰ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਦੀ ਮੰਗ ਰੱਖੀ ਗਈ। ਦੋਵੇਂ ਵਿਧਾਇਕਾਂ ਨੇ ਵਿਧਾਨ ਸਭਾ ਦੇ ਇਸ ਇਜਲਾਸ ਵਿੱਚ ਆਵਾਜ਼ ਉਠਾਉਣ ਦਾ ਭਰੋਸਾ ਦਿੱਤਾ। ਇਸ ਨਰਿੰਦਰ ਕੌਰ ਬੁਰਜ਼ਹਮੀਰਾ, ਮਾ. ਲੱਖਾ ਸਿੰਘ, ਮਾ. ਮਹਿੰਦਰ ਪਾਲ, ਹਰਬੰਸ ਸਿੰਘ, ਰਾਜੇਸ਼ ਅਕਲੀਆ, ਅੰਮ੍ਰਿਤ ਰਿਸ਼ੀ, ਭੁਪਿੰਦਰ ਫ਼ੌਜੀ, ਜਸਵੀਰ ਸੋਨੀ, ਮਾ. ਰਾਜਪਾਲ ਸਿੰਘ, ਬੂਟਾ ਬੀਰ, ਅਮਨ ਕੂਲਰੀਆ, ਗੁਰਦੀਪ ਸਿੰਘ, ਕ੍ਰਿਸ਼ਨ ਸਿੰਘ ਮਾਨਬੀਬੜੀਆਂ, ਪਰਮਜੀਤ ਸਿੰਘ ਮਾਖਾ, ਅਜੈਬ ਸਿੰਘ, ਰਾਮ ਸਿੰਘ ਤੇ ਦਰਸ਼ਨ ਸਿੰਘ ਔਜਲਾ ਆਦਿ ਹਾਜ਼ਰ ਸਨ।

- ਭੁਪਿੰਦਰ ਫ਼ੌਜੀ

ਇਕਾਈ ਫਗਵਾੜਾ

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਅਤੇ ਇਸ ਪ੍ਰੀਖਿਆ ਵਿੱਚੋਂ ਜ਼ੋਨ ਤੇ ਇਕਾਈ ਵਿਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲਾਂ ਵਿਚ ਜਾ ਕੇ ਸਨਮਾਨਿਤ ਕੀਤਾ ਗਿਆ। ਜਲੰਧਰ ਜ਼ੋਨ ਵਿੱਚੋਂ ਫਗਵਾੜਾ ਇਕਾਈ ਦੀ ਸੈਕੰਡਰੀ ਪੱਧਰ ਦੀ ਪ੍ਰੀਖਿਆ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਫਗਵਾੜਾ ਦੀ ਪਲਿਕ ਪੁੱਤਰੀ ਗੁਰਬਖਸ਼ ਲਾਲ ਨੇ ਪਹਿਲਾ ਅਤੇ ਇਸੇ ਸਕੂਲ ਦੀ ਮੁਨੀਸ਼ਾ ਪੁੱਤਰੀ ਉਮੇਸ਼ ਸਾਹਨੀ ਨੇ ਚੌਥਾ ਸਥਾਨ ਹਾਸਲ ਕੀਤਾ, ਜਦੋਂ ਕਿ ਸਰਕਾਰੀ ਹਾਈ ਸਕੂਲ ਪੱਦੀ ਜਗੀਰ ਦੀ ਵਿਦਿਆਰਥਣ ਮੁਸਕਾਨ ਪੁੱਤਰੀ ਬਲਵੀਰ ਚੰਦ ਨੇ ਜ਼ੋਨ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਇਕਾਈ ਪੱਧਰ ਦੀ ਪ੍ਰੀਖਿਆ ਵਿੱਚੋਂ ਸੈਕੰਡਰੀ ਪ੍ਰੀਖਿਆ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁੜੀਆਂ ਫਗਵਾੜਾ ਦੀ ਵਿਦਿਆਰਥਣ ਗੁਰਪ੍ਰੀਤ ਪੁੱਤਰੀ ਕੁਲਵਿੰਦਰ ਰਾਮ ਨੇ ਪਹਿਲਾ, ਇਸੇ ਸਕੂਲ ਦੀ ਮੁਸਕਾਨ ਪੁੱਤਰੀ ਸੀਤਲ ਰਾਜ ਨੇ ਦੂਜਾ ਅਤੇ ਸ.ਹ.ਸ. ਪੱਦੀ ਜਗੀਰ ਦੀ ਤਰਨਪੁਨੀਤ ਪੁੱਤਰੀ ਗੁਰਮੁਖ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਮਿਡਲ ਪੱਧਰ ਦੀ ਪ੍ਰੀਖਿਆ ਵਿੱਚੋਂ ਸਰਕਾਰੀ ਹਾਈ ਸਕੂਲ ਪੰਡੋਰੀ ਦੀ ਲੜਕੀ ਮਿਲੀ ਕੁਮਾਰੀ ਪੁੱਤਰੀ ਬਲਦੇਵ ਨੇ ਪਹਿਲਾ ਸਥਾਨ, ਸਰਕਾਰੀ ਹਾਈ ਸਕੂਲ ਖਲਵਾੜਾ ਦੀ ਜਸਮੀਨ ਕੌਰ ਨੇ ਦੂਸਰਾ ਅਤੇ ਸਰਕਾਰੀ ਹਾਈ ਸਕੂਲ ਪੰਡੋਰੀ ਦੀ ਜਸਮੀਨ ਪੁੱਤਰੀ ਬਲਵਿੰਦਰ ਕੁਮਾਰ ਨੇ ਤੀਸਰਾ ਸਥਾਨ ਹਾਸਲ ਕੀਤਾ। ਉਪਰੋਕਤ ਵਿਦਿਆਰਥੀਆਂ ਅਤੇ ਇਸ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਬੰਧਿਤ ਸਕੂਲਾਂ ਵਿੱਚ ਜਾ ਕੇ ਸਰਟੀਫਿਕੇਟ ਦੇ ਕੇ ਅਤੇ ਪੁਜ਼ੀਸ਼ਨਾਂ ਹਾਸਲ ਕਰਨ ਵਾਲਿਆਂ ਨੂੰ ਸੁਸਾਇਟੀ ਦੀਆਂ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੀਖਿਆ ਵਿੱਚ ਭਾਗ ਲੈਣ ਲਈ ਉਤਸ਼ਾਹਤ ਕਰਨ ਵਾਲੇ ਸਾਰੇ ਸਕੂਲ ਮੁਖੀਆਂ ਅਤੇ ਪ੍ਰੀਖਿਆ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਮੌਕੇ ਸੁਸਾਇਟੀ ਦੇ ਆਗੂ ਸੁਰਿੰਦਰ ਪਾਲ ਪੱਦੀ, ਸੁਖਦੇਵ ਫਗਵਾੜਾ, ਜਸਵਿੰਦਰ ਸਿੰਘ, ਸੁਰਿੰਦਰ ਪਾਲ ਦੁਸਾਂਝ, ਬਲਵਿੰਦਰ ਪ੍ਰੀਤ, ਮਹਿੰਦਰ ਪਾਲ ਇੰਧਣਾ ਆਦਿ ਹਾਜ਼ਰ ਸਨ।

–ਸੁਖਦੇਵ ਫਗਵਾੜਾ

ਇਕਾਈ ਅੰਮ੍ਰਿਤਸਰ

(1) ਚੌਥੀ ਸੂਬਾ ਪੱਧਰੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਐਲਾਨੇ ਨਤੀਜਿਆਂ ਅਨੁਸਾਰ ਆਤਮ ਪਬਲਿਕ ਸਕੂਲ, ਇਸਲਾਮਾਬਾਦ ਵਿਖੇ ਮਾਝਾ ਜ਼ੋਨ ਅਤੇ ਅੰਮ੍ਰਿਤਸਰ ਇਕਾਈ ਵਿਚ ਵਧੀਆ ਕਾਰਗੁਜ਼ਾਰੀ ਵਿਖਾਉਣ ਵਾਲੇ ਵਿਦਿਆਰਥੀਆਂ ਨੂੰ ਤਰਕਸ਼ੀਲ ਕਿਤਾਬਾਂ ਦੇ ਸੈੱਟ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਗਮ ਦੀ ਪ੍ਰਧਾਨਗੀ ਤਰਕਸ਼ੀਲ ਆਗੂਆਂ ਜਸਪਾਲ ਬਾਸਰਕੇ, ਸੁਮੀਤ ਸਿੰਘ, ਅਸ਼ਵਨੀ ਕੁਮਾਰ, ਸਕੂਲ ਦੇ ਮੁੱਖ ਪ੍ਰਬੰਧਕ ਪ੍ਰਤੀਕ ਸਹਿਦੇਵ, ਪ੍ਰਿੰਸੀਪਲ ਮੈਡਮ ਅੰਕਿਤਾ ਸਹਿਦੇਵ, ਵਾਈਸ ਪ੍ਰਿੰਸੀਪਲ ਸੁਭਾਸ਼ ਚੰਦਰ, ਮੈਡਮ ਪਰਮਜੀਤ, ਮੈਡਮ ਪੂਨਮ ਸ਼ਰਮਾ, ਮੈਡਮ ਤ੍ਰਿਪਤਾ, ਮੋਹਿਤ, ਸਹਿਦੇਵ ਅਤੇ ਨਵਦੀਪ ਕੁਮਾਰ ਨੇ ਕੀਤੀ। ਇਸ ਪ੍ਰੀਖਿਆ ਵਿੱਚ ਮਾਝਾ ਜ਼ੋਨ ਦੇ ਸੈਕੰਡਰੀ ਗਰੁੱਪ ਵਿੱਚੋਂ ਇਸ ਸਕੂਲ ਦੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਨਮਨ ਅਤੇ ਤਮੰਨਾ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਹਾਸਿਲ ਕੀਤਾ ਜਦਕਿ ਮਿਡਲ ਗਰੁੱਪ ਵਿੱਚੋਂ ਮੁਸਕਾਨ ਨੇ ਪਹਿਲਾ ਅਤੇ ਦੀਪਿਕਾ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਤੋਂ ਇਲਾਵਾ ਇਕਾਈ ਪੱਧਰ ਦੇ ਨਤੀਜਿਆਂ ਵਿੱਚੋਂ ਵੀ ਆਤਮ ਪਬਲਿਕ ਸਕੂਲ ਦੇ ਵਿਦਿਆਰਥੀਆਂ ਇਸ਼ੀਤਾ, ਮਨਸੀਰਤ ਕੌਰ ਅਤੇ ਅੰਨੂ ਸ਼ਰਮਾ ਨੇ ਸੈਕੰਡਰੀ ਗਰੁੱਪ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਅਤੇ ਮਿਡਲ ਗਰੁੱਪ ਵਿੱਚੋਂ ਨੰਦਿਨੀ ਸ਼ਰਮਾ, ਨੈਨਸੀ ਅਤੇ ਮਾਹੀ ਨੇ ਵੀ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਚੇਤਨ ਪ੍ਰੀਖਿਆ ਵਿਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਬਿਹਤਰ ਕਾਰਗੁਜ਼ਾਰੀ ਵਿਖਾਉਣ ਅਤੇ ਸਹਿਯੋਗ ਕਰਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਅੰਕਿਤਾ ਸਹਿਦੇਵ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਵਿਸ਼ੇਸ਼ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਸੰਬੋਧਨ ਕੀਤਾ।

(2) ਇਸੇ ਤਰ੍ਹਾਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਛੇਹਰਟਾ, ਅੰਮ੍ਰਿਤਸਰ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਤਰਕਸ਼ੀਲ ਆਗੂ ਸੁਮੀਤ ਸਿੰਘ ਅਤੇ ਪ੍ਰਿੰਸੀਪਲ ਮੈਡਮ ਮਨਮੀਤ ਕੌਰ ਨੇ ਸੰਬੋਧਨ ਕੀਤਾ। ਇਸ ਮੌਕੇ ਪ੍ਰਿੰਸੀਪਲ ਮਨਮੀਤ ਕੌਰ ਨੂੰ ਵਿਸ਼ੇਸ਼ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਾਲਾਨਾ ਮੈਗਜ਼ੀਨ "ਰਿਸ਼ਮਾਂ" ਵੀ ਰਿਲੀਜ਼ ਕੀਤਾ ਗਿਆ। ਇਸ ਮੌਕੇ ਇਕਾਈ ਮੁਖੀ ਜਸਪਾਲ ਬਾਸਰਕੇ, ਅਧਿਆਪਕ ਆਗੂ ਜਸਵੰਤ ਰਾਏ, ਮੈਡਮ ਕਰਮਜੀਤ ਕੌਰ, ਤਰਕਸ਼ੀਲ ਆਗੂ ਅਸ਼ਵਨੀ ਕੁਮਾਰ, ਸ਼ਕਤੀ ਕੁਮਾਰ ਤੋਂ ਇਲਾਵਾ ਅਧਿਆਪਕ ਵਰਿੰਦਰ ਕੌਰ, ਹਰਮਨਪ੍ਰੀਤ ਸਿੰਘ, ਸੁਖਪਾਲ ਸਿੰਘ, ਨਵਦੀਪ ਕੌਰ, ਅਮਨਦੀਪ ਕੌਰ, ਲਾਲ ਸਿੰਘ, ਦਲੀਪ ਕੁਮਾਰ, ਰਾਜਿੰਦਰ ਕੌਰ, ਪ੍ਰਭਦੀਪ ਕੌਰ ਆਦਿ ਹਾਜ਼ਰ ਸਨ।

(3) ਇਸੇ ਤਰ੍ਹਾਂ ਅਪੈਕਸ ਇੰਟਰਨੈਸ਼ਨਲ ਸਕੂਲ, ਮੋਹਣੀ ਪਾਰਕ, ਅੰਮ੍ਰਿਤਸਰ ਦੇ ਵਿਦਿਆਰਥੀਆਂ ਨੂੰ ਵੀ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਮੁੱਖ ਨਿਰਦੇਸ਼ਕ ਮੈਡਮ ਜਸਪ੍ਰੀਤ ਕੌਰ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਹਰਪ੍ਰੀਤ ਸਿੰਘ, ਤਰਕਸ਼ੀਲ ਆਗੂ ਅਸ਼ਵਨੀ ਕੁਮਾਰ, ਸ਼ਕਤੀ ਕੁਮਾਰ, ਦਮਨਜੀਤ ਕੌਰ, ਨਵਜੀਤ ਤੋਂ ਇਲਾਵਾ ਅਧਿਆਪਕ ਪੂਜਾ ਮਹਾਜਨ, ਸ਼ਿਵਾਲੀ ਸ਼ਰਮਾ, ਕਰਨਦੀਪ ਸ਼ਰਮਾ ਅਤੇ ਪਰਮਿੰਦਰ ਕੌਰ ਆਦਿ ਹਾਜ਼ਰ ਸਨ।

(4) **ਕੌਮਾਂਤਰੀ ਮਨੁੱਖੀ ਹੱਕ ਦਿਵਸ—** 10 ਦਸੰਬਰ ਦੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਦੇ ਸੰਬੰਧ ਵਿੱਚ ਸਥਾਨਕ ਕੰਪਨੀ ਬਾਗ਼ ਵਿਖੇ ਤਰਕਸ਼ੀਲ ਆਗੂ ਐਡਵੋਕੇਟ ਅਮਰਜੀਤ ਬਾਈ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਸੁਪਰੀਮ ਕੋਰਟ ਅਤੇ ਮੋਦੀ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਯੂ ਏ ਪੀ ਏ, ਅਫਸਪਾ, ਪੀ ਐੱਸ ਏ ਦੇ ਕਾਲੇ ਕਾਨੂੰਨ ਰੱਦ ਕੀਤੇ ਜਾਣ, ਸਿਆਸੀ ਵਿਰੋਧੀਆਂ ਦੇ ਖ਼ਿਲਾਫ਼ ਐੱਨ. ਆਈ. ਏ., ਸੀ. ਬੀ. ਆਈ. ਅਤੇ ਈ. ਡੀ. ਜਾਂਚ ਏਜੰਸੀਆਂ ਦੀ ਦੁਰਵਰਤੋਂ ਤੁਰੰਤ ਰੋਕੀ ਜਾਵੇ ਅਤੇ ਝੂਠੇ ਕੇਸਾਂ ਹੇਠ ਜੇਲ੍ਹਾਂ ਵਿੱਚ ਨਜ਼ਰਬੰਦ ਸਾਰੇ ਮਨੁੱਖੀ ਅਧਿਕਾਰ ਤੇ ਸਮਾਜਿਕ ਕਾਰਕੁਨਾਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਇਸ ਮੌਕੇ ਤਰਕਸ਼ੀਲ ਆਗੂ ਸੁਮੀਤ ਸਿੰਘ, ਜਸਪਾਲ ਬਾਸਰਕੇ ਅਤੇ ਅਮਰਜੀਤ ਬਾਈ ਨੇ ਸੰਬੋਧਨ ਕੀਤਾ। ਇਸ ਮੌਕੇ ਇਕਾਈ ਵਿੱਤ ਮੁਖੀ ਅਸ਼ਵਨੀ ਕੁਮਾਰ, ਰਾਜ ਕੁਮਾਰ

ਵੇਰਕਾ, ਸੁਖਮੀਤ ਸਿੰਘ, ਰਮੇਸ਼ ਜੈਨ, ਪ੍ਰਿੰਸੀਪਲ ਮੇਲਾ ਰਾਮ, ਅਨਮੋਲ ਸਿੰਘ, ਪਰਮਜੀਤ ਸਿੰਘ ਅਤੇ ਗੁਰਜੀਤ ਬਾਸਰਕੇ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

(5) **ਬਾਗੇਸ਼ਵਰ ਧਾਮ ਦੇ ਪਾਖੰਡੀ ਬਾਬੇ ਨੂੰ ਚੁਣੌਤੀ—** ਧਾਰਮਿਕ ਆਸਥਾ ਦੀ ਆੜ ਹੇਠ ਅੰਧ ਵਿਸ਼ਵਾਸ ਫੈਲਾਉਣ ਵਾਲੇ ਮੱਧ ਪ੍ਰਦੇਸ਼ ਦੇ ਬਾਗੇਸ਼ਵਰ ਧਾਮ ਦੇ ਢੌਂਗੀ ਬਾਬੇ ਧਿਰੇਂਦਰ ਸ਼ਾਸਤਰੀ ਨੂੰ ਆਪਣੀ ਅਖੌਤੀ ਦੇਵੀ ਸ਼ਕਤੀ ਸਿੱਧ ਕਰਨ ਦੀ ਚੁਣੌਤੀ ਦਿੰਦਿਆਂ ਪੰਜਾਬ ਸਮੇਤ ਅਜਿਹੇ ਹੋਰਨਾਂ ਪਾਖੰਡੀ ਬਾਬਿਆਂ, ਮਿਸ਼ਨਰੀਆਂ, ਭਾਈਆਂ, ਪੁਜਾਰੀਆਂ, ਮੌਲਵੀਆਂ ਅਤੇ ਜੋਤਸ਼ੀਆਂ ਨੂੰ ਆਪਣੀ ਅਖੌਤੀ ਦੇਵੀ ਸ਼ਕਤੀ ਸਿੱਧ ਕਰਕੇ ਤਰਕਸ਼ੀਲ ਸੰਸਥਾਵਾਂ ਵੱਲੋਂ ਐਲਾਨ ਕੀਤੇ ਲੱਖਾਂ ਰੁਪਏ ਦੇ ਇਨਾਮ ਜਿੱਤਣ ਦੀ ਖੁੱਲ੍ਹੀ ਚੁਣੌਤੀ ਦਿੱਤੀ ਗਈ।

(6) ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਚਲਾਈ ਜਾ ਰਹੀ ਮੁਹਿੰਮ ਤਹਿਤ ਅੰਮ੍ਰਿਤਸਰ ਇਕਾਈ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ, ਅੰਮ੍ਰਿਤਸਰ ਦੇ ਵਿਧਾਇਕ ਕੁੰਵਰ ਵਿਜੇਪ੍ਰਤਾਪ ਸਿੰਘ, ਡਾ. ਅਜੈ ਗੁਪਤਾ, ਡਾ. ਜਸਬੀਰ ਸਿੰਘ ਸੰਧੂ ਅਤੇ ਜੀਵਨਜੀਤ ਕੌਰ ਨੂੰ ਕਾਨੂੰਨ ਦੇ ਖਰੜੇ ਸਮੇਤ ਮੰਗ ਪੱਤਰ ਸੌਂਪਿਆ ਗਿਆ ਜਿਸ ਵਿਚ ਜ਼ੋਰਦਾਰ ਮੰਗ ਕੀਤੀ ਗਈ ਕਿ ਇਸ ਖਰੜੇ ਨੂੰ ਪੰਜਾਬ ਵਿਧਾਨ ਸਭਾ ਵਿਚ ਪਾਸ ਕਰਕੇ ਪੰਜਾਬ ਵਿਚ ਅੰਧ-ਵਿਸ਼ਵਾਸ ਵਿਰੋਧੀ ਕਾਨੂੰਨ ਲਾਗੂ ਕੀਤਾ ਜਾਵੇ। ਇਸ ਵਫ਼ਦ ਵਿਚ ਅੰਮ੍ਰਿਤਸਰ ਇਕਾਈ ਦੇ ਆਗੂ ਜਸਪਾਲ ਬਾਸਰਕੇ, ਸੁਮੀਤ ਸਿੰਘ, ਅਸ਼ਵਨੀ ਕੁਮਾਰ, ਐਡਵੋਕੇਟ ਅਮਰਜੀਤ ਬਾਈ, ਮਨਜੀਤ ਬਾਸਰਕੇ, ਸਾਬਕਾ ਬੀ ਈ ਪੀ ਓ ਅਤੇ ਪ੍ਰਿੰਸੀਪਲ ਮੇਲਾ ਰਾਮ, ਦਮਨਜੀਤ ਕੌਰ, ਪਰਮਜੀਤ ਸਿੰਘ ਸ਼ਾਮਿਲ ਸਨ। **- ਸੁਮੀਤ ਸਿੰਘ**

ਇਕਾਈ ਜਲੰਧਰ

15 ਨਵੰਬਰ ਨੂੰ ਕਾਲਾ ਸੰਘਿਆ (ਕਪੂਰਥਲਾ) ਵਿਖੇ ਚੇਤਨਾ ਪਰਖ ਪ੍ਰੀਖਿਆ ਦੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। 1 ਜਨਵਰੀ ਨੂੰ ਸਾਂਝਾ ਮੋਰਚਾ ਜੀਰਾ ਵਿਖੇ ਸ਼ਰਾਬ ਫੈਕਟਰੀ ਬੰਦ ਕਰਾਉਣ ਲਈ ਚੱਲ ਰਹੇ ਮੋਰਚੇ ਵਿੱਚ ਸ਼ਮੂਲੀਅਤ ਕੀਤੀ। 20 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮੈਗਜ਼ੀਨ, ਕੈਲੰਡਰ ਜਾਰੀ ਕੀਤਾ। ਯਾਦਗਾਰ ਵੱਲੋਂ ਪ੍ਰਧਾਨ ਅਜਮੇਰ ਸਿੰਘ ਜੀ, ਤੀਰਥ ਸਿੰਘ ਜੀ ਹਾਜ਼ਰ ਸਨ। 28 ਜਨਵਰੀ ਨੂੰ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਅੰਧ ਵਿਸ਼ਵਾਸਾਂ ਖ਼ਿਲਾਫ਼ ਕਾਨੂੰਨ ਬਣਵਾਉਣ ਲਈ ਐੱਮ. ਐੱਲ. ਏ. ਕਰਤਾਰਪੁਰ ਬਲਕਾਰ ਸਿੰਘ ਨੂੰ ਮੰਗ ਪੱਤਰ ਦਿੱਤਾ। ਇਹਨਾਂ ਗਤੀਵਿਧੀਆਂ ਵਿੱਚ ਜ਼ੋਨ ਮੁਖੀ ਸੁਰਜੀਤ ਟਿੱਬਾ, ਇਕਾਈ ਪ੍ਰਧਾਨ ਨਸੀਬ ਚੰਦ ਬੱਬੀ, ਪਰਮਜੀਤ ਲਾਲ ਨਰੰਗਪੁਰ, ਵਿਜੈ ਰਾਹੀ, ਰਾਮੇਸ਼ ਚੇਹਕਾ, ਵਿਸ਼ਵਾਮਿੱਤਰ ਬੰਮੀ, ਸੂਬੇਦਾਰ ਪਰਮਜੀਤ ਸਿੰਘ, ਪਰਮਜੀਤ ਸਿੰਘ ਕਿਰਤੀ, ਅਰੁਣ ਤਰਕਸ਼ੀਲ ਆਦਿ ਸ਼ਾਮਲ ਹੋਏ।

-ਨਸੀਬ ਚੰਦ ਬੱਬੀ

ਇਕਾਈ ਪਟਿਆਲਾ

1. **ਮੰਗ ਪੱਤਰ ਦਿੱਤਾ—**ਅੰਧ ਵਿਸ਼ਵਾਸ ਵਿਰੁੱਧ ਕਾਨੂੰਨ ਬਣਵਾਉਣ ਲਈ ਇਕਾਈ ਵੱਲੋਂ ਸਿਹਤ ਮੰਤਰੀ ਡਾ. ਬਲਬੀਰ ਸਿੰਘ (ਵਿਧਾਇਕ ਪਟਿਆਲਾ ਦਿਹਾਤੀ) ਨੂੰ ਉਹਨਾਂ ਦੇ ਪੀ. ਏ. ਬਲਵਿੰਦਰ ਸੈਣੀ ਰਾਹੀਂ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਦੇਣ ਸਮੇਂ ਇਕਾਈ ਦੇ ਆਗੂ ਰਾਮ ਸਿੰਘ ਬੰਗ, ਸੁਰਿੰਦਰ ਪਾਲ, ਰਮਣੀਕ ਸਿੰਘ, ਰਾਮ ਕੁਮਾਰ, ਐਡਵੋਕੇਟ ਰਾਜੀਵ ਲੋਹਟਬੱਧੀ, ਅਸ਼ੋਕ ਕੁਮਾਰ, ਜਸਬੀਰ ਗਾਂਧੀ ਆਦਿ ਹਾਜ਼ਰ ਸਨ।

2. **ਨਵੀਂ ਇਕਾਈ ਪਟਿਆਲਾ (ਅਰਬਨ ਅਸਟੇਟ) ਦਾ ਗਠਨ—** ਰਾਮ ਕੁਮਾਰ ਜੀ ਦੀ ਅਗਵਾਈ ਵਿੱਚ ਇਸ ਇਕਾਈ ਦਾ ਗਠਨ ਕੀਤਾ ਗਿਆ। ਸੁਰਿੰਦਰ ਪਾਲ (ਜਥੇਬੰਦਕ ਵਿਭਾਗ), ਧਰਮਿੰਦਰ ਸਿੰਘ (ਵਿੱਤ ਅਤੇ ਮੈਗਜ਼ੀਨ ਵੰਡ), ਬਲਵਾਨ ਸਿੰਘ (ਮਾਨਸਿਕ ਸਿਹਤ ਮਸ਼ਵਰਾ ਵਿਭਾਗ), ਅਕਸ਼ੈ ਕੁਮਾਰ (ਮੀਡੀਆ ਵਿਭਾਗ) ਅਤੇ ਨਰਿੰਦਰ ਪਾਲ ਸਿੰਘ (ਸੱਭਿਆਚਾਰਕ ਵਿਭਾਗ-ਦੇ ਮੁਖੀ ਚੁਣੇ ਗਏ। ਇਕਾਈ ਵੱਲੋਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ 23 ਮਾਰਚ ਨੂੰ ਪੁਸਤਕ ਪ੍ਰਦਰਸ਼ਨੀ ਲਗਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਮੌਕੇ ਰਾਜੀਵ ਲੋਹਟਬੱਧੀ, ਬਲਵਿੰਦਰ ਸਿੰਘ, ਸੰਜੀਵ ਨਾਸਤਿਕ, ਰਣਜੀਤ ਸਿੰਘ, ਕਮਲੇਸ਼ ਕੁਮਾਰੀ, ਸਨੇਹ ਲਤਾ, ਅਮਰਜੀਤ ਕੌਰ, ਸੁਮਨ ਆਦਿ ਨੇ ਆਪਣੇ ਵਿਚਾਰ ਰੱਖੇ।

3. **ਸਮਾਰਟ ਸਕੂਲ ਫੀਲਖਾਨਾ ਵਿਖੇ ਸੈਮੀਨਾਰ ਅਤੇ ਵਿਦਿਆਰਥੀ ਸਨਮਾਨ ਸਮਾਰੋਹ—**ਸਵਿੱਤਰੀ ਬਾਈ ਫੂਲੇ ਮੰਚ ਅਤੇ ਇਕਾਈ ਪਟਿਆਲਾ ਵੱਲੋਂ ਇਕ ਪ੍ਰੋਗਰਾਮ ਕਰਵਾਇਆ ਗਿਆ। ਇਸ ਦੀ ਪ੍ਰਧਾਨਗੀ ਡਾ. ਭੀਮ ਇੰਦਰ ਸਿੰਘ, ਰਜਿੰਦਰ ਭਦੌੜ, ਪ੍ਰਿੰਸੀਪਲ ਡਾ. ਰਜਨੀਸ਼ ਗੁਪਤਾ, ਰਾਮ ਕੁਮਾਰ ਪਟਿਆਲਾ, ਸੁਰਿੰਦਰ ਪਾਲ, ਸੁਮਨ ਪਟਿਆਲਾ (ਸਵਿੱਤਰੀ ਬਾਈ ਫੂਲੇ ਚੇਤਨਾ ਮੰਚ) ਨੇ ਕੀਤੀ। ਪ੍ਰਿੰਸੀਪਲ ਗੁਪਤਾ ਨੇ ਸਵਾਗਤੀ ਸ਼ਬਦ ਕਹੇ। ਮੁੱਖ ਬੁਲਾਰੇ ਰਜਿੰਦਰ ਭਦੌੜ ਨੇ ਵਿਸਥਾਰ ਵਿੱਚ ਤਰਕਸ਼ੀਲ ਸੋਚ 'ਤੇ ਗੱਲ ਕੀਤੀ। ਇਸ ਸਕੂਲ ਦੇ ਪੰਜਾਬ ਵਿੱਚ ਸਭ ਤੋਂ ਵੱਧ ਵਿਦਿਆਰਥੀਆਂ ਨੇ ਇਤਿਹਾਸਕ ਕਿਸਾਨੀ ਸੰਘਰਸ਼ ਨੂੰ ਸਮਰਪਤ ਚੌਥੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲਿਆ ਸੀ। ਪਰਗਟ ਸਿੰਘ ਸੰਗੀਤ ਅਧਿਆਪਕ ਦੀ ਅਗਵਾਈ

ਵਿੱਚ ਭਾਵਿਯਾ ਗੋਇਲ (ਵਿਦਿਆਰਥਣ) ਨੇ ਲੋਕ ਗੀਤ ਪੇਸ਼ ਕੀਤਾ। ਵਿਦਿਆਰਥੀਆਂ (ਪ੍ਰੀਖਿਆ ਜੇਤੂਆਂ) ਦਾ ਸਨਮਾਨ ਕੀਤਾ ਗਿਆ। ਮਿਡਲ ਵਿੱਚੋਂ ਗੋਪਾਲ, ਗੁਰਲੀਨ ਕੌਰ ਅਤੇ ਗੁਰਮਨਜੋਤ ਕੌਰ ਅਤੇ ਸੈਕੰਡਰੀ ਵਿੱਚੋਂ ਹਰਮਨਦੀਪ, ਰਮਨਦੀਪ ਕੌਰ, ਤਰਨਵੀਰ ਸਿੰਘ ਨੇ ਕ੍ਰਮਵਾਰ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ। ਮੁੱਖ ਮਹਿਮਾਨਾਂ ਨੂੰ ਸਨਮਾਨਤ ਕੀਤਾ। ਸਹਿਯੋਗੀ ਅਧਿਆਪਕਾਂ ਕਰਮਜੀਤ ਕੌਰ, ਕੰਵਰਜੀਤ ਧਾਲੀਵਾਲ, ਮਨੋਜ ਥਾਪਰ, ਚਰਨਜੀਤ ਸਿੰਘ, ਗੁਰਪ੍ਰੀਤ ਸਿੰਘ ਵੜੈਚ, ਰਣਦੀਪ ਕੌਰ, ਅਮਰਦੀਪ ਸਿੰਘ, ਪਰਮਜੀਤ ਸਿੰਘ, ਸਿਮਰਨਪ੍ਰੀਤ ਕੌਰ, ਮਨਪ੍ਰੀਤ ਧਾਲੀਵਾਲ, ਅਮਰਿੰਦਰ ਸਿੰਘ, ਧਰਮਪਾਲ ਸਿੰਘ, ਰਵਨੀਤ ਕੌਰ, ਕਮਲਜੀਤ ਕੌਰ, ਮਨਦੀਪ ਕੌਰ, ਪਰਗਟ ਸਿੰਘ, ਅਸ਼ੋਕ ਕੁਮਾਰ, ਨੂਰਦੀਪ ਕੌਰ, ਬਲਵਿੰਦਰ ਜੱਸਲ, ਰਵਿੰਦਰ ਸਿੰਘ, ਰਿੰਕੂ ਮੋਦਗਿੱਲ, ਸੰਜੀਤਾ ਗੁਪਤਾ, ਮਨਦੀਪ ਸਿੰਘ, ਪਿਆਰੇ ਲਾਲ, ਰਮੇਸ਼ ਕੁਮਾਰ, ਰੇਨੂ ਰਾਣੀ ਆਦਿ ਦਾ ਸਨਮਾਨ ਕੀਤਾ ਗਿਆ। ਕਿਤਾਬ ਪ੍ਰਦਰਸ਼ਨੀ ਲਗਾਈ ਗਈ। ਅਕਸ਼ੈ ਖਨੌਰੀ ਨੇ ਸਟੇਜ ਸੰਚਲਨ ਕੀਤਾ। ਸੁਰਿੰਦਰ ਪਾਲ ਜੀ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਰਜੀਵ ਲੋਹਟਬੱਧੀ, ਰਾਮ ਸਿੰਘ ਬੰਗ, ਰਣਜੀਤ ਸਿੰਘ, ਕਮਲੇਸ਼ ਕੁਮਾਰੀ, ਰਮਣੀਕ ਸਿੰਘ, ਬਲਵਿੰਦਰ ਸਿੰਘ, ਅਮਰਿੰਦਰ ਸਿੰਘ ਆਦਿ ਮੌਜੂਦ ਸਨ।

4. **ਸ. ਸ. ਸ. ਸ. ਬਹਾਦਰਗੜ੍ਹ ਵਿਖੇ ਵਿਦਿਆਰਥੀ ਸਨਮਾਨ**—ਇਸ ਸਕੂਲ ਦੇ ਵਿਦਿਆਰਥੀ ਨਵਨੀਤ ਨੇ ਜ਼ੋਨ ਵਿਚ, ਇਕਾਈ ਵਿੱਚ ਖ਼ੁਸ਼ੀ ਮਿਸਰਾ, ਨਵਦੀਪ ਕੌਰ ਅਤੇ ਮਨਪ੍ਰੀਤ ਕੌਰ ਨੇ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ। ਇਹਨਾਂ ਬੱਚਿਆਂ ਨੂੰ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਤ ਕੀਤਾ ਗਿਆ। ਇਕਾਈ ਆਗੂ ਸੁਰਿੰਦਰ ਪਾਲ, ਬਲਵਿੰਦਰ ਸਿੰਘ, ਬਲਵਾਨ ਸਿੰਘ ਨੇ ਸੰਬੋਧਨ ਕੀਤਾ। ਪ੍ਰੀਖਿਆ ਦੇ ਸੁਚਾਰੂ ਸੰਚਾਲਨ ਵਿੱਚ ਅਧਿਆਪਕਾ ਨਵਜੋਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਹਨਾਂ ਨੂੰ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਡਾ. ਰੂਪੇਸ਼ ਦੀਵਾਨ ਨੂੰ ਸਨਮਾਨਤ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਨਰਿੰਦਰ ਕੌਰ, ਅਧਿਆਪਕਾ ਸੰਗੀਤਾ, ਇੰਦਰਜੀਤ ਕੌਰ, ਅੰਜੂ ਪੁੰਜ, ਰਿੰਕੂ ਸੋਨੀ, ਗੁਰਚਰਨ ਸਿੰਘ, ਮੁਕੇਸ਼ ਕੁਮਾਰ, ਦਿਲਬਾਗ ਸਿੰਘ, ਹੈਪੀ ਰਾਣੀ, ਗੁਰਦੀਪ ਕੌਰ ਆਦਿ ਹਾਜ਼ਰ ਸਨ।

- ਸੁਰਿੰਦਰ ਪਾਲ ਪਟਿਆਲਾ

ਇਕਾਈ ਸੰਗਰੂਰ

1. **ਸ. ਹ. ਸ. ਖੇੜੀ ਵਿਖੇ ਚੇਤਨਾ ਪਰਖ ਪ੍ਰੀਖਿਆ ਦੇ ਵਿਦਿਆਰਥੀ ਕੀਤੇ ਸਨਮਾਨਤ**—ਮਾਸਟਰ ਪਰਮ ਵੇਦ, ਚਰਨ ਕਮਲ ਸਿੰਘ, ਪ੍ਰਹਿਲਾਦ ਸਿੰਘ, ਜਗਦੇਵ ਕੰਮੋ ਮਾਜਰਾ 'ਤੇ ਆਧਾਰਿਤ ਟੀਮ ਨੇ ਇਸ ਸਕੂਲ ਵਿਚ ਤਰਕਸ਼ੀਲ ਚੇਤਨਾ ਪ੍ਰੋਗਰਾਮ ਦਿੱਤਾ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਹੈੱਡਮਾਸਟਰ ਸਪੱਰਨ ਕੁਮਾਰ ਸਿੰਗਲਾ ਨੇ ਟੀਮ ਦਾ ਸਵਾਗਤ ਕੀਤਾ। ਆਗੂਆਂ ਨੇ ਸੰਬੋਧਨ ਕੀਤਾ ਅਤੇ ਜਾਦੂ ਟ੍ਰਿਕ ਵਿਖਾਏ। ਸਹਿਯੋਗੀ ਸਕੂਲ ਮੁਖੀ ਸਪੱਰਨ ਸਿੰਗਲਾ, ਅਧਿਆਪਕ ਸੁਖਵੀਰ ਸਿੰਘ, ਮਮਤਾ, ਰਣਜੀਤ ਕੌਰ, ਕਾਂਤਾ ਰਾਣੀ, ਵੀਨਾ ਰਾਣੀ, ਨਿਸ਼ਚਲ ਗਰਗ, ਬਲਵਿੰਦਰ ਕੌਰ, ਸ਼ਿੰਦਰਪਾਲ ਕੌਰ, ਸਰਬਜੀਤ ਕੌਰ ਜੀ ਦਾ ਸਨਮਾਨ ਕੀਤਾ ਗਿਆ।

2. **ਮੰਗ ਪੱਤਰ ਸੌਂਪਿਆ**—ਅੰਧਵਿਸ਼ਵਾਸਾਂ ਖ਼ਿਲਾਫ਼ ਕਾਨੂੰਨ ਸੰਬੰਧੀ ਮੰਗ ਪੱਤਰ ਜ਼ੋਨ ਮੁਖੀ ਪਰਮਵੇਦ, ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਅਗਵਾਈ ਹੇਠ ਐੱਮ. ਐੱਲ. ਏ. ਸੰਗਰੂਰ ਨਰਿੰਦਰ ਕੌਰ ਭਰਾਜ ਨੂੰ ਸੌਂਪਿਆ ਗਿਆ। ਵਫ਼ਦ ਵਿੱਚ ਸਵਰਨ ਜੀਤ ਸਿੰਘ, ਚਰਨ ਕਮਲ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਗੁਰਦੀਪ ਲਹਿਰਾ, ਸੀਤਾ ਰਾਮ, ਰਘਵੀਰ ਸਿੰਘ, ਮਾਸਟਰ ਰਣਜੀਤ ਸਿੰਘ, ਤਰਸੇਮ ਅਲੀਸ਼ੇਰ, ਧਰਮਵੀਰ ਸਿੰਘ, ਗੁਰਜੰਟ ਸਿੰਘ, ਲੈਕਚਰਾਰ ਜਸਦੇਵ ਸਿੰਘ, ਕ੍ਰਿਸ਼ਨ ਦੁੱਗਾ ਸ਼ਾਮਲ ਸਨ। **-ਪਰਮਵੇਦ**

ਇਕਾਈ ਰੋਪੜ

ਸਰਕਾਰੀ ਹਾਈ ਸਕੂਲ ਝੱਲੀਆਂ ਖੁਰਦ, ਸ. ਹ. ਸ.. ਅਬਿਆਣਾ, ਸ. ਸ. ਸ. ਸ. ਅਟਾਰੀ, ਡੱਲਾ, ਖਾਲਸਾ, ਸ.ਸ.ਸ.ਸ.ਚਮਕੌਰ ਸਾਹਿਬ, ਸ. ਸ. ਸ. ਦੁੱਗਰੀ, ਸ. ਹ. ਸ. ਮਲਿਕਪੁਰ ਆਦਿ ਸਕੂਲਾਂ ਵਿੱਚ ਤਰਕਸ਼ੀਲ ਪ੍ਰੋਗਰਾਮ ਦਿੱਤੇ ਅਤੇ ਚੇਤਨਾ ਪਰਖ ਪ੍ਰੀਖਿਆ ਦੇ ਸਰਟੀਫਿਕੇਟਾਂ ਰਾਹੀਂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਅਜੀਤ ਪ੍ਰਦੇਸੀ ਨੇ ਜਾਦੂ ਸ਼ੋਅ ਪੇਸ਼ ਕੀਤੇ। ਇਕਾਈ ਮੁਖੀ ਅਸ਼ੋਕ ਕੁਮਾਰ, ਪਵਨ ਰੱਤੋ, ਮਾ. ਪਰਵਿੰਦਰ ਨੇ ਸੰਬੋਧਨ ਕੀਤਾ। ਸਕੂਲ ਮੁਖੀਆਂ ਭੀਮ ਰਾਓ, ਕਿਰਨਜੀਤ ਕੌਰ, ਕੁਲਦੀਪ ਕੌਰ, ਮੇਜਰ ਸਿੰਘ ਜੀ ਅਤੇ ਸਮੂਹ ਅਧਿਆਪਕਾਂ ਦਾ ਵਿਸ਼ੇਸ਼ ਯੋਗਦਾਨ ਲਈ ਧੰਨਵਾਦ ਕੀਤਾ।

-ਗਿਆਨ ਚੰਦ ਰੋਪੜ

ਇਕਾਈ ਬਠਿੰਡਾ

1. ਮਾਘੀ ਮੇਲਾ ਪਿੰਡ ਜੱਸੀ ਬਾਗਵਾਲੀ ਵਿਖੇ ਹਰ ਸਾਲ ਦੀ ਤਰ੍ਹਾਂ ਤਰਕਸ਼ੀਲ ਪ੍ਰੋਗਰਾਮ ਕੀਤਾ ਗਿਆ। ਰਾਮ ਸਿੰਘ ਨਿਰਮਾਣ ਅਤੇ ਕੁਲਵੰਤ ਸਿੰਘ ਨੇ ਸਟੇਜ ਤੋਂ ਪ੍ਰੋਗਰਾਮ ਚਲਾਇਆ ਜਿਸ ਵਿੱਚ ਮੈਜਿਕ ਟ੍ਰਿੱਕਾਂ ਦੌਰਾਨ ਤਰਕਸ਼ੀਲ ਸੋਸਾਇਟੀ ਦੀ ਸਮਝ, ਕੰਮ-ਢੰਗ ਅਤੇ ਲੋਕਾਂ ਵਿੱਚ ਵਿਗਿਆਨਕ ਜਾਗਰੂਕਤਾ ਪੈਦਾ ਕਰਨ ਲਈ ਵਿਚਾਰ ਪੇਸ਼ ਕੀਤੇ ਗਏ। ਇੱਥੇ ਤਰਕਸ਼ੀਲ ਅਤੇ ਅਗਾਂਹਵਧੂ ਸਾਹਿਤ ਦੀ ਸਟਾਲ ਵੀ ਲਗਾਈ ਗਈ।

2. ਤਲਵੰਡੀ ਸਾਬੋ ਵਿਖੇ ਪੰਜਾਬੀ ਯੂਨੀਵਰਸਿਟੀ ਦੇ ਗੁਰੂ ਕਾਸ਼ੀ ਕੈਂਪਸ ਵਿੱਚ 8 ਤੋਂ 10 ਫਰਵਰੀ **ਬਾਕੀ ਪੰਨਾ 55 'ਤੇ**

ਸਿੱਖਿਆ ਦਾ ਭਗਵਾਂਕਰਨ

ਯੂ ਜੀ ਸੀ ਵੱਲੋਂ ‘ਆਰਟ ਓਫ ਲਿਵਿੰਗ’ ਦੇ ਪ੍ਰੋਗਰਾਮ ਕਰਵਾਉਣ ਦੀ ਹਦਾਇਤ



ਡਾ. ਅਮਨ

ਜਦੋਂ ਤੋਂ ਮੋਦੀ ਸਰਕਾਰ ਸੱਤ੍ਹਾ ਵਿੱਚ ਆਈ ਹੈ, ਇਸ ਨੇ ਆਵਦੇ ਹਿੰਦੂਤਵ ਦੇ ਏਜੰਡੇ ਨੂੰ ਲਾਗੂ ਕਰਨ ਲਈ ਆਪਣੀ ਪੂਰੀ ਵਾਹ ਲਾਈ ਹੋਈ ਹੈ। ਆਪਣੇ ਇਸੇ ਮਨਸੂਬੇ ਖ਼ਾਤਰ ਭਾਜਪਾ ਸਿੱਖਿਆ ਢਾਂਚੇ ਦਾ ਭਗਵਾਂਕਰਨ ਕਰ ਰਹੀ ਹੈ। ਨਵੀਂ ਸਿੱਖਿਆ ਨੀਤੀ ਵੀ ਇਸੇ ਦਾ ਹੀ ਅੰਗ ਹੈ। ਸਿੱਖਿਆ ਦੇ ਭਗਵੇਂਕਰਨ ਦੀ ਇਸ ਮੁਹਿੰਮ ਵਿੱਚ ਸਰਕਾਰ ਨੇ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਨੂੰ ਇੱਕ ਮੌਕੇ ਵਜੋਂ ਵਰਤਦਿਆਂ ਇਸਨੂੰ ‘ਆਜ਼ਾਦੀ ਦਾ ਅੰਮ੍ਰਿਤ ਮਹੋਤਸਵ’ ਐਲਾਨਦੇ ਹੋਏ ਇਸ ਤਹਿਤ ‘ਹਰ ਘਰ ਤਿਰੰਗਾ’ ਮੁਹਿੰਮ ਚਲਾਈ ਅਤੇ ਹੁਣ ਉਸੇ ਹੀ ਤਰਜ ’ਤੇ ‘ਹਰ ਘਰ ਧਿਆਨ’ ਮੁਹਿੰਮ ਵਿੱਢ ਦਿੱਤੀ ਹੈ। ‘ਹਰ ਘਰ ਧਿਆਨ’ ਮੁਹਿੰਮ ਤਹਿਤ ਸਿੱਖਿਆ ਦੇ ਭਗਵੇਂਕਰਨ ਦਾ ਠੇਕਾ ਇਸ ਵਾਰ “ਆਰਟ ਓਫ ਲਿਵਿੰਗ ਫਾਊਂਡੇਸ਼ਨ” ਵਾਲੇ ਰਵੀ ਸ਼ੰਕਰ ਨੂੰ ਦਿੱਤਾ ਗਿਆ ਹੈ ਅਤੇ ਪਹਿਲਾਂ ਵਾਂਗ ਹੀ ਯੂ ਜੀ ਸੀ ਰਾਹੀਂ ਇਸਨੂੰ ਅਮਲੀ ਜਾਮਾ ਪਹਿਨਾਇਆ ਜਾਵੇਗਾ।

ਅਸਲ ਵਿੱਚ ਸੱਭਿਆਚਾਰਕ ਮੰਤਰਾਲੇ ਨੇ ‘ਹਰ ਘਰ ਧਿਆਨ’ ਨਾਮੀ ਇਸ ਮੁਹਿੰਮ ਨੂੰ ਯੂ ਜੀ ਸੀ ਨਾਲ ਮਿਲ ਕੇ ਯੂਨੀਵਰਸਿਟੀਆਂ ਅਤੇ ਉੱਚ ਸਿੱਖਿਆ ਅਦਾਰਿਆਂ ਵਿੱਚ ਵੱਡੇ ਪੱਧਰ ’ਤੇ ਚਲਾਉਣ ਦੀ ਵਿਉਂਤ ਬਣਾਈ ਹੈ। ਇਸੇ ਤਹਿਤ ਹੀ ਲੰਘੀ 24 ਨਵੰਬਰ ਨੂੰ ਯੂ ਜੀ ਸੀ ਵੱਲੋਂ ਸਾਰੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਇੱਕ ਲਿਖਤੀ ਪੱਤਰ ਭੇਜਿਆ ਗਿਆ, ਜਿਸ ਵਿੱਚ ਸਾਫ਼-ਸਾਫ਼ ਕਿਹਾ ਗਿਆ ਕਿ ਸੱਭਿਆਚਾਰਕ ਮੰਤਰਾਲੇ ਨੇ ‘ਆਰਟ ਆਫ ਲਿਵਿੰਗ ਫਾਊਂਡੇਸ਼ਨ’ ਨਾਲ ਰਲ ਕੇ ਇਹ ਮੁਹਿੰਮ ਚਲਾਉਣ ਦਾ ਇਕਰਾਰ ਕੀਤਾ ਹੈ। ਅਜਿਹਾ ਹੀ ਪੱਤਰ ਸੀ ਬੀ ਐੱਸ ਈ ਨੇ ਵੀ ਪੂਰੇ ਦੇਸ਼ ਵਿੱਚ ਆਪਣੇ 25,000 ਮਾਨਤਾ ਪ੍ਰਾਪਤ ਸਕੂਲਾਂ ਨੂੰ ਲਿਖਿਆ ਹੈ। ਇਸ ਤਹਿਤ ਲੋਕਾਂ ਨੂੰ ਕਾਲਜਾਂ ਯੂਨੀਵਰਸਿਟੀਆਂ ਵਿੱਚ ਰਵੀ ਸ਼ੰਕਰ ਦੁਆਰਾ ਨਿਰਦੇਸ਼ਤ ਧਿਆਨ ਕਲਾਸਾਂ ਲਵਾਈਆਂ ਜਾਣਗੀਆਂ। ਸੰਸਥਾ ਦੇ ਕਿਸੇ ਸੀਨੀਅਰ ਅਧਿਆਪਕ ਜਾਂ ਮੁਲਾਜ਼ਮ ਨੂੰ ‘ਧਿਆਨ ਰਾਜਦੂਤ’ ਵਜੋਂ ਨਾਮਜ਼ਦ ਕੀਤਾ ਜਾਵੇਗਾ, ਜੋ ਸੈਸ਼ਨ ਦੇ ਆਯੋਜਨ ਦੇ ਸਬੰਧ ਵਿੱਚ ਆਰਟ ਆਫ ਲਿਵਿੰਗ ਦੇ ਅਖੌਤੀ ਮਾਹਰਾਂ ਨਾਲ ਸਿੱਧੇ ਸੰਪਰਕ ਵਿੱਚ ਰਹੇਗਾ। ਲੋਕਾਂ ਵਿੱਚ ਮਾਨਸਿਕ ਤਣਾਅ ਨੂੰ ਦੂਰ ਕਰਨ ਦੇ ਉਪਰਾਲੇ ਵਜੋਂ ਇਸ ਨੂੰ ਉਭਾਰਿਆ ਜਾ ਰਿਹਾ ਹੈ।

ਇੱਕ ਪਾਸੇ ਮਾਨਸਿਕ ਸਿਹਤ ਨੂੰ ਠੀਕ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਇਰਾਦਾ ਸਪੱਸ਼ਟ ਹੈ। ਅਸਲ ਵਿੱਚ ਯੂ ਜੀ ਸੀ ਦਾ ਕੰਮ ਸਿਰਫ਼ ਉੱਚ ਸਿੱਖਿਆ ਨੂੰ ਹੱਲਾਸ਼ੇਰੀ ਦੇਣਾ, ਉੱਚ ਸਿੱਖਿਆ ਦੇ ਖੇਤਰ ਵਿੱਚ ਤਾਲਮੇਲ ਬਿਠਾਉਣਾ ਅਤੇ ਉੱਚ ਸਿੱਖਿਆ ਦੀ ਗੁਣਵੱਤਾ ਅਤੇ ਮਿਆਰਾਂ ਨੂੰ ਯਕੀਨੀ ਬਣਾਉਣਾ ਹੁੰਦਾ ਹੈ। ਕੀ ਪੜ੍ਹਾਉਣਾ ਹੈ, ਕੋਰਸ ਕਿਵੇਂ ਡਿਜ਼ਾਈਨ ਕਰਨੇ ਹਨ, ਵਿਦਿਆਰਥੀਆਂ ਨੂੰ ਕਿਵੇਂ ਦਾਖ਼ਲ ਕਰਨਾ ਹੈ, ਅਧਿਆਪਕਾਂ ਦੀ ਭਰਤੀ ਕਿਵੇਂ ਕਰਨੀ ਹੈ, ਕਿਹੜੀਆਂ ਬਾਹਰੀ ਸਰਗਰਮੀਆਂ ਦਾ ਆਯੋਜਨ ਕਰਨਾ ਹੈ ਇਹ ਸਭ ਯੂਨੀਵਰਸਿਟੀਆਂ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਜੋ ਕਿ ਆਪਣੇ ਆਪ ਵਿੱਚ ਅਜਿਹੀਆਂ ਖ਼ੁਦਮੁਖਤਿਆਰ ਸੰਸਥਾਵਾਂ ਹੁੰਦੀਆਂ ਹਨ ਕਿ ਇਹਨਾਂ ਨੂੰ ਅਜਿਹੇ ਮਾਮਲਿਆਂ ਵਿੱਚ ਯੂ ਜੀ ਸੀ ਤਾਂ ਕੀ ਸਰਕਾਰ ਵੀ ਕੋਈ ਹਿਦਾਇਤ ਨਹੀਂ ਦੇ ਸਕਦੀ। ਇਸ ਲਈ ਕਾਨੂੰਨੀ ਤੌਰ ’ਤੇ ਵੀ ਯੂਜੀਸੀ ਕੋਲ ਯੂਨੀਵਰਸਿਟੀਆਂ ਨੂੰ ਇਸ ਤਰ੍ਹਾਂ ਦਾ ਹੁਕਮ ਦੇਣ ਦਾ ਕੋਈ ਹੱਕ ਨਹੀਂ ਹੈ। ਪਰ 2014 ਵਿੱਚ ਮੋਦੀ ਦੇ ਸੱਤ੍ਹਾ ਵਿੱਚ ਆਉਣ ਤੋਂ ਬਾਅਦ, ਸਰਮਾਏਦਾਰਾਂ ਦੀ ਸੇਵਾ ਖ਼ਾਤਰ ਅਤੇ ਫਾਸ਼ੀਵਾਦੀ ਮਨਸੂਬਿਆਂ ਨੂੰ ਪੂਰਾ ਕਰਨ ਖ਼ਾਤਰ ਜਦ ਕਿੰਨ੍ਹੇ ਹੀ ਕਾਨੂੰਨ ਬਦਲੇ ਜਾ ਚੁੱਕੇ ਹਨ ਤਾਂ ਫਿਰ ਯੂਨੀਵਰਸਿਟੀਆਂ ਕਿਵੇਂ ਅਛੂਤੀਆਂ ਰਹਿ ਸਕਦੀਆਂ ਹਨ? ਮੋਦੀ ਰਾਜ ਦੇ ਦੌਰਾਨ ਯੂ ਜੀ ਸੀ ਦੀ ਕਾਰਗੁਜ਼ਾਰੀ ਇਸ ਗੱਲ ਦੀ ਸਪੱਸ਼ਟ ਹਾਮੀ ਭਰਦੀ ਹੈ ਕਿ ਕਿਵੇਂ ਇਹ ਹਿੰਦੂਤਵੀ ਵਿਚਾਰਧਾਰਾ ਦੀ ਵਾਹਕ ਬਣੀ ਹੋਈ ਹੈ। ਕਦੇ ਸਵੱਛ ਭਾਰਤ ਦਿਵਸ, ਕਦੇ ਕੌਮੀ ਏਕਤਾ ਦਿਵਸ, ਫਿਰ ਵਾਜਪਈ ਦੇ ਜਨਮ ਦਿਨ ਮੌਕੇ ਅਖੌਤੀ ਸੁਸ਼ਾਸਨ ਦਿਵਸ ਅਤੇ ਫਿਰ ਯੋਗ ਦਿਵਸ ਅਤੇ ਅਜਿਹੇ ਅਨੇਕਾਂ ਹੋਰ ਸਰਕਾਰੀ ਫ਼ੁਰਮਾਨ ਜਾਰੀ ਕੀਤੇ ਗਏ ਜਿਹਨਾਂ ਨੂੰ ਯੂ ਜੀ ਸੀ ਨੇ ਪੂਰੀ ਸ਼ਿੱਦਤ ਨਾਲ ਹੇਠਾਂ ਯੂਨੀਵਰਸਿਟੀਆਂ ਆਦਿ ਵਿੱਚ ਲਾਗੂ ਕਰਵਾਇਆ।

ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਅੰਨ੍ਹੇ ਕੌਮਵਾਦ ਨੂੰ ਹਵਾ ਦੇਣ ਲਈ ਇਹਨਾਂ ਸੰਸਥਾਵਾਂ ਨੂੰ ਵਰਤਿਆ ਜਾ ਰਿਹਾ ਹੈ। ਆਪਣੇ ਫਾਸ਼ੀਵਾਦੀ ਮਨਸੂਬਿਆਂ ਨੂੰ ਪੂਰਾ ਕਰਨ ਲਈ ਇਹਨਾਂ ਸੰਸਥਾਵਾਂ ਨੂੰ ਖੁੱਲ੍ਹ ਕੇ ਵਰਤਦੇ ਹੋਏ

ਪੰਨਾ 53 ਦੀ ਬਾਕੀ..

ਸਿੱਖਿਆ ਦਾ ਤੇਜ਼ੀ ਨਾਲ ਭਗਵਾਂਕਰਨ ਕੀਤਾ ਜਾ ਰਿਹਾ ਹੈ।

ਅਸਲ ਵਿੱਚ ਸੱਤ੍ਹਾ ਹਿੰਦੂਤਵੀ ਵਿਚਾਰਧਾਰਾ ਦਾ ਪਸਾਰਾ ਕਰਨ ਲਈ ਇੱਕ ਪਾਸੇ ਸਿਲੇਬਸਾਂ ਨੂੰ ਬਦਲ ਰਹੀ ਹੈ, ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੀ ਹੈ, ਉੱਥੇ ਨਾਲ ਹੀ ਇਹ ਚਾਹੁੰਦੀ ਹੈ ਕਿ ਸਾਰੇ ਅਦਾਰੇ ਇਸ ਵਿਚਾਰਧਾਰਾ ਦੇ ਵਾਹਕ ਵਜੋਂ ਕੰਮ ਕਰਨ। ਯੂ ਜੀ ਸੀ ਇਸ ਏਜੰਡੇ ਪ੍ਰਤੀ ਆਵਦੀ ਚਾਕਰੀ ਨੂੰ ਬਾਖ਼ੂਬੀ ਨਿਭਾਅ ਰਹੀ ਹੈ। ਰਵੀ ਸ਼ੰਕਰ ਦੀ 'ਹਰ ਘਰ ਧਿਆਨ ਮੁਹਿੰਮ' ਤੋਂ ਪਹਿਲਾਂ ਸੰਵਿਧਾਨ ਦਿਵਸ ਮੌਕੇ ਵੀ ਯੂ ਜੀ ਸੀ ਨੇ ਸਾਰੇ ਵਿੱਦਿਅਕ ਅਦਾਰਿਆਂ ਨੂੰ ਇੱਕ ਲਿਖਤੀ ਹਦਾਇਤ ਭੇਜੀ ਸੀ ਕਿ ਉਹ ਸੰਵਿਧਾਨ ਦਿਹਾੜੇ ਮੌਕੇ "ਭਾਰਤਃ ਲੋਕਤੰਤਰ ਦੀ ਮਾਤਾ" ਵਿਸ਼ੇ ਉੱਤੇ ਸੈਮੀਨਾਰ/ਲੈਕਚਰ ਆਦਿ ਅਯੋਜਿਤ ਕਰਨ। ਯੂਜੀਸੀ ਵੱਲੋਂ ਹੇਠਾਂ ਭੇਜੀਆਂ ਗਈਆਂ ਇਹ ਹਦਾਇਤਾਂ 'ਭਾਰਤੀ ਇਤਿਹਾਸਕ ਖੋਜ ਪ੍ਰੀਸ਼ਦ' ਵੱਲੋਂ ਤਿਆਰ ਕੀਤੀਆਂ ਗਈਆਂ ਸਨ ਅਤੇ ਇਹਨਾਂ ਹਦਾਇਤਾਂ ਮੁਤਾਬਕ ਹੀ ਸੈਮੀਨਾਰ/ਚਰਚਾਵਾਂ ਆਦਿ ਕਰਨ ਲਈ ਕਿਹਾ ਗਿਆ ਸੀ। ਇਹਨਾਂ ਵਿੱਚ ਇਹ ਸਪੱਸ਼ਟ ਲਿਖਿਆ ਗਿਆ ਸੀ ਕਿ "ਭਾਰਤ ਦੁਨੀਆਂ ਦਾ ਸਭ ਤੋਂ ਪੁਰਾਣਾ ਲੋਕਤੰਤਰ ਹੈ ਅਤੇ ਇਸ ਦੀਆਂ ਜਮਹੂਰੀ ਰਵਾਇਤਾਂ ਨੂੰ ਖਾਪ ਪੰਚਾਇਤਾਂ ਵਿੱਚ ਵੇਖਿਆ ਜਾ ਸਕਦਾ ਹੈ। ਇਸ ਲੋਕਤੰਤਰ ਦੀਆਂ ਜੜ੍ਹਾਂ ਵੈਦਿਕ ਕਾਲ ਵਿੱਚ ਹਨ। ਭਾਰਤ ਦੀ ਹੋਂਦ ਧਰਤੀ ਉੱਤੇ ਆਦਿ ਕਾਲ ਤੋਂ ਹੀ ਹੈ। ਇਸ ਲਈ, ਭਾਰਤ ਮਹਾਨ ਹੈ।" ਇਸ ਵਿੱਚ ਰਾਮ ਰਾਜ ਨੂੰ ਆਦਰਸ਼ ਰਾਜ ਵਜੋਂ ਪੇਸ਼ ਕਰਨ ਬਾਰੇ ਵੀ ਹਦਾਇਤ ਦਿੱਤੀ ਗਈ। ਅਸਲ ਵਿੱਚ ਇਹ ਸੈਮੀਨਾਰ ਜਾਂ ਚਰਚਾ ਨਹੀਂ ਹਿੰਦੂਤਵੀ ਏਜੰਡੇ ਦਾ ਪ੍ਰਚਾਰ ਦਾ ਇੱਕ ਤਰੀਕਾ ਹੈ।

ਯੂਨੀਵਰਸਿਟੀਆਂ ਆਦਿ ਦਾ ਕੰਮ ਅਜਿਹੇ ਵਿਚਾਰਾਂ ਦਾ ਪ੍ਰਚਾਰ ਕਰਨਾ ਨਹੀਂ, ਸਗੋਂ ਹਰ ਯੂਨੀਵਰਸਿਟੀ ਦਾ ਕੰਮ ਆਉਣ ਵਾਲੇ ਵਿਦਿਆਰਥੀ ਵਿੱਚ ਆਲੋਚਨਾਤਮਕ ਸੂਝ ਵਿਕਸਤ ਕਰਨਾ ਹੋਣਾ ਚਾਹੀਦਾ ਹੈ ਪਰ ਸੱਤ੍ਹਾ ਨੂੰ ਤਾਂ ਸਿਰਫ਼ 'ਭਗਤ' ਚਾਹੀਦੇ ਹਨ। ਇੱਥੇ ਤਾਂ ਯੂ ਜੀ ਸੀ ਵੱਲੋਂ ਸ਼ਾਰਦਾ ਯੂਨੀਵਰਸਿਟੀ ਦੀ ਇਸ ਕਰਕੇ ਖਿਚਾਈ ਕੀਤੀ ਜਾਂਦੀ ਹੈ ਕਿ ਉੱਥੋਂ ਦੇ ਅਧਿਆਪਕ ਨੇ ਵਿਦਿਆਰਥੀਆਂ ਨੂੰ ਬੀ ਏ ਦੇ ਪੇਪਰ ਵਿੱਚ "ਦੇਸ਼ ਦੇ ਲੋਕਾਂ ਦੀ ਭਾਵਨਾ ਅਤੇ ਦੇਸ਼ ਦੀ ਏਕਤਾ" ਵਿਰੋਧੀ ਸਵਾਲ ਪਾਇਆ ਹੈ। ਸਵਾਲ ਇਹ ਪਾਇਆ ਗਿਆ ਸੀ ਕਿ "ਫਾਸ਼ੀਵਾਦ/ਨਾਜ਼ੀਵਾਦ ਅਤੇ ਹਿੰਦੂਤਵ ਵਿੱਚ ਕੀ ਕੋਈ ਸਮਾਨਤਾਵਾਂ ਹਨ ?" ਜਿਸ ਕਾਰਨ ਉਸ ਅਧਿਆਪਕ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਵਿਦਿਆਰਥੀਆਂ ਨੂੰ ਆਲੋਚਨਾਤਮਕ ਸੂਝ ਦੇਣ, ਸਿਖਾਉਣ ਦੀ ਜਗ੍ਹਾ ਫਾਸ਼ੀਵਾਦੀ ਸਰਕਾਰਾਂ ਸਗੋਂ ਹਰ ਸਵਾਲ ਕਰਨ ਵਾਲੇ ਤੋਂ ਡਰਦੀਆਂ ਹਨ। ਇਹ ਨਹੀਂ ਚਾਹੁੰਦੀਆਂ ਕਿ ਲੋਕ ਸਵਾਲ ਕਰਨਾ ਸਿੱਖਣ। ਸਗੋਂ ਰਵੀ ਸ਼ੰਕਰ ਵਰਗਿਆਂ ਦੀ ਗੱਲ ਇਹਨਾਂ ਨੂੰ ਤਾਂ ਹੀ ਬਹੁਤ ਸਹੀ ਬੈਠਦੀ ਹੈ ਕਿ ਲੋਕ ਬੱਸ ਅੰਤਰ-ਧਿਆਨ ਹੋ ਕੇ ਚੁੱਪਚਾਪ ਆਪਣੇ ਆਪ ਵਿੱਚ ਲੀਨ ਰਹਿਣ ਅਤੇ ਸਰਕਾਰ ਨੂੰ ਕੋਈ ਦੋਸ਼ ਨਾ ਦੇਣ, ਨਾ ਹੀ ਸਰਕਾਰ ਵਿਰੁੱਧ ਇੱਕਜੁਟ ਹੋਣ। ਆਪਣੇ ਦੁੱਖਾਂ ਦਰਦਾਂ ਦੇ ਹੱਲ ਸਮਾਜਕ ਪ੍ਰਬੰਧ ਅੰਦਰ ਭਾਲਣ ਦੀ ਬਜਾਏ ਆਪਣੇ ਅੰਦਰ ਹੀ ਭਾਲਦੇ ਰਹਿਣ। ਇਸੇ ਕਰਕੇ ਧਿਆਨ-ਪ੍ਰਕਿਰਿਆ ਆਦਿ ਰਾਹੀਂ ਮਨ ਦੀ ਸ਼ਾਂਤੀ ਹਾਸਲ ਕਰਨ ਆਦਿ ਦੇ ਸਿਧਾਂਤਾਂ ਨੂੰ ਹੁਲਾਰਾ ਦੇਣ ਵਾਲਿਆਂ ਨੂੰ ਏਨੀ ਸਰਕਾਰੀ ਸਰਪ੍ਰਸਤੀ ਹਾਸਲ ਹੁੰਦੀ ਹੈ। ਰਵੀ ਸ਼ੰਕਰ ਜਿਹੇ 'ਆਰਟ ਓਫ ਲਿਵਿੰਗ ਫਾਊਂਡੇਸ਼ਨ' ਬਣਾ ਕੇ ਲੋਕਾਂ ਨੂੰ ਜਿਊਣ ਦੀ ਕਲਾ ਦੇ ਉਪਦੇਸ਼ ਦੇਣ ਲੱਗਦੇ ਹਨ। ਮੋਦੀ ਵਰਗੇ ਉਸ ਦੀਆਂ ਸਿਫ਼ਤਾਂ ਕਰਦੇ ਨਹੀਂ ਥੱਕਦੇ। 152 ਦੇਸ਼ਾਂ ਵਿੱਚ ਆਪਣੀਆਂ ਸ਼ਾਖਾਵਾਂ ਦਾ ਦਾਅਵਾ ਕਰਨ ਵਾਲੀ 'ਆਰਟ ਓਫ ਲਿਵਿੰਗ ਫਾਊਂਡੇਸ਼ਨ' ਨੂੰ ਸੰਸਾਰ ਦੀਆਂ ਵਲੰਟੀਅਰ ਅਧਾਰਤ ਵੱਡੀਆਂ ਗ਼ੈਰ ਸਰਕਾਰੀ ਸੰਸਥਾਵਾਂ ਵਿੱਚੋਂ ਉਤਲੀਆਂ ਵਿੱਚ ਗਿਣਿਆ ਜਾਂਦਾ ਹੈ।

ਇੱਕ ਪਾਸੇ ਜਦੋਂ ਆਲ ਇੰਡੀਆ ਇੰਸਟੀਚਿਊਟ ਫਾਰ ਮੈਡੀਕਲ ਸਾਇੰਸਿਜ਼ ਕੋਮਾ ਵਿੱਚ ਪਏ ਮਰੀਜ਼ਾਂ ਉੱਤੇ ਮਹਾਮਰਿਤੁੰਜਯ ਜਾਪ ਦੇ ਪ੍ਰਭਾਵ ਜਾਨਣ ਲਈ ਪ੍ਰਯੋਗ ਕਰਦਾ ਹੈ, ਜਦੋਂ ਕੋਈ ਆਈ ਟੀ ਆਈ ਟੀ ਪੰਚਗਵਿਅ (ਗਾਂ ਦੇ ਗੋਹੇ, ਪਿਸ਼ਾਬ, ਦੁੱਧ, ਦਹੀਂ ਤੇ ਘਿਓ ਦੇ ਮਿਸ਼ਰਣ) ਦੇ ਚੰਗੇ ਪ੍ਰਭਾਵਾਂ ਉੱਤੇ ਖੋਜ ਕਾਰਜ ਨੂੰ ਮਾਨਤਾ ਦਿੰਦਾ ਹੈ, ਜਦੋਂ ਵਿਗਿਆਨੀ ਮਿਲ ਕੇ ਇਹ ਯਕੀਨੀ ਬਣਾਉਣ ਲਈ ਕੰਮ ਕਰਦੇ ਹਨ ਕਿ ਸੂਰਜ ਦੀਆਂ ਕਿਰਨਾਂ ਰਾਮ ਮੰਦਰ ਵਿੱਚ ਰੱਖੀ ਰਾਮ ਦੀ ਮੂਰਤੀ ਉੱਤੇ ਹੀ ਪੈਣ, ਜਦੋਂ ਭਾਰਤੀ ਇਤਿਹਾਸਕ ਖੋਜ ਪ੍ਰੀਸ਼ਦ ਇਹ ਸਾਬਤ ਕਰਨ ਲੱਗ ਜਾਵੇ ਕਿ ਭਾਰਤੀ ਸੰਸਕ੍ਰਿਤੀ 12,000 ਸਾਲ ਪੁਰਾਣੀ ਹੈ, ਜਦ ਅਧਿਆਪਕਾਂ ਦੇ ਟ੍ਰੇਨਿੰਗ ਦੇ ਪ੍ਰੋਗਰਾਮਾਂ ਬਹਾਨੇ ਆਰ ਐਸ ਐਸ ਦੇ ਆਗੂਆਂ ਤੋਂ ਲੈਕਚਰ ਕਰਵਾਏ ਜਾਣ, ਅਧਿਆਪਕਾਂ ਤੋਂ "ਮਰੇਂਗੇ ਤੋਂ ਅਖੰਡ ਭਾਰਤ ਮੇਂ" ਜਿਹੇ ਨਾਅਰੇ ਲਵਾਏ ਜਾਣ ਤਾਂ ਸਾਨੂੰ ਸਮਝ ਜਾਣਾ ਚਾਹੀਦਾ ਹੈ ਕਿ ਸਿੱਖਿਆ ਦਾ ਭਗਵਾਂਕਰਨ ਕਿੰਨੇ ਵੱਡੇ ਪੱਧਰ ਉੱਤੇ ਕੀਤਾ ਜਾ ਰਿਹਾ ਹੈ।

ਲੋਕਾਂ ਵਿੱਚ ਮੌਜੂਦ ਪਛੜੀਆਂ ਕਦਰਾਂ ਕੀਮਤਾਂ ਫਾਸ਼ੀਵਾਦੀ ਤਾਕਤਾਂ ਦੇ ਵਿਗਸਣ ਲਈ ਜ਼ਰਖੇਜ਼ ਭੋਂ ਤਿਆਰ ਕਰਦੀਆਂ ਹਨ। ਇਹੋ ਕਾਰਨ ਹੈ ਕਿ ਰਵੀ ਸ਼ੰਕਰ

ਵਰਗੇ "ਆਰਟ ਓਫ ਲਿਵਿੰਗ" ਦੇ ਨਾਂ ਉੱਤੇ ਲੋਕਾਂ ਨੂੰ ਅਸਲ ਦੁਨੀਆਂ ਦੀਆਂ ਤਲਖ਼ ਹਕੀਕਤਾਂ ਨਾਲ ਸਿੱਝਣ, ਇਸ ਲੋਕ ਦੋਖੀ ਸਰਮਾਏਦਾਰਾ ਪ੍ਰਬੰਧ ਨੂੰ ਬਦਲ ਦੇਣ ਦੀ ਬਜਾਏ ਇਸ ਸਭ ਪ੍ਰਤੀ ਅੱਖਾਂ ਮੀਟ ਲੈਣ ਦੇ ਨੁਸਖੇ ਸੁਝਾਉਂਦੇ ਹੋਏ "ਧਿਆਨ" ਲਾਉਣ ਆਦਿ ਵਰਗੀਆਂ ਸਲਾਹਾਂ ਦਿੰਦੇ ਫਿਰਦੇ ਹਨ ਅਤੇ ਕੁੱਝ ਲੋਕ ਉਹਨਾਂ ਦੇ ਜਾਲ ਵਿੱਚ ਫਸਦੇ ਵੀ ਹਨ। ਪਰ 150 ਤੋਂ ਵੱਧ ਮੁਲਕਾਂ ਵਿੱਚ ਜਿਊਣ ਦੀ ਕਲਾ ਸਿਖਾਉਣ ਦਾ ਦਾਅਵਾ ਕਰਨ ਵਾਲੇ ਇਸ ਰਵੀ ਸ਼ੰਕਰ ਨੂੰ ਭਲਾ ਪੁੱਛੇ ਕਿ ਕੁੱਲ ਸੰਸਾਰ ਵਿੱਚ ਰੋਜ਼ਾਨਾ ਭੁੱਖੀ ਸੌਂਦੀ 100 ਕਰੋੜ ਤੋਂ ਵੱਧ ਅਬਾਦੀ ਦਾ ਧਿਆਨ ਨਾਲ ਢਿੱਡ ਕਿਵੇਂ ਭਰਿਆ ਜਾ ਸਕਦਾ ਹੈ। 18-18 ਘੰਟੇ ਫੈਕਟਰੀਆਂ ਵਿੱਚ ਖਪਣ ਤੋਂ ਬਾਅਦ ਪੂਰੇ ਪਰਿਵਾਰ ਸਣੇ ਇੱਕੋ ਹੀ 10/10 ਫੁੱਟ ਦੇ ਸਲ੍ਹਾਬੇ ਕਮਰੇ ਵਿੱਚ ਸਾਰੀ ਜ਼ਿੰਦਗੀ ਬਿਤਾ ਦੇਣ ਵਾਲਿਆਂ ਨੂੰ ਇਹ ਸਰਕਾਰਾਂ ਜਾਂ ਰਵੀ ਸ਼ੰਕਰ ਵਰਗੇ ਕੀ ਜਿਊਣ ਦੀ ਕਲਾ ਸਿਖਾਉਣਗੇ? ਜਿਊਣ ਲਈ ਪਲ-ਪਲ ਸੰਘਰਸ਼ ਕਰਨ ਵਾਲੇ, ਸਮਾਜ ਦੀ ਕੁੱਲ ਭੌਤਿਕ-ਸਿਰਜਣਾਤਮਕ ਦੌਲਤ ਦੇ ਅਸਲ ਸਿਰਜਣਹਾਰ, ਇਹ ਕਿਰਤੀ ਲੋਕ ਹੀ ਹਨ ਜੋ ਕੁੱਲ ਲੋਕਾਈ ਨੂੰ ਮੁਕਤੀ ਦਿਵਾ ਸਕਦੇ ਹਨ। ਇਹੀ ਉਹ ਤਾਕਤ ਹੈ ਜਦੋਂ ਇਸ ਲੋਕ ਦੋਖੀ ਢਾਂਚੇ ਨੂੰ ਉਲਟਾ ਸਕਦੀ ਹੈ ਅਤੇ ਲੋਕਾਂ ਨੂੰ ਜਿਊਣ ਦੀ ਅਸਲ ਕਲਾ ਸਿਖਾ ਸਕਦੀ ਹੈ, ਫਾਸ਼ੀਵਾਦੀ ਹਕੂਮਤਾਂ ਨੂੰ ਧੂੜ ਚਟਾ ਸਕਦੀ ਹੈ।

99918-54101

ਪੰਨਾ 52 ਦਾ ਬਾਕੀ... ਨੂੰ ਹੋਏ ਸਾਹਿਤ ਉਤਸਵ ਵਿੱਚ ਮਾ. ਗਿਆਨ ਸਿੰਘ ਵੱਲੋਂ ਤਿੰਨੇ ਦਿਨ ਤਰਕਸ਼ੀਲ ਅਤੇ ਵਿਗਿਆਨਕ ਸਾਹਿਤ ਦੀ ਸਟਾਲ ਲਗਾਈ ਗਈ ਜਿੱਥੇ ਲਗਭਗ 11000 ਰੁਪਏ ਦੇ ਸਾਹਿਤ ਦੀ ਵਿਕਰੀ ਹੋਈ। ਇਸੇ ਤਰ੍ਹਾਂ ਲੰਭਵਾਲੀ ਪਿੰਡ ਵਿਖੇ ਨਾਟਕ ਮੇਲੇ ਵਿੱਚ ਵੀ ਕਿਤਾਬਾਂ ਦੇ ਸਟਾਲ ਲਗਾਏ ਗਏਚਮਕੌਰ ਸਾਹਿਬ, ਸ. ਸ. ਸ. ਦੁੱਗਰੀ, ਸ. ਹ. ਸ. ਮਲਿਕਪੁਰ ਆਦਿ ਸਕੂਲਾਂ ਵਿੱਚ ਤਰਕਸ਼ੀਲ ਪ੍ਰੋਗਰਾਮ ਦਿੱਤੇ ਅਤੇ ਚੇਤਨਾ ਪਰਖ ਪ੍ਰੀਖਿਆ ਦੇ ਸਰਟੀਫਿਕੇਟਾਂ ਰਾਹੀਂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਅਜੀਤ ਪ੍ਰਦੇਸੀ ਨੇ ਜਾਦੂ ਸ਼ੋਅ ਪੇਸ਼ ਕੀਤੇ। ਇਕਾਈ ਮੁਖੀ ਅਸ਼ੋਕ ਕੁਮਾਰ, ਪਵਨ ਰੱਤੋ, ਮਾ. ਪਰਵਿੰਦਰ ਨੇ ਸੰਬੋਧਨ ਕੀਤਾ। ਸਕੂਲ ਮੁਖੀਆਂ ਭੀਮ ਰਾਓ, ਕਿਰਨਜੀਤ ਕੌਰ, ਕੁਲਦੀਪ ਕੌਰ, ਮੇਜਰ ਸਿੰਘ ਜੀ ਅਤੇ ਸਮੂਹ ਅਧਿਆਪਕਾਂ ਦਾ ਵਿਸ਼ੇਸ਼ ਯੋਗਦਾਨ ਲਈ ਧੰਨਵਾਦ ਕੀਤਾ।

-ਗਿਆਨ ਚੰਦ ਰੋਪੜ

ਆਰਥਿਕ ਸਹਾਇਤਾ
ਇਕਾਈ ਬਠਿੰਡਾ

1. ਹਰਨੇਕ ਸਿੰਘ ਇੰਸਪੈਕਟਰ EPFO ਲੁਧਿਆਣਾ (ਵਿਆਹ ਦੀ 25ਵੀਂ ਵਰ੍ਹੇਗੰਢ 'ਤੇ) 2000 ਰੁ.
2. ਹਰੀ ਸਿੰਘ, Ex ASDO, PSPCL, ਥਰਮਲ ਪਲਾਂਟ, ਲਹਿਰਾ ਮੁਹੱਬਤ 2100 ਰੁ.
3. ਗੁਰਦੇਵ ਸਿੰਘ ਗਿੱਲ, ਸਾਬਕਾ A.D.P.I., ਸਿੱਖਿਆ ਵਿਭਾਗ ਪੰਜਾਬ 1000 ਰੁ.
4. ਪਿੰਡ ਲੰਭਵਾਲੀ ਦੇ ਨਾਟਕ ਮੇਲੇ 'ਤੇ ਪ੍ਰਬੰਧਕਾਂ ਵੱਲੋਂ 500ਰੁ.
5. ਡਾ. ਐੱਮ. ਐੱਸ. ਗਰੇਵਾਲ, ਬਠਿੰਡਾ 500 ਰੁ.
6. ਕੁਲਦੀਪ ਸਿੰਘ Ex. J.E., ਬਾਗਵਾਨੀ 500 ਰੁ.
7. ਸਨੇਹਪਾਲ ਸਿੰਘ, ਫੇਜ਼-3, ਬਠਿੰਡਾ 500 ਰੁ.
8. ਗੁਰਪ੍ਰੀਤ ਸਿੰਘ ਲੈਕਚਰਾਰ ਅੰਗਰੇਜ਼ੀ, ਬਠਿੰਡਾ 500 ਰੁ.
9. ਕੁਲਵੰਤ ਸਿੰਘ, SDO, MES, ਜੁਝਾਰ ਸਿੰਘ ਨਗਰ, ਬਠਿੰਡਾ 500 ਰੁ.
10. ਜਸਵੰਤ ਸਿੰਘ, ਸੋਖਲ ਮੈਡੀਕਲ ਹਾਲ, ਝੁੰਬਾ 500 ਰੁ.
11. ਅਮਰਜੀਤ ਸਿੰਘ, ਜੱਸੀ ਬਾਗ ਵਾਲੀ ਮੇਲੇ 'ਤੇ 500ਰੁ.
12. ਇਕਾਈ ਡੱਬਵਾਲੀ ਵੱਲੋਂ ਜੱਸੀ ਮੇਲੇ 'ਤੇ 500 ਰੁ.

ਪੰਨਾ 48 ਦਾ ਬਾਕੀ.. ਪ੍ਰੰਤੂ ਪ੍ਰਭਾਵਸ਼ਾਲੀ ਢੰਗ ਨਾਲ ਸਤਿਕਾਰ ਸਮਾਗਮ ਕੀਤਾ ਗਿਆ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਡਾ. ਸ਼ਾਮ ਸੁੰਦਰ ਦੀਪਤੀ (ਪ੍ਰੋਫੈਸਰ ਅਤੇ ਸਾਬਕਾ ਮੁਖੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ) ਜੀ ਨੇ ਜਿੱਥੇ ਸੁਲੱਖਣ ਸਿੰਘ ਜੀ ਦੀ ਤਰਕਸ਼ੀਲ ਸੋਚ ਦੀ ਸ਼ਲਾਘਾ ਕੀਤੀ, ਉੱਥੇ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕੀਤੇ ਗਏ ਮ੍ਰਿਤਕ ਸਰੀਰ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ। ਉੱਘੇ ਸਾਹਿਤਕਾਰ ਅਤੇ ਕਾਲਮ ਨਵੀਸ ਗੁਰਚਰਨ ਨੂਰਪੁਰ ਨੇ ਸਤਿਕਾਰ ਭੇਟ ਕਰਦਿਆਂ ਸੁਲੱਖਣ ਸਿੰਘ ਦੇ ਪਰਿਵਾਰ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਕਿ ਸਾਡਾ ਸਮਾਜ ਅਗਿਆਨਤਾਵੱਸ ਵੇਖਾ-ਵੇਖੀ ਕੁਰੀਤੀਆਂ ਦਾ ਸ਼ਿਕਾਰ ਹੋ ਰਿਹਾ ਹੈ, ਜਿਨ੍ਹਾਂ ਨੂੰ ਤਿਆਗ ਕੇ ਨਵੀਂਆਂ ਪੈੜਾਂ ਪਾਉਣ ਦੀ ਜ਼ਰੂਰਤ ਹੈ। ਇਸ ਮੌਕੇ ਅਗਾਂਹਵਧੂ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਆਗੂ ਨਛੱਤਰ ਸਿੰਘ ਠੇਕੇਦਾਰ ਤਰਸੇਮ ਸਿੰਘ ਹਰਾਜ, ਕਾਮਰੇਡ ਕੁਲਵੰਤ ਸਿੰਘ, ਪਰਮਜੀਤ ਵਿਦਿਆਰਥੀ, ਪ੍ਰੇਮ ਕੁਮਾਰ ਜੀਰਾ, ਵੇਦ ਪ੍ਰਕਾਸ਼ ਸੋਨੀ, ਤਰਕਸ਼ੀਲ ਇਕਾਈ ਜੀਰਾ ਮੁਖੀ ਸੁਰਿੰਦਰ ਕੁਮਾਰ ਜੀਰਾ, ਮਲਕੀਤ ਸਿੰਘ ਗਾਦੜੀ ਵਾਲਾ, ਦੇਸ ਰਾਜ ਜੀਰਾ, ਇਲਾਕਾ ਨਿਵਾਸੀ ਅਤੇ ਰਿਸ਼ਤੇਦਾਰ ਆਦਿ ਹਾਜ਼ਰ ਸਨ। ਸਟੇਜ ਦਾ ਸੰਚਾਲਨ ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਜਲੰਧਰ ਦੇ ਆਗੂ ਹਰਜਿੰਦਰ ਬਾਗਪੁਰ ਨੇ ਸੁਚੱਜੇ ਢੰਗ ਨਾਲ ਕਰਦਿਆਂ ਦੱਸਿਆ ਕਿ ਅੰਤਮ ਸਮੇਂ ਵੀ ਬਾਪੂ ਸੁਲੱਖਣ ਸਿੰਘ ਸਮਾਜ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਨ ਦਾ ਸੁਨੇਹਾ ਦੇ ਗਏ।

ਵੇਦ ਪ੍ਰਕਾਸ਼ ਸੋਨੀ

ਹਿੰਦੂ ਰਾਸ਼ਟਰ ਕਿਸਦੇ ਹਿਤ ਵਿੱਚ



ਜਸਵੰਤ ਮੋਹਾਲੀ

ਅਜ਼ਾਦੀ ਵੇਲੇ ਇੱਕ ਧਰਮ ਨੇ ਆਪਣਾ 'ਰਾਸ਼ਟਰ' ਬਣਾ ਲਿਆ। ਉਦੋਂ ਦੇ ਲੱਗੇ ਦੂਜੇ ਧਰਮ ਵਾਲੇ ਕਿੱਥੋਂ ਕਿੱਥੇ ਪਹੁੰਚੇ ਹਨ, ਆਓ ਵਿਚਾਰੀਏ। ਆਜ਼ਾਦੀ ਤੋਂ ਬਾਅਦ ਅੰਗਰੇਜਾਂ ਖਿਲਾਫ਼ ਲੜੇ ਸਾਂਝੇ ਸੰਘਰਸ਼ ਦੀ ਯਾਦ ਅਜੇ ਤਾਜਾ ਸੀ। ਇਹ ਯਾਦ ਨਹੀਂ ਕਰਾਉਣਾ ਪੈਂਦਾ ਸੀ ਕਿ "ਸਭੀ ਕਾ ਖ਼ੂਨ ਹੈ ਸ਼ਾਮਲ ਯਹਾਂ ਕੀ ਮਿੱਟੀ ਮੇਂ।" ਗੈਸ, ਤੇਲ, ਰੇਲ, ਲੋਹਾ, ਕੋਲਾ ਸਭ ਦਾ ਉਤਪਾਦਨ ਸਰਕਾਰੀ ਸਰਪ੍ਰਸਤੀ ਵਿਚ ਚੱਲ ਰਿਹਾ ਸੀ। ਸਾਈਕਲ ਕਿਸੇ ਕਿਸੇ ਕੋਲ ਸੀ। ਜ਼ਿੰਦਗੀ ਦੀ ਰਫਤਾਰ ਸਹਿਜ ਸੀ, ਰਹਿਣ-ਸਹਿਣ ਸਾਦਾ। ਫਿਰਕਾਪ੍ਰਸਤੀ ਮੌਜੂਦ ਸੀ, ਪਰ ਧਾਰਮਿਕਤਾ ਭਾਰੂ ਸੀ। ਗਾਂਧੀ ਹਿੰਦੂ ਸੀ, ਗੌਡਸੇ ਹਿੰਦੂਤਵੀ ਆਤੰਕੀ। "ਐ ਮਾਲਕ ਤੇਰੇ ਬੰਦੇ ਹਮ" ਜਾਂ "ਈਸ਼ਵਰ ਅੱਲਹਾ ਤੇਰੋ ਨਾਮ, ਸਭ ਕੋ ਸਨਮਤੀ ਦੇ ਭਗਵਾਨ" ਇਕ ਸਧਾਰਨ ਸਾਦੇ ਬੰਦੇ ਦੀ ਪ੍ਰਾਰਥਨਾ ਸੀ।

ਨੌਵੇਂ ਦਹਾਕੇ ਦੀ ਨਵੀਂ ਆਰਥਿਕ ਨੀਤੀ ਦਾ ਮਾਟੋ ਸੀ। ਸਰਕਾਰ ਦਾ ਕੰਮ ਨਹੀਂ ਵਪਾਰ। (Govt has no business to be in business)। ਸਰਕਾਰੀ ਅਦਾਰਿਆਂ ਦਾ ਨਿੱਜੀਕਰਣ ਅਤੇ ਮੰਡੀ ਵਿਚ ਪੂੰਜੀ ਦਾ ਬੋਲਬਾਲਾ ਵਧਿਆ, ਬੰਦਾ ਖਪਤਕਾਰ ਵਿਚ ਬਦਲ ਗਿਆ। ਸਰਕਾਰੀ ਦੂਰਦਰਸ਼ਨ ਦੀ ਥਾਂ ਚੈਨਲਾਂ ਦੀ ਭਰਮਾਰ ਹੋ ਗਈ ਤੇ ਖਾਸ ਕਰਕੇ ਭਗਤੀ ਚੈਨਲਾਂ ਦੀ। ਧਾਰਮਿਕ ਆਸਥਾ ਦਾ ਕੱਚਾ ਮਾਲ ਵੀ ਧਰਮਾਂ ਦੀ ਵੱਡੀ ਮੰਡੀ ਬਣ ਗਿਆ। ਨਿਰਮਲਜੀਤ ਸਿੰਘ ਨਰੂਲਾ ਨੇ ਕਈ ਪਾਪੜ ਵੇਲੇ ਪਰ ਆਖਰ ਅਧਿਆਤਮਿਕਤਾ ਦੀ 'ਤੀਜੀ ਅੱਖ' ਨਾਲ ਕ੍ਰੋੜਾਂ ਦੀ ਮਾਲਕੀ ਵਾਲਾ ਨਿਰਮਲ ਬਾਬਾ ਬਣ ਗਿਆ। ਸਿੱਧਾ ਸਾਦਾ ਆਸਥਾਵਾਨ ਆਮ ਬੰਦਾ ਡੇਰਿਆਂ ਦੇ ਅੱਯਾਸ਼ ਬਾਬਿਆਂ ਅਤੇ ਟੀਵੀ 'ਤੇ ਪੂਰੀ ਤਰ੍ਹਾਂ ਨਿਰਦੇਸ਼ਤ ਪ੍ਰੋਗਰਾਮਾਂ ਰਾਹੀਂ ਘਰ ਵਿਚ ਧਨ ਦੀ ਵਰਖਾ ਕਰਾਉਣ ਵਾਲੇ ਆਧੁਨਿਕ ਸਾਧਾਂ ਦਾ ਚੇਲਾ ਬਣ ਗਿਆ। ਉਸਦੀ ਧਾਰਮਿਕਤਾ ਵਿੱਚ ਆਧੁਨਿਕਤਾ ਦਾ ਵਿਗਾੜ ਤਾਂ ਆਇਆ, ਮੰਦਰ-ਮਸਜਿਦ ਵਰਗੇ ਮਸਲਿਆਂ ਨੇ ਉਸਨੂੰ ਫਿਰਕੂ ਵੀ ਬਣਾਇਆ, ਪਰ ਅਜੇ ਵੀ ਉਦਾਰ ਮਾਨਸਿਕਤਾ ਭਾਰੂ ਰਹੀ।

ਗੁਜਰਾਤ ਦੰਗਿਆਂ ਨਾਲ 2002 ਫਿਰਕਾਪ੍ਰਸਤੀ ਦੇ ਉਭਾਰ ਦਾ ਇਤਿਹਾਸਕ ਪੜਾਅ ਬਣ ਗਿਆ। ਪ੍ਰਧਾਨ ਮੰਤਰੀ ਮੋਦੀ ਦਾ ਹੱਥ ਅੰਬਾਨੀ, ਆਡਾਨੀ ਦੀ ਪਿੱਠ 'ਤੇ ਸ਼ਰੇਆਮ ਨਜ਼ਰ ਆਉਂਦਾ ਹੈ। ਇਸਨੂੰ ਗੰਢਸੰਢ ਵਾਲਾ ਪੂੰਜੀਵਾਦ (Crony Capitalism) ਵੀ ਕਹਿੰਦੇ ਹਨ। ਦੁਨੀਆਂ ਦੇ ਸਭ ਤੋਂ ਵੱਧ ਪਹਿਲੇ ਪੰਜ ਅਮੀਰਾਂ ਵਿਚ ਭਾਰਤ ਦੇ ਅੰਬਾਨੀ ਤੇ ਅਡਾਨੀ ਦਾ ਨਾਮ ਹੈ। ਵਧਦੀ ਮਹਿੰਗਾਈ, ਘਟਦੀਆਂ ਤਨਖਾਹਾਂ, ਬੰਦ ਹੁੰਦੀਆਂ ਪੈਨਸ਼ਨਾਂ ਤੇ ਖੁੱਸਦੇ ਰੁਜ਼ਗਾਰ-ਇਸ ਵਿਕਾਸ ਨੂੰ ਕੁੱਝ ਅਰਥਸ਼ਾਸਤਰੀ ਰੁਜ਼ਗਾਰ ਰਹਿਤ ਵਿਕਾਸ ਦਾ ਨਾਮ ਵੀ ਦਿੰਦੇ ਹਨ। ਬੇਰੁਜ਼ਗਾਰੀ ਆਪਣੇ 45 ਸਾਲਾਂ ਦੇ ਸਿਖਰ 'ਤੇ ਹੈ। ਉਪਰੋਕਤ ਬਿਆਨੀ ਆਰਥਿਕਤਾ ਵਿਚਲੀ ਇਹ ਬੇਚੈਨੀ ਪੂਰੇ ਸਮਾਜ ਵਿੱਚ ਵਿਆਪਤ ਹੈ। ਮੀਡੀਆ ਨੇ ਲਗਾਤਾਰ ਗਲਾ ਫਾੜ ਫਾੜ ਕੇ ਬੇਚੈਨ ਹੋ ਕੇ ਧਰਮ ਦੁਆਰੇ ਦੇ ਰਾਹ ਪਏ ਮਨ ਨੂੰ ਹਿੰਦੂ ਹੋਣ ਦੇ ਗੌਰਵ ਨਾਲ ਭਰ ਦਿੱਤਾ। ਜਿਵੇਂ ਆਡਾਨੀ ਨੇ ਆਪਣੇ 'ਤੇ ਲੱਗੇ ਫਰਾਡ ਦੇ ਇਲਜ਼ਾਮ ਨੂੰ ਭਾਰਤ 'ਤੇ ਹਮਲਾ ਕਿਹਾ ਹੈ, ਤੇ ਇਹ ਗੱਲ ਕਹਿੰਦਿਆਂ ਉਸਦਾ ਪ੍ਰਤੀਨਿਧ ਆਪਣੇ ਅੱਗੇ ਤਿਰੰਗਾ ਰੱਖਕੇ ਵੀਡੀਓ ਬਣਾਉਂਦਾ ਹੈ, ਓਸੇ ਤਰ੍ਹਾਂ ਮੋਦੀ ਮੀਡੀਆ ਸਰਕਾਰ ਦੀ ਹਰ ਆਲੋਚਨਾ ਨੂੰ ਰਾਸ਼ਟਰ 'ਤੇ ਹਮਲਾ ਤੇ ਹਰ ਅਲੋਚਕ ਨੂੰ ਦੇਸ਼ ਧਰੋਹੀ ਬਣਾ ਦਿੰਦਾ ਹੈ। ਗਾਂਧੀ ਦੇ ਹਤਿਆਰੇ ਨੱਥੂ ਰਾਮ ਗੋਡਸੇ ਨੂੰ ਸਾਧਵੀ ਪ੍ਰਗਿਆ ਦਹਿਸ਼ਤਗਰਦ ਦੀ ਥਾਂ ਦੇਸ਼ਭਗਤ ਕਹਿੰਦੀ ਹੈ, ਉਹ ਵੀ ਦੇਸ਼ ਦੀ ਸੰਸਦ ਵਿੱਚ। ਸੱਤਾ ਦੀ ਸ਼ਰਣ ਵਿੱਚ ਕਨੂੰਨੀ ਕਾਰਵਾਈ ਤੋਂ ਬੇਖੌਫ਼ ਸਾਧਵੀ ਹਿੰਦੂਆਂ ਨੂੰ ਚਾਕੂ ਤਿੱਖੇ ਕਰਨ ਲਈ ਭੜਕਾਉਂਦੀ ਹੈ। ਗੱਲ "ਈਸ਼ਵਰ ਅੱਲਹਾ ਤੇਰੋ ਨਾਮ" ਤੋਂ ਚੱਲ ਕੇ "ਖ਼ੂਨ ਸੇ ਤਿਲਕ ਕਰੋ ਗੋਲੀਓਂ ਸੇ ਆਰਤੀ" ਤੱਕ ਆ ਪਹੁੰਚੀ। ਇਹ ਸਮਾਜ ਲਈ ਤਾਂ ਖਤਰਨਾਕ ਹੈ ਪਰ ਕੀ ਇਹ ਹਿੰਦੂ ਸਮਾਜ ਦੇ ਹਿਤ ਵਿੱਚ ਹੈ?

ਦਸੰਬਰ 2022 ਵਿੱਚ ਮੋਦੀ ਸਰਕਾਰ ਨੇ ਮੁਫ਼ਤ ਅਨਾਜ ਦੇਣ ਦੀ ਸਕੀਮ ਨੂੰ ਇੱਕ ਸਾਲ ਲਈ ਹੋਰ ਵਧਾ ਦਿੱਤਾ ਜੋ ਦੇਸ਼ ਦੇ 81 ਕ੍ਰੋੜ ਗਰੀਬ ਨਾਗਰਿਕਾਂ 'ਤੇ ਲਾਗੂ ਹੋਵੇਗੀ। ਕੀ ਇਨ੍ਹਾਂ ਲੋਕਾਂ ਕੋਲ ਅਨਾਜ ਪਕਾਉਣ ਲਈ ਲੋੜੀਂਦਾ ਬਾਲਣ, ਬੱਚਿਆਂ ਨੂੰ ਸਿੱਖਿਆ, ਮੈਡੀਕਲ ਸਹੂਲਤਾਂ ਤੇ ਪੀਣ ਲਈ ਪਾਣੀ ਹੋਵੇਗਾ? ਦੇਸ਼ ਵਿੱਚ 85% ਹਿੰਦੂ ਅਬਾਦੀ ਹੈ। ਇਸਦਾ ਮਤਲਬ ਸਾਫ ਹੈ ਕਿ ਹਿੰਦੂ ਰਾਸ਼ਟਰ ਦੀ ਮੁਦਈ ਸਰਕਾਰ ਇਸ ਗੱਲ 'ਤੇ ਮੋਹਰ ਲਾਉਂਦੀ ਹੈ ਕਿ ਉਨ੍ਹਾਂ ਦੇ ਰਾਜ ਵਿੱਚ 70 ਕਰੋੜ ਹਿੰਦੂ ਆਬਾਦੀ ਅਤਿ ਦੀ ਗਰੀਬ ਹੈ। ਪਾਕਿਸਤਾਨ ਵਿੱਚ ਤਾਲਿਬਾਨੀ ਆਤੰਕੀਆਂ ਨੇ 100 ਤੋਂ ਵੱਧ ਲੋਕਾਂ (ਮੁਸਲਮਾਨਾਂ) ਦੀ ਜਾਨ ਲੈ ਲਈ। ਇਸਲਾਮਿਕ ਰਾਸ਼ਟਰ, ਹਿੰਦੂ ਰਾਸ਼ਟਰ ਦੇ ਚਾਹਵਾਨਾਂ ਨੂੰ ਰਾਹ ਦਿਖਾ ਰਿਹਾ ਹੈ। ਦੇਖਣਾ ਨਾ ਦੇਖਣਾ ਤੁਹਾਡੀ ਮਰਜ਼ੀ ਹੈ। "ਲਗੇਗੀ ਆਗ ਤੋ ਆਏਂਗੇ ਕਈ ਘਰ ਜ਼ਦ ਮੇਂ, ਯਹਾਂ ਪਰ ਸਿਰਫ ਹਮਾਰਾ ਮਕਾਨ ਥੋੜੀ ਹੈ?"

ਸਲਾਮ ਜ਼ਿੰਦਗੀ:




ਕਲਮ ਦਾ ਧਰਮ

ਕਲਾ ਦਾਸੀ ਨਹੀਂ ਹੁੰਦੀ। ਕਲਾ ਦਾ ਕਰਮ ਜਗਣਾ ਤੇ ਜਗਾਉਣਾ ਹੈ। ਸੱਚੀ ਸੁੱਚੀ ਕਲਾ ਨੂੰ ਖਰੀਦਿਆ ਨਹੀਂ ਜਾ ਸਕਦਾ। ਪ੍ਰਸਿੱਧ ਤਾਮਿਲ ਨਾਰੀਵਾਦੀ ਕਵਿੱਤਰੀ ਸੁਕੀਰਥਰਾਨੀ ਨੇ ਅਜਿਹਾ ਆਪਣੇ ਅਮਲਾਂ ਨਾਲ ਸਾਬਤ ਕਰ ਵਿਖਾਇਆ ਹੈ। ਦਾ ਨਿਊ ਇੰਡੀਅਨ ਐਕਸਪ੍ਰੈਸ ਵੱਲੋਂ ਦੇਸ਼ ਭਰ ਵਿੱਚੋਂ ਵੱਖ ਵੱਖ ਖੇਤਰਾਂ ਵਿੱਚ ਮੋਹਰੀ ਰਹਿਣ ਵਾਲੀਆਂ 12 ਔਰਤਾਂ ਨੂੰ ਵੱਕਾਰੀ ਅਦਬੀ 'ਦੇਵੀ ਪੁਰਸਕਾਰ' ਲਈ ਚੁਣਿਆ ਗਿਆ ਸੀ ਜਿੰਨ੍ਹਾਂ ਵਿੱਚ ਪ੍ਰਸਿੱਧ ਤਾਮਿਲ ਕਵਿੱਤਰੀ ਸੁਕੀਰਥਰਾਨੀ ਦਾ ਨਾਂ ਵੀ ਸ਼ਾਮਲ ਸੀ। ਜਿਸ ਦੇ 6 ਕਾਵਿ ਸੰਗ੍ਰਹਿ ਆ ਚੁੱਕੇ ਹਨ। ਉਸਦੀਆਂ ਕਵਿਤਾਵਾਂ ਤਾਮਿਲਨਾਡੂ ਦੇ ਕਾਲਿਜਾਂ ਦੇ ਸਿਲੇਬਸ ਵਿੱਚ ਸ਼ਾਮਲ ਹਨ ਜਿੰਨ੍ਹਾਂ ਦਾ ਅੰਗਰੇਜੀ, ਮਲਿਆਲਮ, ਕੰਨੜ, ਹਿੰਦੀ ਤੇ ਜਰਮਨ ਵਿੱਚ ਅਨੁਵਾਦ ਹੋ ਚੁੱਕਾ ਹੈ। ਭਾਰਤ, ਵਿਸ਼ੇਸ ਰੂਪ ਵਿੱਚ ਤਾਮਿਲਨਾਡੂ ਦੀਆਂ ਦਲਿਤ ਔਰਤਾਂ ਦੇ ਔਕੜਾਂ ਭਰੇ ਜੀਵਨ 'ਤੇ ਉਸ ਦਾ ਮਹੱਤਵਪੂਰਨ ਸਾਹਿਤਕ ਕੰਮ ਹੈ।

8 ਫ਼ਰਵਰੀ 2023 ਨੂੰ ਚੇਨਈ ਵਿਖੇ ਹੋਣ ਵਾਲ਼ੇ ਰਾਸ਼ਟਰੀ ਸਨਮਾਨ ਸਮਾਰੋਹ ਵਿੱਚ ਤਾਮਿਲ ਕਵਿੱਤਰੀ ਸੁਕੀਰਥਰਾਨੀ ਨੂੰ ਜਦ ਇਹ ਪਤਾ ਲੱਗਿਆ ਕਿ ਸਮਾਰੋਹ ਦਾ ਪ੍ਰਮੁੱਖ ਆਯੋਜਕ ਅਡਾਨੀ ਸਮੂਹ ਹੈ। ਉਸਨੇ ਪੂੰਜੀਪਤੀਆਂ ਦੀ ਚੌਧਰ ਹੇਠ ਹੋਣ ਵਾਲੇ ਸਮਾਰੋਹ ਵਿੱਚ ਜਾ ਕੇ ਪੁਰਸਕਾਰ ਲੈਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਸਮਾਗ਼ਮ ਵਿੱਚ ਹਿੱਸਾ ਲੈਣਾ ਮੇਰੀ ਲੇਖਣੀ, ਮੇਰੇ ਸਿਧਾਂਤਾਂ 'ਤੇ ਮੇਰੀ ਵਿਚਾਰਧਾਰਾ ਦੇ ਖਿਲਾਫ਼ ਹੈ। ਸੁਕੀਰਥਰਾਨੀ ਕਿੱਤੇ ਵਜੋਂ ਸਰਕਾਰੀ ਸਕੂਲ ਅਧਿਆਪਕਾ ਹੈ। ਵੱਕਾਰੀ ਪੁਰਸਕਾਰ ਲੈਣ ਤੋਂ ਇਨਕਾਰ ਕਰਨ ਦੇ ਫੈਸਲੇ ਨੇ ਉਸ ਦੀ ਪ੍ਰਤੀਬੱਧਤਾ ਨੂੰ ਜੱਗ ਜਾਹਰ ਕੀਤਾ ਹੈ। ਇਹੋ ਕਲਮ ਦਾ ਧਰਮ ਹੈ। **(ਸ੍ਰੋਤ: ਦਾ ਵਾਇਰ)**

ਚਾਨਣ ਦਾ ਛੱਟਾ



'ਤਰਕਸ਼ੀਲ' ਮੈਗਜ਼ੀਨ ਚੇਤਨਾ ਦਾ ਹਰਕਾਰਾ ਹੈ ਜਿਸ ਕੋਲ ਦੇਸ਼, ਵਿਦੇਸ਼ ਵਸਦਾ ਵੱਡਾ ਪਾਠਕ ਜਗਤ ਹੈ। ਗਿਆਨ ਰੂਪੀ ਚਾਨਣ ਨੂੰ ਫੈਲਾਉਣ ਵਾਲੇ ਸੈਂਕੜੇ ਤਰਕਸ਼ੀਲ ਕਾਮੇ ਹਨ। ਵਿਗਿਆਨਕ ਚੇਤਨਾ, ਗਿਆਨ, ਵਿਗਿਆਨ, ਸਿਹਤ, ਮਨੋਵਿਗਿਆਨ ਤੇ ਸਮਾਜਿਕ, ਰਾਜਨੀਤਿਕ ਮੁੱਦਿਆਂ ਦਾ ਗੰਭੀਰ ਵਿਸ਼ਲੇਸ਼ਣ ਕਰਨ ਵਾਲੇ ਇਸ ਮੈਗਜ਼ੀਨ ਨੂੰ ਵਧੇਰੇ ਪਾਠਕਾਂ ਤੱਕ ਪਹੁੰਚਾਉਣ ਦੀਆਂ ਹੋਰ ਬਹੁਤ ਸੰਭਾਵਨਾਵਾਂ ਹਨ। ਤਰਕਸ਼ੀਲ ਦਾ ਹਰ ਪਾਠਕ, ਹੋਰ ਪਾਠਕ ਨਾਲ ਜੋੜੇ। ਵਿਗਿਆਨਕ ਚੇਤਨਾ ਤੇ ਤਰਕਸ਼ੀਲ ਜੀਵਨ ਜਾਂਚ ਦੇ ਪਾਸਾਰ ਲਈ ਇਹ ਅਮਲ ਜਰੂਰੀ ਲੋੜੀਂਦਾ ਹੈ। ਇਹ ਭਰਮ ਮੁਕਤ ਸਮਾਜ ਤੇ ਸਾਵੀਂ ਸੁਖਾਵੀਂ ਜ਼ਿੰਦਗੀ ਲੋਚਦੇ ਹਰੇਕ ਵਿਅਕਤੀ ਦੀ ਜ਼ਿੰਮੇਵਾਰੀ ਹੈ। ਆਓ, ਹਰ ਦਰ 'ਤੇ ਤਰਕਸ਼ੀਲ਼ਤਾ ਦੇ ਚਾਨਣ ਦਾ ਛੱਟਾ ਦੇਣ ਲਈ ਸਾਬਤ ਕਦਮੀਂ ਤੁਰੀਏ।

ਤਰਕਸ਼ੀਲ ਸੁਸਾਇਟੀ ਪੰਜਾਬ ਦਾ
ਸੂਬਾਈ ਡੈਲੀਗੇਟ ਇਜਲਾਸ 30 ਅਪ੍ਰੈਲ 2023 (ਐਤਵਾਰ)

ਰਜਿਸਟ੍ਰੇਸ਼ਨ : ਸਵੇਰੇ 9 ਤੋਂ 11 ਵਜੇ ਤੱਕ

ਸੂਬਾ ਕਮੇਟੀ ਦੀ ਰਿਪੋਰਟ 'ਤੇ ਚਰਚਾ

ਨਵੇਂ ਸ਼ੈਸ਼ਨ 2023-25 ਦੀ ਚੋਣ

ਰਿਪੋਰਟ 'ਤੇ ਬਹਿਸ, ਸੁਆਲ-ਜੁਆਬ

ਸਨਮਾਨ ਸਮਾਰੋਹ

ਨੋਟ : ਇਜਲਾਸ ਵਿੱਚ 31 ਮਾਰਚ 2023 ਤੱਕ ਬਣੀਆਂ ਇਕਾਈਆਂ ਦੇ ਚੁਣੇ ਹੋਏ ਡੈਲੀਗੇਟ/ਦਰਸ਼ਕ ਹੀ ਭਾਗ ਲੈ ਸਕਣਗੇ।

ਜਿਲਦ ਨੰ. 24 ਰਜਿ. ਨੰ. PUNPUN/2000/05393 ਅੰਕ : 2

ਤਰਕਸ਼ੀਲ ਲਹਿਰ: ਵਧਦੇ ਕਦਮਾਂ ਦਾ ਸਫ਼ਰ



9 ਤੋਂ 11 ਜਨਵਰੀ 23 ਨੂੰ ਵਿਜੈ ਵਾੜਾ (ਆਂਧਰਾ ਪ੍ਰਦੇਸ਼) ਵਿਖੇ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਹਾਜਰ ਡੈਲੀਗੇਟ





ਭਾਰਤ ਦੀ ਤਰਕਸ਼ੀਲ ਲਹਿਰ ਦਾ ਮੁਲਾਂਕਣ ਕਰਨ "ਤਰਕਸ਼ੀਲ ਭਵਨ" ਪਹੁੰਚੇ ਫਰੀਡਮ ਫਰੌਮ ਰਿਲੀਜ਼ਨ ਫਾਊਂਡੇਸ਼ਨ ਦੇ ਉਪ ਪ੍ਰਧਾਨ ਡੈਨ ਬਾਰਕਰ ਤੇ ਸੰਚਾਰ ਨਿਰਦੇਸ਼ਕ ਅਮਿਤਾਭ ਪਾਲ ਨਾਲ ਹਾਜਰ ਸੂਬਾਈ ਆਗੂ।
1. ਮਹਿਮਾਨਾਂ ਦੇ ਸਨਮਾਨ ਦੀ ਝਲਕ 2. ਤਰਕਸ਼ੀਲ ਸਾਹਿਤ ਵੈਨ ਨਾਲ ਮਹਿਮਾਨ ਅਤੇ ਸੂਬਾਈ ਆਗੂ





ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਰੋਹ 2023 ਦੀਆਂ ਝਲਕਾਂ : ਯਾਦਗਾਰੀ ਸਨਮਾਨ ਤੇ ਹਾਜ਼ਰ ਦਰਸ਼ਕ

If undelivered please return to :

Tarksheel

Tarksheel Bhawan, Tarksheel Chowk,
Sanghera By Pass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....